
ਮੈ ਦਸਿਹੁ ਮਾਰਗੁ ਸੰਤਹੋ

ਪ੍ਰਭੂ ਦੇ ਮਾਰਗ ਦੀ ਪ੍ਰਾਪਤੀ ਲਈ ਅੱਠ ਅਨਮੋਲ ਜੁਗਤੀਆਂ



ਭਾਈ ਗੁਰਇਕਬਾਲ ਸਿੰਘ ਜੀ

ਮੁੱਖ ਦਫ਼ਤਰ : ਮਾਤਾ ਕੌਲਾਂ ਜੀ ਭਲਾਈ ਕੇਂਦਰ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।
ਫੋਨ : 0183-3292255, 98765-25850

ਮੈਂ ਦਸਿਹੁ ਮਾਰਗੁ ਸੰਤਹੋ

ੴ ਸਤਿਗੁਰ ਪ੍ਰਸਾਦਿ॥

ਮੈ ਦਸਿਹੁ ਮਾਰਗੁ ਸੰਤਹੋ

ਪ੍ਰਭੂ ਦੇ ਮਾਰਗ ਦੀ ਪ੍ਰਾਪਤੀ ਲਈ 8 ਅਨਮੋਲ ਜੁਗਤੀਆਂ

ਲੇਖਕ:

ਦਾਸਨ ਦਾਸ:- ਭਾਈ ਗੁਰਇਕਬਾਲ ਸਿੰਘ

An ISO 9001:2008 Certified Publishing House No. 101809-A01

ਪ੍ਰਕਾਸ਼ਕ:

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ISBN : 81-7601-702-7

ਅਠਵੀਂ ਐਡੀਸ਼ਨ 2012

ਮੁੱਲ : 130-00

An ISO 9001:2008 Certified Publishing House
No. 101809-A01

ਪ੍ਰਕਾਸ਼ਕ:

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ: (0183) 2542346, 2547974

ਫੈਕਸ : (0183) 5017488

E-mail : csjssales@hotmail.com
: csjspurchase@yahoo.com
: csjsexport@gmail.com

Visit our Website : www.csjs.com

ਪ੍ਰਿੰਟਰ :

ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 0183-2705003, 5095774

Printed in India

ਸਮਰਪਨ !

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਅਣਥੱਕ ਸੇਵਾ,

ਪੂਰਨ ਕਰਨੀ ਵਾਲਾ ਜੀਵਨ

ਤੇ ਸਿਰੇ ਦੀ ਗਰੀਬੀ ਕਮਾਉਣ ਵਾਲੇ

ਪੂਰਨ ਮਹਾਂ ਪੁਰਖ

ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੇ ਨਾਮ

ਤਤਕਰਾ

ਵਿਸ਼ਾ	ਪੰਨਾ
ਭੂਮਿਕਾ	8
ਪਹਿਲੀ ਜੁਗਤੀ {ਸਾਧਕ ਆਪਣੀ ਜ਼ਿੰਦਗੀ ਵਿਚ ਸਤਿਕਾਰ ਸਭ ਧਰਮਾਂ ਦਾ ਕਰੇ ਪਰ ਆਪਣੇ ਗੁਰੂ ਪਿਤਾ ਤੋਂ ਇਲਾਵਾ ਕਿਸੇ ਤੋਂ ਪ੍ਰਭਾਵਿਤ ਨਾ ਹੋਵੇ।}	11
ਦੂਸਰੀ ਜੁਗਤੀ {ਜੇ ਸਾਧਨਾ ਵੇਲੇ ਆਲਸ ਤੰਗ ਕਰੇ, ਮਨ ਅੱਕ ਜਾਵੇ ਤਾਂ ਢੰਗ ਬਦਲਾਈ ਜਾਵੇ ਪਰ ਸਾਧਨਾ ਨਾ ਛੱਡੇ}	25
ਤੀਸਰੀ ਜੁਗਤੀ {ਰੱਬ ਵਾਲੇ ਬੰਨੇ, ਗੁਰੂ ਵਾਲੇ ਬੰਨੇ ਜਿਤਨੇ ਕੰਮ ਕਰੇ ਉਹ ਸਾਰੇ ਕੰਮ ਵੈਰ-ਵਿਰੋਧ, ਈਰਖਾ-ਦਵੈਸ਼ ਤੋਂ ਉੱਪਰ ਉੱਠ ਕੇ ਕਰੇ, ਗੁਰੂ ਦੀ ਖੁਸ਼ੀ ਲੈਣ ਲਈ ਕਰੇ।}	34
ਚੌਥੀ ਜੁਗਤੀ {ਸਾਧਕ ਬੰਦਾ ਆਪਣੀ ਸਾਧਨਾ ਜਾਂ ਕਿਸੇ ਤਰ੍ਹਾਂ ਦੀ ਵੀ ਪ੍ਰਾਪਤੀ ਨੂੰ ਥਾਂ-ਥਾਂ ਨਾ ਦੱਸੇ।}	53
ਪੰਜਵੀਂ ਜੁਗਤੀ {ਕਿਸੇ ਤਰ੍ਹਾਂ ਦੇ ਘਰੇਲੂ ਮਾਹੌਲ ਦੀ ਰੁਕਾਵਟ ਦਾ ਨਿਮਰਤਾ ਪੂਰਵਕ ਜੁਗਤੀ ਨਾਲ ਮੁਕਾਬਲਾ ਕਰੀ ਜਾਵੇ ਪਰ ਸਾਧਨਾ ਨਾ ਛੱਡੇ।}	72
ਛੇਵੀਂ ਜੁਗਤੀ {ਰੱਬ ਵਾਲੇ ਪਾਸੇ ਜੋ ਵੀ ਕੰਮ ਕਰੇ, ਉਸ ਵਿਚ ਕਰਤਾਪਨ ਨਾ ਆਵੇ, ਸੇਵਕ ਬਣ ਕੇ ਕਰੇ!}	85
ਸਤਵੀਂ ਜੁਗਤੀ {ਵਿਅਰਥ ਦੀਆਂ ਗੱਲਾਂ ਸੁਣਨ ਤੇ ਕਰਨ ਤੇ ਨੇਤ੍ਰਾਂ ਨਾਲ ਵਿਅਰਥ ਵੇਖਣ ਤੇ ਪੜ੍ਹਨ 'ਤੇ ਕੰਟਰੋਲ ਕਰੇ।}	104
ਅਠਵੀਂ ਜੁਗਤੀ {ਪਰਮਾਰਥ ਦੇ ਕਿਸੇ ਵੀ ਨੇਮ ਨੂੰ ਬੋਝ ਪਾ ਕੇ ਨਾ ਕਰੇ, ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕਰੇ।}	120
ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਹੇਠ ਚੱਲ ਰਹੇ ਯੂਨਿਟਾਂ ਦਾ ਵੇਰਵਾ	152

ਅਸੀਸੜੀਆਂ



ਹਰ ਧਰਮੀ ਜੀਵ ਮਨੁੱਖ ਨੂੰ ਚੰਗਾ ਜੀਵਨ ਬਣਾਉਣ ਦਾ ਉਪਦੇਸ਼ ਦਿੰਦਾ ਹੈ। ਸਭ ਤੋਂ ਵੱਧ ਜ਼ੋਰ ਅਕਾਲ ਪੁਰਖ ਨਾਲ ਅਭੇਦ ਹੋਣ ਉੱਤੇ ਦਿੱਤਾ ਜਾਂਦਾ ਹੈ ਪਰ ਇਸ ਮਾਰਗ ਦੇ ਯੋਗ ਬਣਾਉਂਦਾ ਹੈ ਪ੍ਰਭੂ ਦਾ ਨਾਮ। ਇਸੇ ਕਰਕੇ ਗੁਰਬਾਣੀ ਵਿਚ ਮੁੜ-ਮੁੜ ਕੇ ਇਹੋ ਸਮਝਾਇਆ ਗਿਆ ਹੈ ਕਿ ਨਾਮ ਜਪੋ, ਪ੍ਰਭੂ ਦੇ ਗੁਣਾਂ ਨੂੰ ਹਿਰਦੇ ਵਿਚ ਵਸਾਉ:

ਕਵਨ ਸੰਜੋਗ ਮਿਲਉ ਪ੍ਰਭ ਅਪਨੇ॥
ਪਲੁ ਪਲੁ ਨਿਮਖ ਸਦਾ ਹਰਿ ਜਪਨੇ॥ (ਅੰਗ ੮੦੬)

ਪ੍ਰਭੂ-ਮਾਰਗ 'ਤੇ ਚੱਲਣ ਵਾਲੇ ਜਗਿਆਸੂਆਂ ਦੇ ਸਵਾਲ ਹੁੰਦੇ ਹਨ: 'ਸਿਮਰਨ ਕਿਵੇਂ ਕਰੀਏ? ਪ੍ਰਭੂ-ਪ੍ਰਾਪਤੀ ਕਿਵੇਂ ਹੋਵੇ?' ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਮੋਤੀਆਂ ਵਾਂਗ ਪਿਰੋਏ ਹੋਏ ਹਨ। ਮਹਾਂ ਪੁਰਖ ਇਸ ਗਿਆਨ-ਸਾਗਰ ਵਿਚ ਡੂੰਘੀ ਚੁੱਭੀ ਮਾਰ ਕੇ ਤੇ ਆਪ ਘਾਲਣਾ ਘਾਲ ਕੇ ਸਾਡੇ ਭਲੇ ਵਾਸਤੇ ਸੰਗਤ ਵਿਚ ਪ੍ਰਭੂ-ਪ੍ਰਾਪਤੀ ਦਾ ਮਾਰਗ ਦੱਸਦੇ ਹਨ। ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਇਹ ਪੁਸਤਕ "ਮੈ ਦਸਿਹੁ ਮਾਰਗੁ ਸੰਤਹੋ" ਲਿਖ ਕੇ ਨਾਮ-ਸਿਮਰਨ ਦੇ ਪਾਂਧੀਆਂ ਉੱਪਰ ਭਾਰੀ ਪਰਉਪਕਾਰ ਕੀਤਾ ਹੈ। ਸਾਡੀ ਅਰਦਾਸ ਹੈ ਕਿ ਇਹ ਪੁਸਤਕ ਪੜ੍ਹ ਕੇ ਗੁਰਸਿੱਖਾਂ ਅੰਦਰ ਪ੍ਰਭੂ-ਮਿਲਾਪ ਦਾ ਸ਼ੌਕ ਪੈਦਾ ਹੋਵੇ ਜਿਸ ਦੀ ਪ੍ਰਾਪਤੀ ਵਾਸਤੇ ਇਹ ਮਨੁੱਖਾ ਜਨਮ ਮਿਲਿਆ ਹੈ।

ਦਾਸ: ਬਾਬਾ ਕੁੰਦਨ ਸਿੰਘ ਜੀ ਦੇ ਸੇਵਕ

ਬਾਬਾ ਹਰਭਜਨ ਸਿੰਘ ਜੀ (ਨਾਨਕਸਰ ਕਲੇਰਾਂ

ਅਸੀਸੜੀਆਂ



ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਅਸੀਸ ਦਾ ਸਦਕਾ ਜੋ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਮੁੱਖ ਸੇਵਾਦਾਰ ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਜੋ 'ਮੈ ਦਸਿਹੁ ਮਾਰਗੁ ਸੰਤਹੋ" ਕਿਤਾਬ ਲਿਖਣ ਦਾ ਉਪਰਾਲਾ ਕੀਤਾ ਹੈ ਅਤਿ ਹੀ ਸ਼ਲਾਘਾਯੋਗ ਉੱਦਮ ਹੈ ਕਿਉਂਕਿ ਕਲਯੁਗ ਦੇ ਪਦਾਰਥਵਾਦੀ ਸੰਸਾਰ ਵਿਚ ਮਨ ਬਹੁਤ ਭਟਕਦਾ ਹੈ ਜਿਸ ਤਰ੍ਹਾਂ ਕਿ ਗੁਰਬਾਣੀ ਦਾ ਫੁਰਮਾਨ ਹੈ:

ਮਾਈ ਮਨੁ ਮੇਰੋ ਬਸਿ ਨਾਹਿ॥

ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ ॥

(ਅੰਗ ੬੩੨)

ਇਸ ਅਕਟ ਫੁਰਮਾਨ ਅਨੁਸਾਰ ਮਨੁੱਖੀ ਮਨ ਟਿਕਦਾ ਨਹੀਂ। ਇਸ ਪੁਸਤਕ ਵਿਚ ਮਨ ਨੂੰ ਟਿਕਾਉਣ ਵਾਸਤੇ ਵੱਖ-ਵੱਖ ਜੁਗਤੀਆਂ ਚੁਣੀਆਂ ਹਨ ਅਤੇ ਮਹਾਂ ਪੁਰਸ਼ਾਂ ਦੇ ਜੀਵਨ ਦੀਆਂ ਉਦਾਹਰਣਾਂ ਦਿੱਤੀਆਂ ਹਨ। ਜਿਨ੍ਹਾਂ ਨੇ ਮਨ ਇਕਾਗਰ ਕਰ ਕੇ ਨਾਮ ਨਾਲ ਜੋੜਿਆ ਮੇਰੀ ਗੁਰੂ-ਚਰਨਾਂ ਵਿਚ ਅਰਦਾਸ ਹੈ ਅਕਾਲ ਪੁਰਖ ਇਨ੍ਹਾਂ ਨੂੰ ਗੁਰਮਤਿ ਪ੍ਰਚਾਰ ਕਰਨ ਅਤੇ ਪਰਉਪਕਾਰ ਕਰਨ ਦੀ ਬਖਸ਼ਿਸ਼ ਕਰਨ, ਜਗਿਆਸੂ ਇਸ ਪੁਸਤਕ "ਮੈ ਦਸਿਹੁ ਮਾਰਗੁ ਸੰਤਹੋ" ਨੂੰ ਪੜ੍ਹ ਕੇ ਜੀਵਨ-ਜਾਚ ਅਪਨਾਉਣ।

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ

(ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ)

ਅਸੀਸੜੀਆਂ



ਸਿੱਖ ਧਰਮ ਸ਼ਰਧਾ ਅਤੇ ਵਿਸ਼ਵਾਸ ਦਾ ਧਰਮ ਹੈ। ਪਰ ਸ਼ਰਧਾ ਜਾਂ ਸੁਣ ਕੇ ਆਉਂਦੀ ਹੈ ਜਾਂ ਪੜ੍ਹ ਕੇ ਆਉਂਦੀ ਹੈ। ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਰੱਬੀ ਕੀਰਤਨ ਸਾਰੇ ਸੰਸਾਰ ਵਿਚ ਸੁਣਾ ਕੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਨਾਲ ਹੀ ਗੁਰੂ ਹਰਿਰਾਏ ਸਾਹਿਬ ਪਾਤਸ਼ਾਹ ਜੀ ਦੀ ਸੋਚ ਮੁਤਾਬਿਕ ਸਰੀਰ ਕਰਕੇ ਮਰੀਜ਼ਾਂ ਅਤੇ ਦੁਖੀ ਲੋਕਾਂ ਲਈ ਇਕ ਵੱਡੇ ਹਸਪਤਾਲ ਦੀ ਸ਼ੁਰੂਆਤ ਕਰਕੇ (ਮਾਤਾ ਕੌਲਾਂ ਜੀ ਬੰਦੀ ਛੋੜ ਚੈਰੀਟੇਬਲ ਹਸਪਤਾਲ) ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਇਨ੍ਹਾਂ ਨੇ ਨਵਾਂ ਮੀਲ-ਪੱਥਰ ਸਥਾਪਿਤ ਕੀਤਾ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਭਾਈ ਸਾਹਿਬ ਜੀ ਨੂੰ ਸਤਿਗੁਰੂ ਜੀ ਨੇ ਇਕ ਹੋਰ ਨਵੀਂ ਸੋਚ "ਮੈ ਦਸਿਹੁ ਮਾਰਗੁ ਸੰਤਹੋ" ਪੁਸਤਕ ਲਿਖਣ ਦਾ ਸੁਭਾਗ ਸਮਾਂ ਬਖਸ਼ਿਆ ਹੈ।

ਪ੍ਰਭ ਜੀ ਬਸਹਿ ਸਾਧ ਕੀ ਰਸਨਾ॥

(ਅੰਗ ੨੬੩)

ਜਿਨ੍ਹਾਂ ਦੀ ਰਸਨਾ 'ਤੇ ਗੁਰੂ ਰਾਮਦਾਸ ਸਾਹਿਬ ਜੀ ਦਾ ਵਾਸਾ ਹੈ। ਉਨ੍ਹਾਂ ਦੇ ਹੱਥਾਂ ਦੀ ਕਲਮ ਦੇ ਵਿਚ ਵੀ ਸਤਿਗੁਰੂ ਕ੍ਰਿਪਾ ਕਰਨ। ਇਹ ਦਾਸ ਦੀ ਅਰਦਾਸ ਹੈ।

ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ
(ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ)

ੴ ਸਤਿਗੁਰ ਪ੍ਰਸਾਦਿ॥

ਭੂਮਿਕਾ

ਸੰਸਾਰ ਮਿਥਿਆ ਹੈ, ਪ੍ਰਮੇਸ਼ਰ ਹੀ ਸਤ ਹੈ। ਮਿਥਿਆ ਵਿਚ ਰਹਿੰਦੇ ਹੋਏ ਸਤ ਦੀ ਪ੍ਰਾਪਤੀ ਕਰਨੀ ਹੈ। ਸਾਡੇ ਜੀਵਨ ਦਾ ਅਸਲੀ ਮੰਤਵ ਹੈ 'ਪ੍ਰਮੇਸ਼ਰ ਦੀ ਪ੍ਰਾਪਤੀ'। ਪਰਵਾਰ ਪਾਲਨਾ ਸਾਡਾ ਧਰਮ ਹੈ, ਇਹ ਵੀ ਸਾਡਾ ਫਰਜ਼ ਹੈ, ਪਰ ਅਸੀਂ ਪਰਵਾਰ ਪਾਲਣ ਦੇ ਫਰਜ਼ ਵਿਚ, ਆਪਣੇ ਅਸਲੀ ਫਰਜ਼ ਨੂੰ ਨਹੀਂ ਭੁੱਲਣਾ। ਕਿਧਰੇ ਸਾਡੀ ਜ਼ਿੰਦਗੀ ਮੋਹ-ਮਮਤਾ ਤੇ ਵਿਕਾਰਾਂ ਵਿਚ ਹੀ ਨਾ ਬਤੀਤ ਹੋ ਜਾਵੇ। ਕਿਧਰੇ ਐਸਾ ਨਾ ਹੋਵੇ ਕਿ ਸਾਡਾ ਸਰੀਰ ਤੇ ਸਫਰ ਤਹਿ ਕਰ ਲਵੇ ਉਮਰ ਭੋਗ ਕੇ, ਪਰ ਆਤਮਾ, ਆਪਣੇ ਅੰਤਮ ਪੜਾਅ ਨੂੰ ਪ੍ਰਾਪਤ ਹੀ ਨਾ ਕਰ ਸਕੇ।

ਧਰਤੀ 'ਤੇ ਬਹੁਤ ਸਾਰੇ ਮਨੁੱਖ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦੀ ਜ਼ਿੰਦਗੀ ਵਿਚ ਨਾਮ-ਸਿਮਰਨ, ਬੰਦਗੀ ਗੁਰੂ ਦੀ ਉਸਤਤ ਹੈ ਹੀ ਨਹੀਂ, ਜਿਨ੍ਹਾਂ ਨੂੰ ਪਤਾ ਹੀ ਨਹੀਂ ਕਿ ਮਨੁੱਖਾ ਜਨਮ ਕਿਸ ਲਈ ਮਿਲਿਆ ਹੈ। ਜਿਨ੍ਹਾਂ 'ਤੇ ਪ੍ਰਭੂ ਦੀ, ਸਤਿਗੁਰੂ ਦੀ ਕ੍ਰਿਪਾ ਹੋਵੇ, ਉਨ੍ਹਾਂ ਨੂੰ ਹੀ ਇਸ ਰਸਤੇ 'ਤੇ ਤੁਰਨ ਦੀ ਲਗਨ ਲੱਗਦੀ ਹੈ। ਉਨ੍ਹਾਂ ਦੇ ਤਾਂ ਬਹੁਤ ਹੀ ਮੰਦੇ ਭਾਗ ਜਿਨ੍ਹਾਂ ਨੂੰ ਇਸ ਰਸਤੇ 'ਤੇ ਤੁਰਨ ਦਾ ਚਾਅ ਹੀ ਨਾ ਚੜ੍ਹੇ। ਉਨ੍ਹਾਂ ਦੇ ਬਹੁਤ ਹੀ ਚੰਗੇ ਭਾਗ ਜਿਨ੍ਹਾਂ ਨੂੰ ਇਸ ਰਸਤੇ 'ਤੇ ਤੁਰਨ ਦਾ ਚਾਅ ਚੜ੍ਹਿਆ ਹੈ, ਪਰ ਪ੍ਰਮੇਸ਼ਰ ਦੀ ਪ੍ਰਾਪਤੀ ਚਤੁਰਾਈਆਂ ਤੇ ਸਿਆਣਪਾਂ ਨਾਲ ਨਹੀਂ ਹੁੰਦੀ। ਉਹ ਧਨ-ਦੌਲਤ ਨਾਲ ਨਹੀਂ ਮਿਲਦਾ। ਉਹ 'ਕੇਵਲ' ਧਾਰਮਿਕ ਅਸਥਾਨਾਂ 'ਤੇ ਜਾਣ ਨਾਲ, ਮੱਥੇ ਟੇਕਣ ਨਾਲ, ਪ੍ਰਸ਼ਾਦ ਚੜ੍ਹਾਉਣ ਨਾਲ ਜਾਂ ਪੂਜਾ-ਪਾਠ ਨਾਲ ਨਹੀਂ ਮਿਲਦਾ। 'ਕੇਵਲ' ਨਾਮ ਜਪਣ ਤੇ ਸੇਵਾ ਕਰਨ ਨਾਲ ਹੀ ਗੱਲ ਨਹੀਂ ਬਣੇਗੀ। ਇਹ ਪੂਜਾ ਪਾਠ, ਨਾਮ ਸੇਵਾ ਸਭ ਕਰਨਾ ਹੈ, ਪਰ ਜੁਗਤੀ ਨਾਲ ਕਰਨਾ ਹੈ। ਬਾਗ ਹੋਵੇ, ਲੈ ਆਓ ਤੁਸੀਂ ਜਾ ਕੇ ਬਜ਼ਾਰ ਵਿੱਚੋਂ ਬੀਜ ਕਣਕ ਦੇ, ਝੋਨੇ ਦੇ ਜਾਂ ਕੋਈ ਵੀ ਹੋਰ, ਲਿਆ ਕੇ ਸੁੱਟ ਦਿਓ ਸਾਰੇ ਬਾਗ ਵਿਚ, ਕੀ ਉਹ ਉੱਗ ਪੈਣਗੇ? ਜੇ ਉਗਾਉਣੇ ਹਨ ਤੇ ਧਰਤੀ ਸੋਧਣੀ ਪਵੇਗੀ, ਇਸ ਨੂੰ ਵਾਹੁਣਾ ਪਵੇਗਾ, ਵੱਟ ਲਾਉਣੀ

ਪਵੇਗੀ, ਗੋਡੀ ਕਰਨੀ ਪਵੇਗੀ, ਢੰਗ ਨਾਲ ਬੀਜ ਪਾਉਣਾ ਪਵੇਗਾ, ਫੇਰ ਉਹ ਅਨੰਤ ਫਲ ਦੇਵੇਗਾ।

ਸਾਨੂੰ ਇਹ ਪਤਾ ਤੇ ਲੱਗ ਗਿਆ, ਅਸੀਂ ਇਹ ਸਮਝ ਤੇ ਲਿਆ ਕਿ ਸਾਡੀ ਮੰਜ਼ਿਲ ਕੀ ਹੈ, ਪਰ ਜੇ ਅਸੀਂ ਕੇਵਲ ਮੰਜ਼ਿਲ ਨੂੰ ਪੁਕਾਰਦੇ ਹੀ ਰਹਾਂਗੇ ਤੇ ਰਸਤੇ ਵੱਲ ਧਿਆਨ ਨਹੀਂ ਦੇਵਾਂਗੇ ਤਾਂ ਕਿਸੇ ਵੀ ਸੂਰਤ ਵਿਚ ਮੰਜ਼ਿਲ 'ਤੇ ਨਹੀਂ ਪਹੁੰਚ ਸਕਾਂਗੇ। ਮੰਜ਼ਿਲ ਉੱਤੇ ਸਾਡਾ ਧਿਆਨ ਰਹਿਣਾ ਚਾਹੀਦਾ ਹੈ ਪਰ ਰਸਤੇ ਦਾ ਵੀ ਪੂਰਾ ਖਿਆਲ ਰੱਖਣਾ ਪਵੇਗਾ। ਜੇ ਸਾਡੀ ਇੱਛਾ ਹੈ ਮੰਜ਼ਿਲ 'ਤੇ ਪਹੁੰਚਣ ਦੀ ਤਾਂ ਪਹਿਲੇ ਮਾਰਗ ਨੂੰ ਠੀਕ ਕਰਨਾ ਪਵੇਗਾ। ਰਸਤੇ ਦੀ ਵੀ ਆਪਣੀ ਹੀ ਕੀਮਤ ਹੈ। ਜੇ ਰਸਤਾ ਹੀ ਠੀਕ ਨਹੀਂ, ਭਟਕਿਆ ਹੋਇਆ ਮਾਰਗ ਹੈ ਤਾਂ ਮੰਜ਼ਿਲ 'ਤੇ ਕਿਵੇਂ ਪਹੁੰਚਾਂਗੇ? ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਰਸਤੇ ਨੂੰ ਸਮਝਣਾ ਪਵੇਗਾ। ਜਿਵੇਂ, ਜੇ ਅਸੀਂ ਬੇੜੀ ਵਿਚ ਬੈਠ ਕੇ ਨਦੀ ਪਾਰ ਜਾ ਰਹੇ ਹਾਂ, ਸਾਨੂੰ ਪਤਾ ਹੈ ਸਾਡੀ ਮੰਜ਼ਿਲ ਕੀ ਹੈ, ਅਸੀਂ ਕਿੱਥੇ ਪਹੁੰਚਣਾ ਹੈ ਪਰ ਜੇ ਅਸੀਂ ਬੇੜੀ ਨੂੰ ਚਲਾਵਾਂਗੇ ਹੀ ਨਹੀਂ ਤਾਂ ਮੰਜ਼ਿਲ 'ਤੇ ਕਿਵੇਂ ਪਹੁੰਚਾਂਗੇ? ਮੰਜ਼ਿਲ 'ਤੇ ਪਹੁੰਚਣ ਲਈ ਸਾਨੂੰ ਇਹ ਵੀ ਧਿਆਨ ਰੱਖਣਾ ਪਵੇਗਾ ਕਿ ਕਿਧਰੇ ਸਾਡੀ ਬੇੜੀ ਘੁੰਮਣ-ਘੇਰੀਆਂ ਵਿਚ ਹੀ ਨਾ ਫਸ ਜਾਵੇ।

ਕੋਈ ਆਮ ਦੁਨਿਆਵੀ ਕੰਮ ਵੀ ਕਰਨਾ ਹੋਵੇ ਤਾਂ ਵੀ ਜੁਗਤੀ ਦੀ ਲੋੜ ਹੈ। ਜਿਵੇਂ ਦੁੱਧ ਵਿਚ ਘਿਉ ਹੈ ਪਰ ਪ੍ਰਾਪਤੀ ਲਈ ਜੁਗਤੀ ਦੀ ਲੋੜ ਹੈ ਤਿਵੇਂ ਹੀ ਪਰਮਾਤਮਾ ਘਟ-ਘਟ ਵਿਆਪਕ ਹੈ ਪਰ ਪ੍ਰਾਪਤੀ ਲਈ ਜੁਗਤੀ ਦੀ ਲੋੜ ਹੈ। ਇਹ ਜੁਗਤੀਆਂ ਕਿੱਥੋਂ ਮਿਲਣਗੀਆਂ? ਇਹ ਜੁਗਤੀਆਂ ਮਿਲਣਗੀਆਂ ਸਤਿਪੁਰਸ਼ਾਂ ਕੋਲੋਂ, ਮਹਾਂ ਪੁਰਸ਼ਾਂ ਕੋਲੋਂ। ਨਾਮ ਜਪਣ ਤੇ ਸੇਵਾ ਕਰਨ ਦੇ ਨਾਲ-ਨਾਲ ਇਸ ਨੂੰ ਜੁਗਤੀ ਨਾਲ ਸੰਭਾਲੀਏ ਤਾਂ ਗੱਲ ਬਣੇਗੀ। ਜੇ ਪੱਲੇ ਜੁਗਤੀ ਨਹੀਂ ਤਾਂ ਇਕ ਪਾਸੇ ਭਾਂਡਾ ਭਰਦੇ ਜਾਂਦੇ ਹਾਂ ਤੇ ਦੂਜੇ ਪਾਸੇ ਡੁੱਲ੍ਹਦਾ ਜਾਂਦਾ ਹੈ।

ਬਾਬਾ ਜੀ ਬਚਨ ਕਰਦੇ ਸੀ, ਕੋਹਲੂ ਦਾ ਬੈਲ ਕਿੰਨੇ ਮੀਲ ਸਫਰ ਤਹਿ ਕਰਦਾ ਹੈ! ਉਹ ਸਿਰਫ ਕੋਹਲੂ ਦੇ ਆਸ-ਪਾਸ ਹੀ ਘੁੰਮਦਾ ਹੈ ਤੇ ਸ਼ਾਮ ਨੂੰ ਸੋਚਦਾ ਹੈ, ਮੈਂ ਕਿੰਨਾ ਪੈਂਡਾ ਕਰ ਲਿਆ ਹੈ! ਪਰ ਹੁੰਦਾ ਉਥੇ ਦਾ ਉਥੇ ਹੀ ਹੈ। ਇਸੇ ਤਰ੍ਹਾਂ ਕਈਆਂ ਨੇ ਇਸ ਸਫਰ 'ਤੇ ਪੈਰ ਧਰਿਆ ਪਰ ਜੁਗਤੀ ਨਾ ਹੋਣ ਕਾਰਨ, ਇਕ ਪਾਸੇ ਭਾਂਡੇ ਵਿਚ ਖਜ਼ਾਨਾ ਪਾਇਆ, ਦੂਜੇ ਪਾਸੇ ਡੁੱਲ੍ਹਦਾ

ਗਿਆ, ਕੰਮ ਉਥੇ ਦਾ ਉਥੇ। ਬਾਬਾ ਨੰਦ ਸਿੰਘ ਜੀ ਦੇ ਬਚਨ ਹਨ, ਨਾਮ ਜਪਣ ਵਾਲਾ, ਸੇਵਾ ਕਰਨ ਵਾਲਾ ਵੱਡਾ ਨਹੀਂ, ਵੱਡਾ ਹੈ ਸੇਵਾ ਕਰ ਕੇ, ਨਾਮ ਜਪ ਕੇ ਉਸ ਨੂੰ ਸੰਭਾਲਣ ਵਾਲਾ। ਕਈ ਤਾਂ ਤੁਰੇ ਹੀ ਨਹੀਂ, ਤੇ ਕਈ ਤੁਰੇ ਪਰ ਕੋਹਲੂ ਦੇ ਬੈਲ ਦੀ ਤਰ੍ਹਾਂ। ਭਾਂਡਾ ਭਰਿਆ, ਅੱਧਾ ਘੰਟਾ 'ਨਿੰਦਿਆ' ਹੋ ਗਈ, ਭਾਂਡਾ ਫਿਰ ਖਾਲੀ, ਜੇ 'ਮੈਂ' ਆ ਗਈ, ਭਾਂਡਾ ਤਾਂ ਵੀ ਖਾਲੀ।

ਧਾਰਮਿਕ ਜਗਤ ਵਿਚ ਕੰਮ ਕਰਨ ਲਈ ਦੁਨਿਆਵੀ ਕੰਮਾਂ ਤੋਂ ਕਈ ਗੁਣਾ ਵੱਧ ਸਮਝ ਦੀ ਲੋੜ ਹੈ ਸਤਿਸੰਗ ਦੀ, ਮਹਾਂ ਪੁਰਸ਼ਾਂ ਦੇ ਬਚਨਾਂ ਨੂੰ ਪੜ੍ਹਨ-ਸੁਣਨ ਦੀ। ਏਸ ਕਰਕੇ ਲੋੜ ਹੈ ਤਾਂ ਕਿ ਉਹ ਸਮਝ ਪ੍ਰਾਪਤ ਹੋ ਸਕੇ। ਸਾਡੇ ਵਿੱਚੋਂ ਬਹੁਤ ਸਾਰਿਆਂ ਦੀ ਸੇਵਾ, ਦਾਨ, ਕੀਰਤਨ, ਨਾਮ ਜਪਣਾ ਜੁਗਤੀ 'ਤੇ ਨਹੀਂ ਖੜ੍ਹਾ। ਸੇਵਾ ਕੀਤੀ ਜਾ ਰਹੀ ਹੈ, ਪਰ ਜੁਗਤੀ ਤੋਂ ਬਿਨਾਂ, ਨਾਮ ਜਪਿਆ ਜਾ ਰਿਹਾ ਹੈ। ਪ੍ਰਭੂ-ਪ੍ਰਾਪਤੀ ਦਾ ਰਸਤਾ ਉਹੀ ਦੱਸ ਸਕਦਾ ਹੈ, ਜਿਹੜਾ ਇਸ ਰਸਤੇ 'ਤੇ ਤੁਰ ਕੇ ਆਪ ਪਹੁੰਚਿਆ ਹੈ। ਉਹ ਦੱਸੇਗਾ ਕਿ ਕਿਹੜੀਆਂ ਮੁਸ਼ਕਲਾਂ ਆਉਂਦੀਆਂ ਹਨ ਕਿਉਂਕਿ ਉਹ ਰਸਤੇ ਦਾ ਜਾਣੂ ਹੈ।

ਪ੍ਰਭੂ-ਪ੍ਰਾਪਤੀ ਦੇ ਰਸਤੇ ਵਿਚ ਬਹੁਤ ਸਾਰੀਆਂ ਕਠਿਨਾਈਆਂ ਆਉਂਦੀਆਂ ਹਨ ਕਿਉਂਕਿ ਜਿਤਨੀ ਵੀ ਕੋਈ 'ਸ਼ੈਅ' ਕੀਮਤੀ ਹੋਵੇ ਉਸ ਦੀ ਪ੍ਰਾਪਤੀ ਉਤਨੀ ਹੀ ਕਠਿਨ ਹੁੰਦੀ ਹੈ। ਜੇ ਵਿਧੀਪੂਰਵਕ ਰਸਤਾ ਸਮਝ ਕੇ ਚੱਲਾਂਗੇ ਤਾਂ ਮੰਜ਼ਿਲ ਦੀ ਪ੍ਰਾਪਤੀ ਸੰਭਵ ਤੇ ਅਸਾਨ ਹੋ ਜਾਵੇਗੀ। ਜਿਹੜੇ ਏਸ ਮਾਰਗ 'ਤੇ ਤੁਰੇ ਹਨ ਉਹ ਦੱਸਦੇ ਹਨ, ਕਿਵੇਂ ਚੱਲਣਾ ਹੈ, ਕੀ ਕਠਿਨਾਈਆਂ ਹਨ, ਕੀ ਪ੍ਰਹੇਜ਼ ਰੱਖ। ਜੇ ਵਾਕਈ ਹੀ ਭਗਤੀ ਦੇ ਮਾਰਗ 'ਤੇ ਤੁਰਨ ਦਾ ਸ਼ੌਕ ਹੈ ਤਾਂ ਰਾਮ ਪਿਆਰਿਆਂ ਦੀਆਂ ਅੱਠ ਜੁਗਤੀਆਂ ਦਾ ਵੇਰਵੇ ਸਹਿਤ ਜੋ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਇਸ ਪੁਸਤਕ "ਮੈ ਦਸਿਹੁ ਮਾਰਗੁ ਸੰਤਹੋ" ਵਿਚ ਵਰਣਨ ਕੀਤਾ ਹੈ, ਬਹੁਤ ਸਾਰੀਆਂ ਸੰਗਤਾਂ ਪ੍ਰੇਮੀ-ਜਨਾਂ ਨੂੰ ਨਾਮ, ਸੇਵਾ ਸਿਮਰਨ ਦੀ ਕਮਾਈ ਸੰਭਾਲਣੀ ਕਿਵੇਂ ਹੈ, ਇਸ ਪੁਸਤਕ ਨੂੰ ਪੜ੍ਹ ਕੇ ਇਸ ਬਾਰੇ ਪਤਾ ਚੱਲੇਗਾ ਤੇ ਬਹੁਤ ਵੱਡਾ ਲਾਭ ਪ੍ਰਾਪਤ ਹੋਵੇਗਾ।

ਬੀਬੀ ਹਰਵੀਨ ਕੌਰ
321, ਗਰੀਨ ਐਵੀਨਿਊ
ਸ੍ਰੀ ਅੰਮ੍ਰਿਤਸਰ

ਪਹਿਲੀ ਜੁਗਤੀ

"੧. ਸਾਧਨਾ ਕਰਨ ਵਾਲੇ ਬੰਦੇ ਲਈ ਪਹਿਲੀ ਜੁਗਤੀ ਹੈ ਕਿ ਸਾਧਕ ਆਪਣੀ ਜ਼ਿੰਦਗੀ ਵਿਚ ਸਤਿਕਾਰ ਸਭ ਧਰਮਾਂ ਦਾ ਕਰੇ ਪਰ ਆਪਣੇ ਗੁਰੂ ਪਿਤਾ ਤੋਂ ਇਲਾਵਾ ਕਿਸੇ ਤੋਂ ਪ੍ਰਭਾਵਿਤ ਨਾ ਹੋਵੇ।"

ਕੋਈ ਲੜਕੀ ਵਿਆਹੀ ਜਾਵੇ, ਉਹ ਆਪਣੇ ਸਹੁਰੇ ਘਰ ਵਿਚ ਜਾ ਕੇ ਆਪਣੇ ਪਤੀ ਦਾ ਤੇ ਬਹੁਤ ਸਤਿਕਾਰ ਕਰੇ ਪਰ ਆਪਣੇ ਜੇਠ, ਜੇਠਾਣੀ, ਸੱਸ-ਸਹੁਰੇ, ਦਿਓਰ ਨੂੰ ਬਿਲਕੁਲ ਹੀ ਪਿੱਛੇ ਛੱਡ ਦੇਵੇ, ਉਨ੍ਹਾਂ ਦੀ ਇੱਜ਼ਤ ਹੀ ਨਾ ਕਰੇ, ਉਸ ਨੂੰ ਵੀ ਗਲਤ ਕਹਿੰਦੇ ਹਨ। ਪਤੀ ਨੂੰ ਜੋ ਜਗ੍ਹਾ ਹਿਰਦੇ ਵਿਚ ਦੇਣੀ ਹੈ, ਉਹ ਕਿਸੇ ਹੋਰ ਨੂੰ ਨਹੀਂ ਪਰ ਇਹ ਨਹੀਂ ਕਿ ਬਾਕੀਆਂ ਦਾ ਸਤਿਕਾਰ ਹੀ ਨਹੀਂ ਕਰਨਾ। ਵਿਆਹ ਤਾਂ ਪਤੀ ਨਾਲ ਹੋਇਆ ਹੈ, ਆਪਣਾ ਆਪ ਉਸ ਉੱਤੇ ਨਿਛਾਵਰ ਕਰਨਾ ਹੈ, ਉਸ ਦੇ ਹੁਕਮ ਵਿਚ ਰਹਿਣਾ ਹੈ ਪਰ ਜਿੱਥੇ ਪਤੀ ਨੂੰ ਪ੍ਰਮੇਸ਼ਰ ਕਰਕੇ ਜਾਨਣਾ ਹੈ ਉਥੇ ਬਾਕੀਆਂ ਦਾ ਸਤਿਕਾਰ ਕਰਨਾ ਵੀ ਉਸ ਦਾ ਫਰਜ਼ ਹੈ। ਪਤੀ ਨੂੰ ਜੋ ਜਗ੍ਹਾ ਹਿਰਦੇ ਵਿਚ ਦੇਣੀ ਹੈ ਉਹ ਕਿਸੇ ਹੋਰ ਨੂੰ ਨਹੀਂ ਪਰ ਇਹ ਨਹੀਂ ਕਿ ਬਾਕੀ ਪਰਵਾਰ ਵਾਲਿਆਂ ਦਾ ਸਤਿਕਾਰ ਹੀ ਨਹੀਂ ਕਰਨਾ ਜਾਂ ਉਨ੍ਹਾਂ ਦੀ ਨਿਰਾਦਰੀ ਕਰਨੀ ਹੈ। ਜੇ ਬਾਕੀਆਂ ਦਾ ਸਤਿਕਾਰ ਨਾ ਕਰੇ ਤਾਂ ਪਤੀ ਦੀ ਵੀ ਪੂਰੀ ਪ੍ਰਸੰਨਤਾ ਨਹੀਂ ਲੈ ਸਕਦੀ।

ਅਨਜਾਣ ਬੰਦਾ ਕਈ ਵਾਰੀ ਦੂਜੇ ਅਵਤਾਰਾਂ ਦੀ ਨਿੰਦਿਆ ਕਰ ਬੈਠਦਾ ਹੈ। ਆਪਣੇ ਗੁਰੂ ਤੋਂ ਬਿਨਾਂ ਕਿਸੇ ਦੂਜੇ ਧਰਮ ਵਾਲੇ ਤੋਂ ਪ੍ਰਭਾਵਿਤ ਵੀ ਨਹੀਂ ਹੋਣਾ ਤੇ ਉਸ ਦੀ ਨਿੰਦਿਆ ਵੀ ਨਹੀਂ ਕਰਨੀ, ਨਹੀਂ ਤਾਂ ਗੱਲ ਵਿਗੜ ਜਾਵੇਗੀ। ਸਿੱਖ, ਬੇਸ਼ੱਕ ਮੰਦਿਰ ਅੱਗੋਂ ਲੰਘੇ ਜਾਂ ਮਸਜਿਦ ਅੱਗੋਂ ਜਾਂ ਗਿਰਜਾ ਘਰ ਅੱਗੋਂ, ਮਨ ਵਿਚ ਸਤਿਕਾਰ ਹੋਵੇ, ਇਹ ਵੀ ਪ੍ਰਭੂ ਦੇ ਘਰ ਨੇ, ਸਤਿਕਾਰ ਨਾਲ ਲੰਘੋ, ਇਕ ਕਦਮ ਵੀ ਮਾੜੀ ਸੋਚ ਸੋਚਦਿਆਂ ਨਾ ਪੁੱਟੇ। ਜੋ ਵੀ ਕਿਸੇ

ਰੰਗ ਵਿਚ ਵੀ ਪ੍ਰਭੂ ਨੂੰ ਧਿਆ ਰਿਹਾ ਹੈ ਸਭ ਦਾ ਸਤਿਕਾਰ ਕਰੇ। ਕਈ, ਦਿਨ ਦੇ ੫੦-੫੦ ਪਾਠ ਸ੍ਰੀ ਜਪੁਜੀ ਸਾਹਿਬ ਜੀ, ਕਿੰਨੇ-ਕਿੰਨੇ ਪਾਠ ਸੁਖਮਨੀ ਸਾਹਿਬ ਦੇ ਕਰਨਗੇ ਨੇਮ ਨਾਲ, ਪਰ ਕਈ ਵਾਰੀ ਗੱਲਾਂ-ਗੱਲਾਂ ਵਿਚ ਦੂਜੇ ਧਰਮ ਵਾਲੇ ਦੀ ਨਿੰਦਿਆ ਕਰ ਦੇਂਦੇ ਹਨ। ਗੁਰੂ ਸਾਹਿਬਾਂ ਦੇ ਇਤਿਹਾਸ ਤੋਂ ਸੇਧ ਲੈਣੀ ਹੈ ਕਿ ਉਹ ਕੀ ਸਮਝਾ ਰਹੇ ਹਨ ਤੇ ਅਸੀਂ ਕਿੱਥੇ ਖੜ੍ਹੇ ਹਾਂ।

'ਗੁਰੂ ਨਾਨਕ ਸਾਹਿਬ', ਜਦੋਂ ਦੁਨੀਆਂ ਨੂੰ ਤਾਰਨ ਲਈ ਨਿਕਲੇ, ਆਪਣੇ ਨਾਲ ਇਕ ਹਿੰਦੂ ਨੂੰ ਰੱਖਿਆ ਤੇ ਇਕ ਮੁਸਲਮਾਨ ਨੂੰ। ਜੇ ਅੰਦਰ ਹੁੰਦੀ ਕੋਈ ਐਸੀ ਗੱਲ ਤਾਂ ਕਹਿੰਦੇ, ਸਿੱਖ ਨੂੰ ਰੱਖਦੇ ਹਾਂ ਨਾਲ! ਜਦੋਂ ਕੋਈ ਉਨ੍ਹਾਂ ਨੂੰ ਪੁੱਛਦਾ ਸੀ, ਤੁਹਾਡੇ ਨਾਲ ਇਹ ਦੋਵੇਂ ਕੌਣ ਹਨ, ਤੁਹਾਡੇ ਚੇਲੇ ਹਨ ਜਾਂ ਤੁਹਾਡੇ ਸਿੱਖ ਹਨ ਜਾਂ ਸੇਵਕ ਹਨ, ਤਾਂ ਗੁਰੂ ਸਾਹਿਬ ਕਹਿੰਦੇ, ਇਹ ਮੇਰੇ ਭਾਈ ਹਨ, ਇਕ ਭਾਈ ਬਾਲਾ ਜੀ ਤੇ ਇਕ ਭਾਈ ਮਰਦਾਨਾ ਜੀ। 'ਗੁਰੂ ਅਰਜਨ ਸਾਹਿਬ ਜੀ' ਨੇ ਇਤਨੇ ਵੱਡੇ ਅਸਥਾਨ 'ਸੱਚਖੰਡ ਸ੍ਰੀ ਹਰਿਮੰਦਰ ਸਾਹਿਬ' ਦਾ ਨੀਂਹ-ਪੱਥਰ ਕਿਸ ਦੇ ਕੋਲੋਂ ਰਖਵਾਇਆ- ਇਕ ਮੁਸਲਮਾਨ ਸਾਈਂ ਮੀਆਂ ਮੀਰ ਜੀ ਕੋਲੋਂ! ਜੇ ਚਾਹੁੰਦੇ ਤਾਂ ਕਿਸੇ ਸਿੱਖ ਕੋਲੋਂ ਵੀ ਤਾਂ ਰਖਵਾ ਸਕਦੇ ਸੀ। ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਹੋਰ ਕਈ ਉਸ ਸਮੇਂ ਦੇ ਸ਼੍ਰੋਮਣੀ ਸਿੱਖ ਸਨ। ਪਰ ਸਾਨੂੰ ਇਹ ਸੇਧ ਦੇਣ ਲਈ ਕਿ ਸਤਿਕਾਰ ਸਭ ਧਰਮਾਂ ਦਾ ਕਰਨਾ ਹੈ।

ਜਦੋਂ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦਰਜ ਕਰਨ ਦਾ ਸਮਾਂ ਆਇਆ, ਜੇ ਅੰਦਰ ਹੁੰਦੀ ਕੱਟੜਤਾ ਤਾਂ ਸਿਰਫ ਗੁਰੂਆਂ ਦੀ ਬਾਣੀ ਹੀ ਦਰਜ ਕਰਦੇ ਪਰ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ ਗੁਰੂਆਂ ਦੀ ਬਾਣੀ ਨੂੰ ਹੀ ਦਰਜ ਨਹੀਂ ਕੀਤਾ, ਬਲਕਿ ਭਗਤ 'ਕਬੀਰ-ਜੁਲਾਹਾ ਜੀ' ਨੂੰ ਵੀ ਵਿੱਚ ਬਿਠਾ ਦਿੱਤਾ, ਭਗਤ ਫਰੀਦ ਜੀ-ਮੁਸਲਮਾਨ, ਭਗਤ ਰਵਿਦਾਸ ਜੀ-ਚਮਾਰ (ਜੁੱਤੀਆਂ ਗੰਢਣ ਵਾਲੇ) ਭਗਤ ਸੈਨ ਜੀ-ਨਾਈ, ਭਗਤ ਧੰਨਾ ਜੀ-ਜੱਟ, ਭਗਤ ਸਧਨਾ ਜੀ-ਕਸਾਈ, ਇਨ੍ਹਾਂ ਨੂੰ ਵੀ ਵਿੱਚ ਬਿਠਾ ਦਿੱਤਾ।

'ਗੁਰੂ ਹਰਿਗੋਬਿੰਦ ਸਾਹਿਬ ਜੀ' ਵੀ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ। ਉਨ੍ਹਾਂ ਨੇ 'ਹਰਿਗੋਬਿੰਦਪੁਰ' ਵਿਚ ਮੁਸਲਮਾਨ ਭਾਈਆਂ ਲਈ ਇਕ

ਮਸਜਿਦ ਵੀ ਬਣਵਾਈ ਜੋ ਅੱਜ ਵੀ ਇਹ ਗਵਾਹੀ ਦੇਂਦੀ ਹੈ ਕਿ ਗੁਰੂ ਸਾਹਿਬ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਵੀ ਕੋਈ ਸਿਰਫ ਸਿੱਖਾਂ ਨੂੰ ਹੀ ਨਹੀਂ ਸੀ ਪਿਆਰ ਕਰਦੇ। ਭਾਈ ਨੰਦ ਲਾਲ, ਪੀਰ ਬੁੱਧੂ ਸ਼ਾਹ ਨੂੰ ਵੀ ਉਨ੍ਹਾਂ ਆਪਣੀ ਬੁੱਕਲ ਵਿਚ ਬਿਠਾਇਆ। ਗੁਰੂ ਕੇ ਲਾਡਲੇ ਸਿੱਖ ਵੀ ਉਨ੍ਹਾਂ ਲੀਹਾਂ 'ਤੇ ਹੀ ਚੱਲੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਸਿਰਫ ਗੁਰਦੁਆਰਿਆਂ 'ਤੇ ਹੀ ਸੋਨਾ ਨਹੀਂ ਲਗਵਾਇਆ, ਮੰਦਰਾਂ ਤੇ ਮਸੀਤਾਂ 'ਤੇ ਵੀ ਲਗਵਾਇਆ, ਗਿਰਜੇ ਘਰਾਂ 'ਤੇ ਵੀ ਲਗਵਾਇਆ।

ਅਨਜਾਣ ਬੰਦਾ ਕਈ ਵਾਰੀ, ਦੂਜੇ ਅਵਤਾਰਾਂ ਦੀ, ਦੂਜੇ ਧਰਮਾਂ ਦੀ ਨਿੰਦਿਆ ਕਰ ਬੈਠਦਾ ਹੈ। ਪਿਉ 'ਤੇ ਭਰੋਸਾ ਰੱਜ ਕੇ ਹੋਵੇ, ਮਨ ਵਿਚ ਇਹ ਰੱਜ ਕੇ ਹੋਵੇ ਕਿ ਮੇਰਾ ਪਿਤਾ ਵੱਡਾ ਹੈ ਪਰ ਇਹ ਨਾ ਹੋਵੇ ਕਿ ਦੂਜਾ ਕੁਝ ਨਹੀਂ। ਕਈ ਐਸੇ ਵੀ ਹੁੰਦੇ ਹਨ ਜਿਹੜੇ ਆਮ ੧੦ ਬੰਦਿਆਂ ਵਿਚ ਬੈਠ ਕੇ ਡੀਂਗ ਮਾਰਨਗੇ ਕਿ ਮੈਂ ਤਾਂ ਇਕ ਗੁਰੂ ਨਾਨਕ ਨੂੰ ਮੰਨਦਾ ਹਾਂ, ਮੈਂ ਹੋਰ ਕਿਸੇ ਨੂੰ ਕੁਝ ਨਹੀਂ ਸਮਝਦਾ ਪਰ ਬਰੀਕੀ ਸਮਝਣਾ, ਪਰ ਆਪਣੇ ਗੁਰੂ ਪਿਤਾ 'ਤੇ ਭਰੋਸਾ ਵੀ ਰੱਖਣਾ ਹੈ, ਉਸ ਨੂੰ ਧੰਨ ਵੀ ਕਹਿਣਾ ਹੈ ਪਰ ਅਜਿਹੀ ਡੀਂਗ ਵੀ ਨਹੀਂ ਮਾਰਨੀ, ਅਜਿਹਾ ਕਰਨ ਨਾਲ ਤੁਹਾਡਾ ਗੁਰੂ ਪਿਤਾ ਵੀ ਨਰਾਜ਼ ਹੋ ਜਾਂਦਾ ਹੈ, ਉਸ ਦੀ ਬਖਸ਼ਿਸ਼ ਪ੍ਰਾਪਤ ਨਹੀਂ ਹੁੰਦੀ। ਜਦੋਂ ਤੁਸੀਂ ਡੀਂਗ ਮਾਰਦੇ ਹੋ, ਮੈਂ ਕਿਸੇ ਹੋਰ ਨੂੰ ਕੁਝ ਨਹੀਂ ਸਮਝਦਾ, ਇਸ ਦਾ ਮਤਲਬ ਦੂਜਾ ਨੀਵਾਂ ਹੈ? ਪਰ ਸਿੱਖ ਧਰਮ ਵਿਚ ਕਿਸੇ ਦੀ ਵੀ ਨਿਰਾਦਰੀ ਨਹੀਂ ਕੀਤੀ ਜਾਂਦੀ।

ਇਕ ਵਾਰੀ ਦਾਸ ਨੂੰ ਇਕ ਚੰਗਾ ਅਭਿਆਸੀ ਬੰਦਾ ਮਿਲਿਆ। ਕਹਿੰਦਾ, ਮੇਰਾ ਇੰਨੇ ਘੰਟਿਆਂ ਦਾ ਸਿਮਰਨ ਹੈ। ਦਾਸ ਨੇ ਕਿਹਾ, ਬੜੀ ਚੰਗੀ ਗੱਲ ਹੈ, ਬੜੀ ਬਖਸ਼ਿਸ਼ ਹੈ। ਪਰ ਨਾਲ ਹੀ ਉਹ ਕਹਿਣ ਲੱਗਾ, ਮੈਂ ਤਾਂ ਜੇ ਕਿਸੇ ਮੰਦਰ ਅੱਗੋਂ ਵੀ ਲੰਘਾਂ ਤਾਂ ਕਹਿੰਦਾ ਹਾਂ, ਸ਼ਿਵ ਜੀ! ਤੁਸੀਂ ਕੀ ਹੋ? ਮੇਰਾ ਇੰਨਾ ਸਿਮਰਨ ਹੈ! ਕੋਈ 8 ਕੁ ਮਹੀਨਿਆਂ ਬਾਅਦ ਉਹੋ ਸਰੀਰ ਫਿਰ ਮਿਲਿਆ। ਕਹਿਣ ਲੱਗਾ, ਮੇਰਾ ਅੰਮ੍ਰਿਤ ਵੇਲਾ ਵੀ ਟੁੱਟ ਗਿਆ ਹੈ; ਮੇਰਾ ਅਭਿਆਸ ਵੀ ਟੁੱਟ ਗਿਆ ਹੈ; ਵਿਕਾਰਾਂ ਨੇ ਵੀ ਜਨਮ ਲੈ ਲਿਆ ਹੈ। ਦਾਸ ਨੇ ਮਨ 'ਚ ਸੋਚਿਆ ਕਿ ਇਸ ਦੇ ਇਤਨੇ ਅਭਿਆਸ ਤੇ ਸਿਮਰਨ ਦੀ ਕਮਾਈ

ਕਾਰਨ ਤਾਂ ਗੁਰੂ ਸਾਹਿਬ ਇਸ 'ਤੇ ਪ੍ਰਸੰਨ ਹੋਏ ਹੋਣਗੇ ਪਰ ਇਸ ਨੇ ਦੂਜਿਆਂ ਦੀ ਨਿਰਾਦਰੀ ਕੀਤੀ, ਇਸ ਕਰਕੇ ਮਿਲਿਆ ਹੋਇਆ ਵੀ ਸਭ ਕੁਝ ਖੋਹਿਆ ਗਿਆ।

ਰਹਿਣਾ ਵੀ ਪਿਉ ਦੇ ਦਾਇਰੇ ਵਿਚ ਹੈ, ਪਰ ਸਤਿਕਾਰ ਵੀ ਸਭ ਦਾ ਕਰਨਾ ਹੈ। ਜੇ ਮੇਰੀ ਜ਼ਿੰਦਗੀ ਦੀ ਗੱਲ ਪੁੱਛੋ ਤਾਂ ਦਾਸ ਕਿਸੇ ਮੰਦਰ ਅੱਗੋਂ ਵੀ ਲੰਘਦਾ ਹੈ ਤਾਂ ਭੇਟਾ ਦੇ ਕੇ ਲੰਘਦਾ ਹੈ ਕਿ ਇਹ ਵੀ ਰੱਬ ਦੇ ਘਰ ਹਨ। ਭੇਟਾ ਕੀ? ਜਦੋਂ ਮੰਦਰ ਅੱਗੋਂ ਲੰਘਦਾ ਹਾਂ, ਪੰਜ ਵਾਰੀ ਮੂਲ ਮੰਤਰ '੧ਓ ਤੋਂ ਲੈ ਕੇ ਨਾਨਕ ਹੋਸੀ ਭੀ ਸਚੁ' ਤਕ ਕਰ ਕੇ ਲੰਘਦਾ ਹਾਂ ਕਿ ਇਥੇ ਵੀ ਤੂੰ ਹੀ ਵੱਸਦਾ ਹੈਂ। ਇਸ ਤਰ੍ਹਾਂ ਰਹੇ ਵੀ ਪਿਉ ਦੇ ਦਾਇਰੇ ਵਿਚ ਤੇ ਹਿਰਦੇ ਵਿਚ ਕਿਸੇ ਪ੍ਰਤੀ ਨਿੰਦਿਆ ਵੀ ਨਾ ਆਈ।

ਜੇ ਕੋਈ ਕਹੇ, ਮੰਦਰ ਕੁਝ ਨਹੀਂ, ਮਸਜਿਦ ਕੁਝ ਨਹੀਂ, ਗਿਰਜਾ ਘਰ ਕੁਝ ਨਹੀਂ, ਫਿਰ ਯਾਦ ਰੱਖਿਓ! ਗੁਰੂ ਨਾਨਕ ਵੀ ਆਖੇਗਾ, 'ਮੇਰੀ ਪਿੱਠ ਸਭ ਤੋਂ ਪਹਿਲੇ ਤੇਰੇ ਵੱਲ ਹੈ।'

'ਦਾਸ' ਇਕ ਵਾਰੀ ਕਿਸੇ ਹਸਪਤਾਲ ਵਿਚ ਕਿਸੇ ਨੂੰ ਮਿਲਣ ਵਾਸਤੇ ਗਿਆ। ਜਿਹੜਾ ਮਰੀਜ਼ ਹਸਪਤਾਲ ਵਿਚ ਦਾਖਲ ਸੀ, ਉਸ ਦੀ ਪਤਨੀ ਮੈਨੂੰ ਆਖਣ ਲੱਗੀ, 'ਮੇਰਾ ਗੁਰੂ ਨਾਨਕ 'ਤੇ ਪੂਰਾ ਭਰੋਸਾ ਹੈ ਪਰ ਫਿਰ ਵੀ ਮੈਨੂੰ ਇੰਨੇ ਪਰਚੇ ਕਿਉਂ ਪੈਂਦੇ ਹਨ? ਮੈਂ ਬੜੀ ਹੈਰਾਨ ਹਾਂ ਕਿਉਂਕਿ ਮੈਂ ਤਾਂ ਸ਼ਿਵ ਜੀ ਨੂੰ ਵੀ ਨਹੀਂ ਮੰਨਦੀ, ਬ੍ਰਹਮਾ ਨੂੰ ਵੀ ਨਹੀਂ ਮੰਨਦੀ, ਕ੍ਰਿਸ਼ਨ ਜੀ ਨੂੰ ਵੀ ਨਹੀਂ ਮੰਨਦੀ, ਵਿਸ਼ਨੂੰ ਨੂੰ ਵੀ ਨਹੀਂ ਮੰਨਦੀ। ਦਾਸ ਨੇ ਕੰਨਾਂ ਵਿਚ ਉਂਗਲਾਂ ਦੇ ਲੀਤੀਆਂ ਕਿ ਇਤਨੀ ਗਿਆਨ ਦੀ ਕਮੀ। ਦਾਸ ਨੇ ਕਿਹਾ, 'ਬੀਬੀ! ਸ਼ਿਵ ਜੀ ਮਾੜੇ ਹੋ ਗਏ, ਵਿਸ਼ਨੂੰ ਜੀ ਮਾੜੇ ਨੇ, ਬ੍ਰਹਮਾ ਜੀ ਮਾੜੇ ਨੇ ਕੀ, ਕੀ ਕ੍ਰਿਸ਼ਨ ਜੀ ਮਾੜੇ ਨੇ? ਤੂੰ ਕਹਿੰਦੀ ਹੈਂ, ਮੈਨੂੰ ਪਰਚੇ ਕਿਉਂ ਪੈਂਦੇ ਹਨ? ਪਰਚੇ ਕਿਉਂ ਨਾ ਪੈਣ? ਤੇਰੇ ਭਰੋਸੇ ਵਿਚ ਤਾਂ ਦੂਜਿਆਂ ਦੀ ਨਿੰਦਿਆ ਦੇ ਢੇਰ ਲੱਗੇ ਪਏ ਹਨ! ਭਰੋਸਾ ਇਹ ਤੇ ਨਹੀਂ ਕਹਿੰਦਾ ਕਿ ਦੂਜੇ ਮਾੜੇ ਹਨ। ਅਗਿਆਨਤਾ ਵੱਸ ਹੋਣ ਕਾਰਨ ਇਹੋ ਜਿਹੇ ਬੰਦਿਆਂ ਦੀਆਂ ਲਾਈਨਾਂ ਲੱਗੀਆਂ ਪਈਆਂ ਹਨ। ਦੂਸਰੇ ਧਰਮ ਨੂੰ ਨੀਵਾਂ ਕਹਿਣ ਵਾਲਿਆਂ ਦੀਆਂ ਲਾਈਨਾਂ ਲੱਗੀਆਂ ਪਈਆਂ ਹਨ।

ਇਕ ਮੁਲਕ (ਨਾਮ ਲੈਣਾ ਉਚਿਤ ਨਹੀਂ) ਜਿਸ ਵਿਚ ਬੁੱਧ ਦੀਆਂ ਮੂਰਤੀਆਂ ਤੋੜੀਆਂ ਗਈਆਂ ਬੰਬ ਮਾਰ ਕੇ, ਗੋਲੀਆਂ ਨਾਲ ਤੇ ਹੋਰ ਕਈ ਤਰੀਕਿਆਂ ਨਾਲ, ਇਹ ਕੀ ਹੈ? ਆਪਣੇ ਧਰਮ ਦਾ ਤੇ ਸਤਿਕਾਰ ਹੈ ਪਰ ਦੂਜਿਆਂ ਦੀ ਨਿਰਾਦਰੀ। ਇਹ ਸਿੱਖੀ ਨਹੀਂ, ਇਹ ਅਗਿਆਨਤਾ ਦੀ ਨਿਸ਼ਾਨੀ ਹੈ। ਭਾਵੇਂ ਉਸ ਬੁੱਧ ਦੀ ਮੂਰਤੀ ਨੂੰ ਬੰਬਾਂ ਨਾਲ Blast ਨਾ ਕਰ ਕੇ, ਕਿਧਰੇ ਸਤਿਕਾਰ ਨਾਲ ਉਥੋਂ ਹਟਾ ਕੇ ਜਲ ਦੀ ਭੇਟਾ ਕਰ ਦੇਂਦੇ ਤਾਂ ਵੀ ਕੋਈ ਗੱਲ ਨਹੀਂ ਸੀ। ਸਤਿਕਾਰ ਰੱਖਦੇ! ਪਰ ਅੱਜ ਉਥੇ ਕੀ ਹਾਲ ਹੋ ਰਿਹਾ ਹੈ! ਸਾਡੇ ਅੰਦਰ ਇਹੋ ਜਿਹੀ ਗੱਲ ਨਾ ਬਣੇ ਜਿਸ ਵਿਚ ਦੂਜੇ ਦੀ ਨਿਰਾਦਰੀ ਹੋਵੇ, ਦੂਜਾ ਨੀਵਾਂ ਹੈ, ਦੂਜਾ ਹੈ ਹੀ ਨਹੀਂ। ਕੋਈ ਕਹੇ, ਗੁਰੂ ਨਾਨਕ ਧੰਨ ਹੈ ਤੇ ਦੂਜੇ ਨੂੰ ਮਾੜਾ ਕਹੇ ਫਿਰ ਗੁਰੂ ਨਾਨਕ ਦੀ ਵੀ ਪਿੱਠ ਹੈ, ਗੁਰੂ ਨਾਨਕ ਦੀ ਵੀ ਪ੍ਰਸੰਨਤਾ ਨਹੀਂ ਮਿਲ ਸਕਦੀ। ਜੇ ਕਹੇ, ਸਾਰੇ ਚੰਗੇ ਹਨ ਪਰ ਗੁਰੂ ਨਾਨਕ ਤੂੰ ਧੰਨ ਹੈਂ, ਫੇਰ ਮੁਖ ਹੈ, ਪ੍ਰਸੰਨਤਾ ਹੈ।

ਕਈ ਆਪਣੇ ਦੁੱਖਾਂ ਦੀ ਪੰਡ ਕਈਆਂ ਅੱਗੇ ਖੋਲ੍ਹ ਦੇਂਦੇ ਹਨ। ਹੁਣ ਧਿਆਨ ਦੇਣਾ! ਜਿਨ੍ਹਾਂ ਅੱਗੇ ਵੀ ਪੰਡ ਖੋਲ੍ਹਦੇ ਹਨ ਉਹ ਕੋਈ ਮਾੜੇ ਨਹੀਂ। ਅਸੀਂ ਇਹ ਪੜ੍ਹਾਈ ਕਰਨੀ ਹੈ ਕਿ ਸਾਰੇ ਹੀ ਚੰਗੇ ਹਨ ਪਰ ਐ ਪਿਤਾ ਗੁਰੂ ਨਾਨਕ! ਮੇਰੀ ਪੰਡ ਤੇਰੇ ਅੱਗੇ ਹੀ ਹੈ। ਜੇ ਅੱਜ ਤੁਸੀਂ ਆਪਣੇ ਦੁੱਖ ਦੀ ਪੰਡ ਗੁਰੂ ਨਾਨਕ ਅੱਗੇ ਰੱਖੀ, ੧੦ ਦਿਨ ਨਹੀਂ ਬੀਤੇ, ਕਿਸੇ ਨੇ ਕਿਹਾ, ਚੱਲ ਫਲਾਣੀ ਜਗ੍ਹਾ ਤੈਨੂੰ ਲੈ ਚੱਲਾਂ। ਸ਼ੌਕੀਆ ਤੌਰ 'ਤੇ ਜਾਣਾ ਹੈ ਤੇ ਜਾਵੋ ਪਰ ਉਥੇ ਜਾ ਕੇ ਤੁਸੀਂ ਵੀ ਬੇਨਤੀ ਕਰਨ ਲੱਗ ਪਏ ਤਾਂ ਸਮਝ ਲਵੋ, ਡਿੱਗ ਪਏ ਮੰਜ਼ਿਲ ਤੋਂ। ਜਿਸ ਹਿਰਦੇ 'ਤੇ ਪਹਿਲੇ ਇੱਕ ਨੂੰ ਬਿਠਾਇਆ ਸੀ, ਉਥੇ ਤੇ ਹੁਣ ਰੋਲ-ਘਚੋਲਾ ਪੈ ਗਿਆ।

ਜ਼ਿੰਦਗੀ ਵਿਚ ਦੁੱਖ ਵੀ ਚਲਦੇ ਹਨ, ਸੁਖ ਵੀ ਚਲਦੇ ਹਨ। ਅਸੀਂ ਆਮ ਤੌਰ 'ਤੇ ਉਸ ਵੇਲੇ ਗੁਰੂ ਦਾ ਦਰ ਛੱਡਦੇ ਹਾਂ ਜਦੋਂ ਸਾਡੀ ਕੋਈ ਮੰਗ ਪੂਰੀ ਹੋਣ ਵਿਚ ਦੇਰੀ ਹੋ ਜਾਵੇ। ਅਰਦਾਸ ਕੀਤੀ, ਮੰਗ ਪੂਰੀ ਨਹੀਂ ਹੋਈ, ਦੇਰੀ ਹੋ ਗਈ, ਸੋਚਦੇ ਹਾਂ, ਇਥੋਂ ਤਾਂ ਮਿਲਿਆ ਕੁਝ ਨਹੀਂ, ਛੱਡ ਦੇਈਏ ਦਰ, ਫਿਰ ਦੂਰ ਹੁੰਦੇ-ਹੁੰਦੇ ਦੂਰ ਹੋ ਜਾਂਦੇ ਹਾਂ। ਮਾਲਕ ਦਾ ਇਹੋ ਜਿਹਾ ਬਣਨਾ ਹੈ ਕਿ ਸੱਚੇ

ਪਾਤਸ਼ਾਹ! ਦਾਤ ਜਲਦੀ ਦੇ ਜਾਂ ਲੇਟ ਦੇ, ਮੈਂ ਤੇਰਾ ਹਾਂ, ਤੇਰੇ ਇਲਾਵਾ ਮੇਰਾ ਹੋਰ ਕੋਈ ਆਸਰਾ ਨਹੀਂ।

ਮਹਾਂ ਪੁਰਸ਼ਾਂ ਦੇ ਬਚਨ ਹਨ, ਜੇ ਗੁਰੂ ਨਾਨਕ ਦਾ ਬਣਨਾ ਹੈ ਤਾਂ ੩ ਗੁਣ ਲੈ ਕੇ ਬਣੀਂ, 1. ਕਾਹਲਾ ਨਹੀਂ ਪੈਣਾ, 2. ਦਰ ਨਹੀਂ ਛੱਡਣਾ, 3. ਹੰਕਾਰ ਨਹੀਂ ਕਰਨਾ। ਗੁਰੂ ਨਾਨਕ ਦੇ ਘਰ ਵਿਚ ਦੇਰ ਹੋ ਸਕਦੀ ਹੈ, ਅੰਧੇਰ ਨਹੀਂ। ਜਿਹੜਾ ਇੱਕ ਦਾ ਬਣਿਆ ਰਹੇ, ਕਦੀ ਖਾਲੀ ਨਹੀਂ ਜਾਂਦਾ। ਜਿਹੜੀ ਦੇਰ ਵੀ ਹੈ, ਉਹ ਵੀ ਤੇਰੇ ਕਿਸੇ ਭਲੇ ਲਈ ਹੁੰਦੀ ਹੈ। ਉਹ ਜਾਣਦਾ ਹੈ, ਕਿਹੜੀ ਦਾਤ ਕਦੋਂ ਦੇਣੀ ਹੈ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸੀ, ਜਿਸ ਦੀ ਗੁਰੂ ਨਾਨਕ ਦੇ ਦਰ ਤੋਂ ਪੂਰੀ ਨਹੀਂ ਪਈ ਉਸ ਦੀ ਕਿਧਰੋਂ ਵੀ ਪੂਰੀ ਨਹੀਂ ਪੈ ਸਕਦੀ। ਜਿਹੜਾ ਸਿੱਖ ਕਈ ਬੇੜੀਆਂ ਵਿਚ ਪੈਰ ਰੱਖਦਾ ਹੈ, ਉਸ ਨੂੰ ਵੀ ਮਨਾ ਲਵਾਂ-ਉਸ ਨੂੰ ਵੀ ਮਨਾ ਲਵਾਂ, ਤਾਂ ਵੀ ਗੱਲ ਨਹੀਂ ਬਣਦੀ।

ਦਾਸ ਨੂੰ ਇਕ ਵਾਰੀ ਕੋਈ ਗੁਰਮੁਖ ਪਿਆਰਾ ਆਪਣੀ ਦੁਕਾਨ 'ਤੇ ਲੈ ਗਿਆ। ਉਥੇ ਦੇਖਿਆ, ਉਨ੍ਹਾਂ ਇਕ ਪਾਸੇ ਅਸਥਾਨ ਬਣਾ ਕੇ ਗੁਰੂ ਸਾਹਿਬ ਦਾ ਸਰੂਪ, ਬਾਬਾ ਦੀਪ ਸਿੰਘ ਜੀ ਦਾ ਸਰੂਪ ਰੱਖਿਆ ਸੀ। ਨਾਲ ਹੀ ਮੇਰੀ ਨਜ਼ਰ ਪਈ ਕਿ ਕੁਝ ਹੋਰ ਵੀ ਦੇਵੀ, ਦੇਵਤੇ ਤੇ ਅਵਤਾਰ, ਕੱਛ ਅਵਤਾਰ-ਮੱਛ ਅਵਤਾਰ ਤੇ ਹੋਰ ਵੀ ਕਈ ਤਸਵੀਰਾਂ। ਦਾਸ ਨੇ ਪੁੱਛ ਲਿਆ। ਦਾਸ ਨੇ ਕਿਹਾ, ਇਹ ਕਿਉਂ ਤੇ ਕਹਿਣ ਲੱਗੇ ਕਿ ਸਾਰਿਆਂ ਨੂੰ ਖੁਸ਼ ਕਰੀਦਾ ਹੈ ਕਿ ਕਿਧਰੇ ਕੋਈ ਨਰਾਜ਼ ਨਾ ਹੋ ਜਾਵੇ। ਬਾਬਾ ਨੰਦ ਸਿੰਘ ਜੀ ਦੇ ਬਚਨ ਜੇ, 'ਦੱਰਖਤ ਦੀ ਜੜ੍ਹ ਨੂੰ ਪਾਣੀ ਦੇ ਦੇਈਏ, ਇਕੱਲੇ-ਇਕੱਲੇ ਪੱਤੇ ਨੂੰ ਪਾਣੀ ਦੇਣ ਦੀ ਲੋੜ ਨਹੀਂ। 'ਜੜ੍ਹ' ਕੀ ਹੈ? 'ਗੁਰੂ ਨਾਨਕ'। ਜਿਸ ਨੇ ਗੁਰੂ ਨਾਨਕ ਦੀ ਸਿਫਤ ਕਰ ਲਈ, ਗੁਰੂ ਨਾਨਕ ਦੇ ਲੇਖੇ ਜੀਵਨ ਲਗਾ ਦਿੱਤਾ, ਮਤ ਸੋਚਣਾ ਕਿ ਕੋਈ ਦੇਵੀ ਦੇਵਤਾ ਨਰਾਜ਼ ਹੋ ਜਾਵੇਗਾ।

ਇਕ ਵਾਰੀ ੩ ਦਿਨ ਦਾ ਸਮਾਗਮ ਸੀ ਫਰੀਦਾਬਾਦ-ਸ਼ੁੱਕਰ, ਸ਼ਨੀ ਤੇ ਐਤਵਾਰ। ਜਿੱਥੇ ਵੀ ੩ ਦਿਨ ਦਾ ਸਮਾਗਮ ਹੋਵੇ, ਸ਼ੁੱਕਰ, ਸ਼ਨੀ, ਰਾਤ ਸਾਨੂੰ ਕਿਸੇ ਨਾ ਕਿਸੇ ਦੇ ਘਰ ਠਹਿਰਾਂਦੇ ਹਨ। ਸ਼ੁੱਕਰਵਾਰ ਰਾਤ ਪ੍ਰੋਗਰਾਮ ਸੀ। ਜਦੋਂ ਅਸੀਂ ਸ਼ੁੱਕਰਵਾਰ ਰਾਤ ਪ੍ਰੋਗਰਾਮ ਤੋਂ ਵਾਪਸ ਆਏ ਤੇ ੧.੩੦ ਵਜੇ ਦਾ ਸਮਾਂ

ਸੀ। ਸੋਚਿਆ, ਥੋੜ੍ਹਾ ਅਰਾਮ ਕਰ ਲਈਏ। ਸਵੇਰੇ ੪.੩੦ ਵਜੇ ਉੱਠੇ ਤੇ ਸੋਚਿਆ, ਇਸ਼ਨਾਨ ਕਰ ਕੇ ਜੋ ਅਗਲੀ ਕਾਰਵਾਈ ਲਈ ਜੋ ਗੁਰੂ ਸਾਹਿਬ ਨੇ ਸੇਵਾ ਲੈਣੀ ਸੀ ਉਸ ਲਈ ਤਿਆਰ ਹੋਈਏ। ਜਦੋਂ ਦਾਸ ਉਠਿਆ, ਮੈਂ ਉਸ ਘਰਦਿਆਂ ਨੂੰ ਇੰਨਾ ਕੁ ਪੁੱਛ ਲਿਆ ਕਿ ਗੁਸਲਖਾਨੇ ਵਿਚ ਸ਼ੈਂਪੂ ਹੈ? ਉਹ ਕਹਿੰਦੇ, ਭਾਈ ਸਾਹਿਬ! ਸ਼ੈਂਪੂ ਕੀ ਕਰਨਾ ਹੈ? ਦਾਸ ਨੇ ਕਿਹਾ, ਜੀ ਸਿਰ ਧੋਣਾ ਹੈ ਕਿਉਂਕਿ ਬਾਬਾ ਜੀ ਵੱਲੋਂ ਸੁਮੱਤ ਮਿਲੀ ਹੈ ਕਿ ਰੋਜ਼ ਸਿਰ ਧੋਣਾ ਹੈ। ਧਿਆਨ ਦੇਣਾ! ਦੋਵੇਂ ਪਤੀ-ਪਤਨੀ ਕਹਿੰਦੇ ਹਨ, 'ਨਾ ਭਾਈ ਸਾਹਿਬ!, ਅੱਜ ਸਿਰ ਨਾ ਧੋਣਾ! ਤੁਹਾਨੂੰ ਨਹੀਂ ਪਤਾ ਅੱਜ ਸ਼ਨੀਵਾਰ ਹੈ, ਸ਼ਨੀਵਾਰ ਸਿਰ ਨਹੀਂ ਧੋਈਦਾ? ਦਾਸ ਨੇ ਕਿਹਾ ਕਿ ਮੇਰੀ ਬੇਨਤੀ ਹੈ ਕਿ ਸਿਰ ਤੇ ਮੈਂ ਧੋਣਾ ਹੈ, ਤੁਸੀਂ ਕਿਉਂ ਘਬਰਾਈ ਜਾਂਦੇ ਹੋ? ਉਹ ਕਹਿਣ ਲੱਗੇ, ਦੇਖ ਲੈਣਾ ਤੁਸੀਂ! ਸਿਰ ਤਾਂ ਤੁਸੀਂ ਧੋਣਾ ਹੈ ਤੇ ਸ਼ਨੀ ਦੇਵਤਾ ਨੇ ਸਾਡੇ ਨਾਲ ਨਰਾਜ਼ ਹੋ ਜਾਣਾ ਹੈ। ਅਸੀਂ ਫੇਰ ਜੁਗਤੀ ਵਰਤੀ। ਦਾਸ ਨੇ ਕਿਹਾ, ਠੀਕ ਹੈ, ਜੇ ਸ਼ਨੀ ਨੇ ਮੇਰੇ ਸਿਰ ਧੋਣ ਨਾਲ ਤੁਹਾਡਾ ਨੁਕਸਾਨ ਕਰਨਾ ਹੈ ਤਾਂ ਦਾਸ ਸਿਰ ਨਹੀਂ ਧੋਵੇਗਾ।

ਦਾਸ ਨੇ ਗੁਸਲਖਾਨੇ ਦੇ ਦਰਵਾਜੇ ਨੂੰ ਕੁੰਡੀ ਲਾਈ ਕਿ ਅੰਦਰ ਕਿਹੜਾ ਉਨ੍ਹਾਂ ਵੇਖਣਾ ਹੈ, ਸਿਰ ਧੋ ਕੇ ਅੰਦਰ ਹੀ ਨਿਚੋੜ ਕੇ ਸਿਰੋਪਾ ਬੰਨ੍ਹ ਲਿਆ। ਜਦੋਂ ਗੁਸਲਖਾਨੇ ਵਿੱਚੋਂ ਬਾਹਰ ਆਏ ਤੇ ਉਹ ਵੇਖਣ ਕਿ ਕਿਧਰੇ ਸਿਰ ਧੋਤਾ ਤੇ ਨਹੀਂ। ਅਸੀਂ ਦਸਤਾਰ ਸਜਾਈ ਤੇ ਜਿੱਥੇ ਪ੍ਰੋਗਰਾਮ ਸੀ, ਚਲੇ ਗਏ। ਜਦੋਂ ਰਾਤ ਇਕ-ਡੇਢ ਵਜੇ ਵਾਪਸ ਆਏ ਤੇ ਘਰ ਦੇ ਪੁੱਛਣ ਲੱਗੇ, ਜੀ ਕੋਈ ਦੁੱਧ ਵਗੈਰਾ? ਦਾਸ ਨੇ ਕਿਹਾ, ਨਹੀਂ, ਲੋੜ ਨਹੀਂ। ਫੇਰ ਉਹ ਮੇਰੇ ਗੋਡੇ ਹੱਥ ਲਾ ਕੇ ਕਹਿਣ ਲੱਗੇ, ਤੁਹਾਡਾ ਬਹੁਤ ਧੰਨਵਾਦ, ਤੁਸੀਂ ਸਾਡੀ ਬੇਨਤੀ ਮੰਨ ਲਈ, ਸਿਰ ਨਹੀਂ ਧੋਤਾ। ਵੇਖੋ! ਅੱਜ ਸਾਡਾ ਕੋਈ ਨੁਕਸਾਨ ਨਹੀਂ ਹੋਇਆ। ਦਾਸ ਨੇ ਕਿਹਾ, ਮੈਂ ਤੇ ਸਿਰ ਧੋਤਾ ਸੀ, ਇਹੋ ਤੇ ਤੁਹਾਡਾ ਵਹਿਮ ਕੱਢਣਾ ਸੀ!

ਆਪਣੇ ਅੰਦਰ ਝਾਤੀ ਪਾਇਓ! ਕਿਧਰੇ ਤੁਸੀਂ ਵੀ ਤੇ ਨਹੀਂ ਇੰਝ ਹੀ ਫਸੇ ਪਏ? ਜੇ ਤੁਹਾਡੇ ਘਰ ਵਿਚ ਅੰਮ੍ਰਿਤ ਵੇਲਾ ਹੈ, ਸ੍ਰੀ ਜਪੁਜੀ ਸਾਹਿਬ ਜੀ ਦੀ ਬਾਣੀ, ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਪੜ੍ਹ ਕੇ ਦਿਨ ਸ਼ੁਰੂ ਹੁੰਦਾ ਹੈ, ਦਾਸ ਗੁਰੂ ਦੀ ਕਿਰਪਾ ਨਾਲ ਦਾਅਵੇ ਨਾਲ ਕਹਿੰਦਾ ਹੈ, ਸ਼ਨੀ ਨੁਕਸਾਨ ਨਹੀਂ

ਕਰੇਗਾ। ਤੁਹਾਡੀ ਸੇਵਾ 'ਚ ਹਾਜ਼ਰ ਰਹੇਗਾ। ਰੰਗੇ ਹੋਏ ਗੁਰਸਿੱਖ ਦੀ ਸੇਵਾ ਵਿਚ ਦੇਵੀ-ਦੇਵਤਾ ਹਾਜ਼ਰ ਰਹਿੰਦੇ ਹਨ ਕਿ ਸਾਡੇ ਕੋਲੋਂ ਵੀ ਕੋਈ ਸੇਵਾ ਲੈ ਲਵੇ। ਸਿੱਖ ਨੇ ਕਿਸੇ ਧਰਮ ਦੀ ਨਿੰਦਿਆ ਵੀ ਨਹੀਂ ਕਰਨੀ, ਕਿਸੇ ਨੂੰ ਨੀਵਾਂ ਵੀ ਨਹੀਂ ਕਹਿਣਾ। ਜੇ ਇੰਝ ਚੱਲੋਗੇ ਤਾਂ ਇਹ ਪੀਰ ਨਰਾਜ਼ ਨਹੀਂ ਹੋਣਗੇ ਸਗੋਂ ਤੁਹਾਡੀ ਸੇਵਾ ਵਿਚ ਹਾਜ਼ਰ ਰਹਿਣਗੇ।

ਕ੍ਰੋਪੀ ਤਾਂ ਹੈ ਜੇ ਤੁਸੀਂ ਕਿਸੇ ਦੀ ਨਿੰਦਿਆ ਕੀਤੀ। ਸਿੱਖਾ! ਸਤਿਕਾਰ ਸਭ ਦਾ ਕਰ ਪਰ ਆਪਣੇ ਗੁਰੂ ਨਾਲ ਇਹੋ ਜਿਹਾ ਪਿਆਰ ਕਰ ਕਿ ਮੇਰਾ ਬਸ ਤੂੰ ਹੀ ਹੈਂ। ਸੰਸਾਰ ਵਿਚ ਜਿਤਨੀਆਂ ਵੀ ਬੇੜੀਆਂ ਹਨ, ਸਤਿਕਾਰ ਸਭ ਦਾ ਕਰੋ ਪਰ ਬੈਠੋ ਇਕ ਹੀ ਬੇੜੀ ਵਿਚ। ਜ਼ਰੂਰ ਝਾਤੀ ਪਾਇਓ! ਕਿਧਰੇ ਤੁਸੀਂ ਵੀ ਕਈ-ਕਈ ਬੇੜੀਆਂ ਵਿਚ ਪੈਰ ਤੇ ਨਹੀਂ ਰੱਖੇ? ਕਿਧਰੇ ਤੁਹਾਡੇ ਘਰ ਵਿਚ ਦੀਵਾ ਤਾਂ ਨਹੀਂ ਜਗਦਾ? ਪਿੰਡਾਂ ਵਿਚ ਤਾਂ ਏਸ ਚੀਜ਼ ਦਾ ਬਹੁਤ ਜ਼ੋਰ ਹੈ। ਜੇ ਪੁੱਛੀਏ, ਭਈ ਤੁਸੀਂ ਸਿੱਖ ਹੋ, ਫੇਰ ਇਹ ਵੀਰਵਾਰ ਦਾ ਦੀਵਾ ਕਿਉਂ? ਉਹ ਕਹਿੰਦੇ, ਕਿਧਰੇ ਪੀਰ ਨਰਾਜ਼ ਨਾ ਹੋ ਜਾਵੇ।

ਦਾਸ ਨੂੰ ਇਕ ਗੁਰਸਿੱਖ ਨੌਜਵਾਨ ਮਿਲਿਆ। ਕਹਿਣ ਲੱਗਾ, ਅੱਜਕਲ੍ਹ ਕੰਮ-ਕਾਜ ਕੁਝ ਮੰਦਾ ਚਲ ਰਿਹਾ ਹੈ, ਪਰ ਹੁਣ ਠੀਕ ਹੋ ਜਾਣਾ ਹੈ ਕਿਉਂਕਿ ਮੈਂ ਕਿਸੇ ਸਿਆਣੇ ਕੋਲ ਗਿਆ ਸੀ। ਉਸ ਨੇ ਮੈਨੂੰ ਕਿਹਾ ਕਿ ਤੇਰੇ ਨਾਲ ਸੂਰਜ ਦੇਵਤਾ ਨਰਾਜ਼ ਹੈ ਇਸ ਕਰਕੇ ਤੇਰੇ ਕੰਮ ਵਿਚ ਮੰਦਾ ਚਲ ਰਿਹਾ ਹੈ। ਇਸ ਲਈ ਉਸ ਨੇ ਮੈਨੂੰ ੭ ਦਿਨ ਪਾਣੀ ਵਿਚ ਸੰਧੂਰ ਪਾ ਕੇ ਸੂਰਜ ਦੇਵਤਾ ਨੂੰ ਪਾਣੀ ਦੇਣ ਲਈ ਕਿਹਾ ਹੈ, ਫਿਰ ਮੇਰਾ ਕਾਰੋਬਾਰ ਠੀਕ ਹੋ ਜਾਵੇਗਾ।

ਉਹੋ ਨੌਜਵਾਨ ਕੋਈ ਢਾਈ ਕੁ ਮਹੀਨੇ ਬਾਅਦ ਫੇਰ ਮਿਲਿਆ। ਦਾਸ ਨੇ ਪੁੱਛਿਆ, ਕੀ ਹਾਲ, ਗੁਰਮੁਖਾ? ਉਸ ਨੇ ਦੱਸਿਆ, ਅੱਗੇ ੭੦ ਹਜ਼ਾਰ ਦਾ ਕਰਜ਼ਾ ਸੀ ਤੇ ਹੁਣ ਸਵਾ ਲੱਖ ਦਾ ਹੋ ਗਿਆ ਹੈ। ਦਾਸ ਨੇ ਪੁੱਛਿਆ, ਜਿਹੜਾ ੭ ਦਿਨ ਪਾਣੀ 'ਚ ਸੰਧੂਰ ਪਾ ਕੇ ਸੂਰਜ ਨੂੰ ਦਿੱਤਾ ਸੀ, ਕੀ ਉਸ ਨਾਲ ਗੱਲ ਨਹੀਂ ਬਣੀ, ਮੰਨਿਆ ਨਹੀਂ ਸੂਰਜ ਦੇਵਤਾ? ਉਹ ਕਹਿੰਦਾ, ੭ ਦਿਨ ਸੰਧੂਰ ਪਾ ਕੇ ਪਾਣੀ ਤੇ ਦਿੱਤਾ ਸੀ ਪਰ ਗੱਲ ਫਿੱਟ ਨਹੀਂ ਬੈਠੀ। ਦਾਸ ਨੇ ਉਸ ਨੂੰ ਕਿਹਾ, ਜਦੋਂ 2½ ਮਹੀਨੇ ਪਹਿਲੇ ਮਿਲਿਆ ਸੀ, ਉਸ ਸਮੇਂ ਤੇਰਾ ਇਕ ਦੁੱਖ

ਸੀ ਪਰ ਹੁਣ ਦੋ ਦੁੱਖ ਨੇ। ਉਹ ਕਹਿੰਦਾ, ਦੁੱਖ ਤਾਂ ਇੱਕ ਹੀ ਹੈ ਕਰਜ਼ੇ ਦਾ। ਉਸ ਸਮੇਂ ੭੦ ਹਜ਼ਾਰ ਦਾ ਸੀ, ਹੁਣ ਸਵਾ ਲੱਖ ਦਾ ਹੈ।

ਦਾਸ ਨੇ ਆਖਿਆ, ਅੱਗੇ ਇਕ ਦੁੱਖ ਸੀ ਕਰਜ਼ੇ ਦਾ ਪਰ ਹੁਣ ਦੂਜਾ ਦੁੱਖ ਹੈ ਕਿ ਤੂੰ ਗੁਰੂ ਨਾਨਕ ਦੀ ਬੇੜੀ ਵਿੱਚੋਂ ਉਤਰ ਗਿਆ ਹੈਂ। ਸਿੱਖੋ! ਜੇ ਤੁਸੀਂ ਵੀ ਜਾਂਦੇ ਹੋ ਤਵੀਤਾਂ ਵਾਲਿਆਂ ਕੋਲ ਤਾਂ ਇਸ ਦਾ ਮਤਲਬ ਹੈ, ਤੁਹਾਡੇ ਹਿਰਦੇ ਵਿਚ ਹੈ ਜਗ੍ਹਾ ਉਨ੍ਹਾਂ ਦੇ ਲਈ। ਤੁਹਾਡੇ ਨੇਤ੍ਰਾਂ ਵਿਚ ਗੁਰੂ ਨਾਨਕ ਹੀ ਬੈਠਾ ਹੋਵੇ। ਜੇ ਕਦੇ ਕਿਸੇ ਨੂੰ, ਕਦੀ ਕਿਸੇ ਨੂੰ ਬਿਠਾਓਗੇ ਤਾਂ ਅਧੂਰੇ ਰਹਿ ਜਾਵੋਗੇ।

ਗੁਰੂ ਅੰਗਦ ਸਾਹਿਬ ਜੀ ਦੇ ਜੀਵਨ ਤੋਂ ਸੇਧ ਲਈਏ- ਪਹਿਲੇ ਹਰ ਸਾਲ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸੀ ਪਰ ਆਤਮਕ ਸ਼ਾਂਤੀ ਪ੍ਰਾਪਤ ਨਾ ਕਰ ਸਕੇ ਪਰ ਜਦੋਂ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੋਏ, ਐਸਾ ਪ੍ਰਭਾਵਿਤ ਹੋਏ, ਐਸਾ ਮਨ ਵਿਕ ਗਿਆ ਕਿ ਗੁਰੂ ਨਾਨਕ ਦੇ ਹੀ ਹੋ ਕੇ ਰਹਿ ਗਏ।

ਇਕ ਵਾਰੀ 'ਸਿੱਧ' ਆਏ ਸੀ ਗੁਰੂ ਅੰਗਦ ਸਾਹਿਬ ਕੋਲ। ਕਹਿੰਦੇ, ਸਾਡੇ ਕੋਲੋਂ ਕੁਝ ਲੈ ਲਵੋ ਪਰ ਗੁਰੂ ਅੰਗਦ ਸਾਹਿਬ ਕਹਿੰਦੇ, ਸਿੱਧੋ! ਇਥੇ ਜਿੰਨੇ ਦਿਨ ਚਾਹੇ ਰਹੋ, ਪ੍ਰਸ਼ਾਦੇ-ਪਾਣੀ ਦੀ ਜਾਂ ਹੋਰ ਸੇਵਾ ਕਹੋ, ਕਰਾਂਗੇ, ਪਰ ਜਿਹੜੀ ਇਹ ਗੱਲ ਕਹਿੰਦੇ ਹੋ ਕਿ ਸਾਡੇ ਕੋਲੋਂ ਕੁਝ ਲੈ ਲਵੋ, ਏਸ ਹਿਰਦੇ 'ਤੇ ਹੁਣ ਗੁਰੂ ਨਾਨਕ ਬੈਠਾ ਹੈ, ਕਿਸੇ ਹੋਰ ਦੇ ਬੈਠਣ ਦੀ ਜਗ੍ਹਾ ਨਹੀਂ।

ਗੁਰੂ ਨਾਲ ਇਹੋ ਜਿਹਾ ਪਿਆਰ ਕਰਿਓ ਕਿ ਸਤਿਗੁਰੂ ਮੇਰੇ ਹਨ, ਮੇਰੇ ਹਿਰਦੇ, ਮੇਰੇ ਸਰੀਰ, ਮੇਰੀ ਆਤਮਾ ਨੂੰ ਇੱਕ ਤੇਰਾ ਹੀ ਆਸਰਾ ਹੈ। ਸਾਡੀ ਹਰ ਪੁਕਾਰ, ਹਰ ਤਰਲਾ ਧੰਨ ਗੁਰੂ ਨਾਨਕ, ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਹੋਵੇ। ਇੱਕ 'ਤੇ ਆਸ ਰੱਖੋ। ਇਹ ਨਹੀਂ ਕਿ ਦੁੱਖ ਆਇਆ ਤੇ ਬੇੜੀ ਬਦਲਾ ਲਈ। ਕਿਧਰੇ ਸਾਡੇ ਹੱਥ ਗੁਰੂ ਨਾਨਕ ਦੇ ਦਰ ਤੋਂ ਸਿਵਾ ਕਿਸੇ ਹੋਰ ਦਾ ਬੂਹਾ ਨਾ ਖੜਕਾਣ। ਸਾਡੇ ਅੰਦਰ ਇਹ ਭਰੋਸਾ ਹੋਵੇ ਕਿ ਮੇਰਾ ਗੁਰੂ, ਗੁਰੂਆਂ ਦਾ ਗੁਰੂ ਹੈ, ਸਰਬ ਕਲਾ ਸਮਰੱਥ ਹੈ। ਨਿਸਤਾਰਾ ਉਦੋਂ ਹੀ ਹੈ ਜਦੋਂ ਪ੍ਰੇਮ-ਭਗਤੀ ਆ ਗਈ। ਪ੍ਰੇਮ-ਭਗਤੀ ਕੀ ਹੈ? 'ਗੁਰੂ ਨਾਨਕ! ਮੇਰਾ ਤੇਰੇ ਤੋਂ ਇਲਾਵਾ ਹੋਰ ਹੈ ਹੀ ਕੋਈ ਨਹੀਂ।' ਬਾਬਾ ਨੰਦ ਸਿੰਘ ਜੀ ਦੇ ਬਚਨ ਨੇ, 'ਰੁੱਖ

ਮੰਗੀਏ, ਛਾਂ ਆਪੇ ਮਿਲ ਜਾਂਦੀ ਹੈ, ਫਲ ਆਪੇ ਮਿਲ ਜਾਂਦਾ ਹੈ। ਇਸੇ ਤਰ੍ਹਾਂ ਹੀ ਜਿਸ ਨੂੰ ਗੁਰੂ ਨਾਨਕ ਮਿਲ ਗਿਆ, ਸਭ ਦੇਵੀ-ਦੇਵਤਾ ਆਪੇ ਹੀ ਪ੍ਰਸੰਨ ਹੋ ਗਏ। ਜੇ ਇਕੱਲੇ-ਇਕੱਲੇ ਨੂੰ ਮਨਾਵਾਂਗੇ ਤਾਂ ਕਦੀ ਕੋਈ ਰੁੱਸ ਜਾਵੇਗਾ ਤੇ ਕਦੀ ਕੋਈ ਮੰਨ ਜਾਵੇਗਾ। ਗੁਰੂ ਨਾਨਕ ਪ੍ਰਸੰਨ, ਸਾਰੇ ਪ੍ਰਸੰਨ।

ਇਕ ਵਾਰੀ ਗੁਰੂ ਅੰਗਦ ਸਾਹਿਬ ਜਦੋਂ ਅਜੇ ਗੁਰਗੱਦੀ ਨਹੀਂ ਸੀ ਮਿਲੀ, ਗੁਰੂ ਨਾਨਕ ਸਾਹਿਬ ਦੀ ਸੇਵਾ ਵਿਚ ਸਨ, ਤਾਂ ਰਾਤ ਉਨ੍ਹਾਂ ਨੇ ਇਕ ਬੀਬੀ ਨੂੰ ਗੁਰੂ ਨਾਨਕ ਦੇ ਦਰ 'ਤੇ ਝਾੜੂ ਦੇਂਦਿਆਂ ਦੇਖਿਆ ਤਾਂ ਪੁੱਛਿਆ, ਬੀਬੀ! ਤੂੰ ਕੌਣ ਹੈਂ ਤੇ ਇੰਨੀ ਰਾਤ ਇਥੇ ਸੇਵਾ ਕਿਉਂ ਕਰ ਰਹੀ ਹੈਂ? ਓਸ ਬੀਬੀ ਨੇ ਕਿਹਾ, ਤੂੰ ਮੈਨੂੰ ਪਛਾਣਿਆ ਨਹੀਂ, ਮੈਂ ਓਹੀ ਦੇਵੀ ਹਾਂ ਜਿਸ ਕੋਲ ਤੂੰ ਹਰ ਸਾਲ ਦਰਸ਼ਨਾਂ ਨੂੰ ਆਉਂਦਾ ਸੀ। ਭਾਈ ਲਹਿਣਾ ਜੀ ਬਹੁਤ ਹੈਰਾਨ ਹੋਏ ਤੇ ਪੁੱਛਿਆ, ਫੇਰ ਇਥੇ ਇਹ ਝਾੜੂ ਦੀ ਸੇਵਾ ਕਿਉਂ? ਦੇਵੀ ਨੇ ਜਵਾਬ ਦਿੱਤਾ, ਗੁਰੂ ਨਾਨਕ ਦੇ ਦਰ ਤੋਂ ਬਖਸ਼ਿਸ਼ਾਂ ਲੈ ਕੇ ਹੀ ਤਾਂ ਮੈਂ ਆਪਣੇ ਦਰ 'ਤੇ ਆਉਣ ਵਾਲਿਆਂ ਦੀਆਂ ਝੋਲੀਆਂ ਭਰਦੀ ਹਾਂ।

ਸੋ ਸਾਧਕ ਬੰਦੇ ਲਈ ਪਹਿਲੀ ਜੁਗਤੀ ਹੈ ਕਿ ਸਤਿਕਾਰ ਸਭ ਦਾ ਕਰੇ, ਕਿਸੇ ਦੀ ਨਿੰਦਿਆ ਨਹੀਂ ਪਰ ਆਪਣੇ ਗੁਰੂ ਪਿਤਾ ਤੋਂ ਇਲਾਵਾ ਥਾਂ-ਥਾਂ ਤੋਂ ਪ੍ਰਭਾਵਿਤ ਨਾ ਹੋਵੇ।

ਅੱਜ ਤੋਂ ਕੁਝ ਸਾਲ ਪਹਿਲੇ ਦੀ ਗੱਲ ਹੈ। ਰਾਤ ਦੇ ਸਾਢੇ ਦਸ ਵਜੇ ਸਨ। ਦਾਸ ਦੇ ਘਰ ਦਾ ਬੂਹਾ ਜ਼ੋਰ ਦੀ ਖੜਕਿਆ। ਦਾਸ ਨੇ ਉੱਪਰੋਂ ਤੱਕਿਆ ਕਿ ਕੌਣ ਹੈ ਇੰਨੀ ਰਾਤ ਨੂੰ ਜੋ ਇੰਨੀ ਤੇਜ਼ ਬੂਹਾ ਖੜਕਾ ਰਿਹਾ ਹੈ! ਵੇਖਿਆ, ਇਕ ਗੁਰਸਿੱਖ, ਦਾਹੜਾ ਖੁੱਲ੍ਹਾ, ਦਸਤਾਰ ਸਜੀ। ਦਾਸ ਨੂੰ ਕਹਿੰਦਾ, ਜਲਦੀ ਥੱਲੇ ਆਓ। ਦਾਸ ਥੱਲੇ ਗਿਆ। ਪੁੱਛਿਆ, ਦੱਸੋ ਕੀ ਗੱਲ ਹੈ? ਉਹ ਕਹਿੰਦਾ, ਜਲਦੀ ਮੇਰੇ ਨਾਲ ਚੱਲੋ, ਕਿਧਰੇ ਲਾਹਾ ਲੈਣ ਤੋਂ ਰਹਿ ਨਾ ਜਾਇਓ। ਦਾਸ ਨੇ ਕਿਹਾ, ਕਿਹੜਾ ਲਾਹਾ? ਦੱਸ ਤੇ ਸਹੀ। ਉਹ ਕਹਿੰਦਾ, ਮਸਾਣਾਂ ਵਿਚ ਇਕ ਮਹਾਂ ਪੁਰਖ ਆਏ ਹਨ। ਉਨ੍ਹਾਂ ਦੀ ੧੫੦ ਸਾਲ ਦੀ ਉਮਰ ਹੈ। ਜਲਦੀ ਚੱਲੋ, ਕਿਧਰੇ ਚਲੇ ਨਾ ਜਾਣ, ਉਨ੍ਹਾਂ ਦੇ ਦਰਸ਼ਨ ਕਰ ਲਵੋ; ਜਿਹੜਾ ਵੀ, ਜੋ ਵੀ ਉਨ੍ਹਾਂ ਕੋਲ ਆਸ ਲੈ ਕੇ ਜਾਵੇ ਪੂਰੀ ਹੋ ਜਾਂਦੀ ਹੈ। ਦਾਸ ਨੇ ਉਸ ਦਾ ਮੋਢਾ ਫੜ ਕੇ

ਆਖਿਆ, ਜਿੰਨੀ ਤੈਨੂੰ ਕਾਹਲੀ ਹੈ, ਮੈਨੂੰ ਨਹੀਂ। ਉਹ ਕਹਿੰਦਾ, ਜੀ ਲਾਹਾ ਲਵੋ, ਐਵੇਂ ਸਮਾਂ ਨਾ ਗਵਾਓ। ਦਾਸ ਨੇ ਆਖਿਆ, ਜਰਨਲ ਨੋਲੇਜ ਲਈ ਭਾਵੇਂ ਚਲਾ ਜਾਵਾਂ ਪਰ ਜਿਸ ਕੋਲੋਂ ਮੰਗਣਾ ਹੈ, ਜਿਸ ਨੂੰ ਹਿਰਦੇ 'ਤੇ ਬਿਠਾਇਆ ਹੈ, ਜਿਸ ਅੱਗੇ ਮਨ ਵੇਚਿਆ ਹੈ, ਉਹ ਕੰਮ ਹੋ ਚੁਕਾ ਹੈ।

ਅਸੀਂ ਵੀ ਕਈ ਵਾਰੀ ਇਕ ਮਿੰਟ ਵਿਚ ਕਿਸੇ ਦੂਜੇ ਤੋਂ ਪ੍ਰਭਾਵਿਤ ਹੋ ਜਾਂਦੇ ਹਾਂ। ਕੋਈ ਸੋਨੇ ਦਾ ਵੀ ਬਣ ਕੇ ਦਿਖਾ ਦੇਵੇ, ਫਿਰ ਵੀ ਆਪਣੇ ਗੁਰੂ ਨੂੰ ਹੀ ਹਿਰਦੇ ਵਿਚ ਰੱਖਿਓ। ਸਿੱਖ ਦਾ ਆਪਣੇ ਗੁਰੂ 'ਤੇ ਆਪਣੇ ਕੇਂਦਰ 'ਤੇ ਭਰੋਸਾ ਪਹਾੜ ਵਰਗਾ ਸਥਿਰ ਹੋਵੇ, ਤੀਲੇ ਵਰਗਾ ਨਾ ਹੋਵੇ। ਜਦੋਂ ਹਨੇਰੀ ਆਉਂਦੀ ਹੈ, ਤੀਲੇ ਨੂੰ ਕਈ ਬਜ਼ਾਰਾਂ ਵਿਚ ਉਡਾਂਦੀ ਹੈ, ਜਦੋਂ ਹਨੇਰੀ ਆਵੇ, ਤੀਲਾ ਉੱਡਦਾ ਹੈ ਦੂਜੇ ਬਜ਼ਾਰਾਂ ਵਿਚ। ਗੜ੍ਹਸ਼ੰਕਰ ਵਿਚ ਹੋਰ ਵੀ ਤਾਂ ਕਈ ਸਿੱਖ ਰਹਿੰਦੇ ਹੀ ਹੋਣਗੇ ਪਰ ਇਕ ਭਾਈ ਤਿਲਕਾ ਹੀ ਸੀ ਜਿਹੜਾ ਸਵਰਗਾਂ ਦੇ ਲਾਲਚ ਤੋਂ ਵੀ ਪ੍ਰਭਾਵਿਤ ਨਹੀਂ ਸੀ ਹੋਇਆ। ਕੇਵਲ ਭਾਈ ਤਿਲਕਾ ਹੀ ਨਹੀਂ ਸੀ ਗਿਆ ਜੋਗੀ ਦੇ ਦਰਸ਼ਨ ਕਰਨ ਜਿਸ ਨੇ ਵਰ ਪ੍ਰਾਪਤ ਕੀਤਾ ਸੀ ਕਿ ਜਿਹੜਾ ਵੀ ਮੇਰੇ ਦਰਸ਼ਨ ਕਰੇ ਉਸ ਨੂੰ ਇੱਕ ਸਾਲ ਦਾ ਸਵਰਗ ਮਿਲੇਗਾ ਤੇ ਆਪਣੀ ਮਰਜ਼ੀ ਨਾਲ ਜਿਸ ਨੂੰ ਵੀ ਚਾਹਵਾਂ ੧੦੦ ਸਾਲ ਦਾ ਸਵਰਗ ਦੇ ਦੇਵਾਂ। ਜਿਹੜੇ ਤੀਲੇ ਵਰਗੇ ਸੀ, ਉੱਡ ਕੇ ਚਲੇ ਗਏ ਜੋਗੀ ਦੇ ਦਰਸ਼ਨਾਂ ਨੂੰ ਸਵਰਗ ਲੈਣ ਦੀ ਖਾਤਰ, ਪਰ ਜਿਹੜਾ ਪਹਾੜ ਵਰਗਾ ਸੀ, ਉਹ ਟਿਕਿਆ ਰਿਹਾ। ਉਹ ਨਹੀਂ ਗਿਆ।

ਇਥੋਂ ਤਕ ਇਤਿਹਾਸ 'ਚ ਲਿਖਿਆ ਹੈ ਕਿ ਜੋਗੀ ਆਪ ਗਿਆ ਤੇ ਤਿਲਕੇ ਨੂੰ ਕਹਿੰਦਾ, ਦਰਵਾਜ਼ਾ ਖੋਲ੍ਹ ਤੇ ਮੇਰੇ ਦਰਸ਼ਨ ਕਰ ਲੈ। ਜੋਗੀ ਨੇ ਇਥੋਂ ਤਕ ਕਿਹਾ ਕਿ ੧੦੦ ਸਾਲ ਦਾ ਸਵਰਗ ਲੈ ਲੈ ਪਰ ਉਸ ਨੇ ੧੦੦ ਸਾਲ ਦਾ ਸਵਰਗ ਵੀ ਠੁਕਰਾ ਦਿੱਤਾ। ਕਿਹਾ, ਮੈਂ ਸਵਰਗਾਂ 'ਚ ਜਾਣਾ ਹੀ ਨਹੀਂ ਚਾਹੁੰਦਾ, ਮੈਨੂੰ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਦਾ ਰਸ ਮਿਲਿਆ ਹੈ, ਮੈਨੂੰ ਹੋਰ ਕੁਝ ਚੰਗਾ ਹੀ ਨਹੀਂ ਲੱਗਦਾ। ਦੁਨੀਆਂ ਹੈ ਨਾ! ਕੋਈ ਐਹੋ ਜਿਹੀ ਗੱਲ ਸੁਣੇ, ਭੀੜਾਂ ਲੱਗ ਜਾਂਦੀਆਂ ਹਨ।

ਕੁਝ ਸਾਲ ਪਹਿਲੇ ਅੰਮ੍ਰਿਤਸਰ 'ਚ ਹੀ ਕੋਈ ਬੱਚਾ ਜੰਮਿਆ ਤੇ ਉਸ

ਦਾ ਨੱਕ ਥੋੜ੍ਹਾ ਹੋਰ ਤਰ੍ਹਾਂ ਦਾ ਕੁਦਰਤ ਵੱਲੋਂ। ਰੌਲਾ ਪੈ ਗਿਆ ਕਿ ਗਣੇਸ਼ ਜੀ ਦਾ ਜਨਮ ਹੋਇਆ ਹੈ, ਜੋ ਮੰਗੋਗੇ ਮਿਲੇਗਾ। ਭੀੜਾਂ ਲੱਗ ਗਈਆਂ। ਕਾਫੀ ਸਾਲ ਪਹਿਲੇ ਸਟੋਵ ਦੇਵਤਾ ਨਿਕਲ ਆਇਆ ਸੀ। ਕਹਿੰਦੇ, ਇਹਦੇ ਕੋਲ ਬੈਠੋ ਤੇ ਜੋ ਮਰਜ਼ੀ ਮੰਗ ਲਵੋ, ਮੰਗ ਪੂਰੀ ਹੁੰਦੀ ਹੈ। ਹੁਣ ਕਿੱਥੇ ਗਿਆ ਉਹ ਦੇਵਤਾ? ਭੀੜਾਂ ਲੱਗ ਜਾਂਦੀਆਂ ਹਨ ਕੋਈ ਇਹੋ ਜਿਹੀ ਗੱਲ ਸੁਣਨ ਨੂੰ ਮਿਲਣ 'ਤੇ।

ਪਿੱਛੇ ਜਿਹੇ ਕਹਿੰਦੇ ਸੀ, ਕੋਈ ਇਲਾਕੇ ਵਿੱਚੋਂ ਪਾਣੀ ਨਿਕਲਿਆ ਹੈ, ਲੋੜ ਹੀ ਨਹੀਂ ਡਾਕਟਰਾਂ ਕੋਲ ਜਾਣ ਦੀ, ਇਹ ਪਾਣੀ ਸਾਰੇ ਹੀ ਰੋਗ ਦੂਰ ਕਰ ਦੇਵੇਗਾ। ਭੀੜਾਂ ਲੱਗ ਗਈਆਂ, ਬੱਸਾਂ, ਟਰੱਕ ਭਰ-ਭਰ ਕੇ ਜਾਣੇ ਸ਼ੁਰੂ ਹੋ ਗਏ। ਭੀੜਾਂ ਲੱਗ ਜਾਂਦੀਆਂ ਹਨ ਕੋਈ ਇਹੋ ਜਿਹੀ ਗੱਲ ਸੁਣਨ ਨੂੰ ਮਿਲੇ ਤੇ ਪਰ ਜਿਨ੍ਹਾਂ ਦਾ ਆਪਣੇ ਗੁਰੂ 'ਤੇ ਭਰੋਸਾ ਸਥਿਰ ਹੈ ਇਹ ਕਿਸੇ ਤੋਂ ਪ੍ਰਭਾਵਿਤ ਨਹੀਂ ਹੁੰਦੇ। ਉਹ ਆਪਣੇ ਗੁਰੂ ਕੋਲੋਂ ਹੀ ਮੰਗਦੇ ਹਨ। ਉਹ ਆਪਣੇ ਗੁਰੂ ਤੋਂ ਇਲਾਵਾ ਹੋਰ ਕਿਸੇ ਅੱਗੇ ਆਪਣੇ ਦੁੱਖ ਦੀ ਪੰਡ ਨਹੀਂ ਰੱਖਦੇ।

ਇਹ ਪਹਿਲੀ ਜੁਗਤੀ ਜੇ! ਥਾਂ-ਥਾਂ ਤੋਂ ਪ੍ਰਭਾਵਿਤ ਨਹੀਂ ਹੋਣਾ। ਥਾਂ-ਥਾਂ 'ਤੇ ਸਿਰ ਡਾਹੁਣ ਵਾਲਾ ਬੰਦਾ ਥਿੜਕ ਜਾਂਦਾ ਹੈ।

ਅਸੀਂ ਅਹਿਮਦਾਬਾਦ ਗਏ। ਉਥੇ ਕੀਰਤਨ ਤੇ ਅੰਮ੍ਰਿਤ-ਸੰਚਾਰ ਸੀ। ਪੰਜ ਘੰਟੇ ਵਿੱਚੋਂ ਵਿਹਲੇ ਸੀ। ਜਿਸ ਘਰ ਅਸੀਂ ਠਹਿਰੇ ਸੀ, ਉਹ ਸਾਨੂੰ ਇਕ ਜਗ੍ਹਾ 'ਤੇ ਲੈ ਗਏ ਜਿਸ ਨੂੰ ਕਿਸੇ ਨੇ ਅਰਬਾਂ ਰੁਪਏ ਲਾ ਕੇ ਬਣਾਇਆ ਹੈ, ਉਸ ਦਾ ਨਾਂ ਸੀ 'ਅਕਸ਼ਰ ਧਾਮ'। ਅਸੀਂ ਅੰਦਰ ਜਾ ਕੇ ਵੇਖਿਆ ਕਿ ੧੬ ਪਰਦਿਆਂ ਦੀ ਪਿਕਚਰ ਜਿਸ ਵਿਚ ਪਰਮਾਤਮਾ ਦੀ ਸ੍ਰਿਸ਼ਟੀ ਬਾਰੇ ਦਿਖਾਇਆ ਗਿਆ ਸੀ, ਦੂਜੇ ਪਾਸੇ Computer ਨਾਲ ਮੀਂਹ ਵਰ੍ਹਾਇਆ, ਹੋਰ ਹਜ਼ਾਰਾਂ ਸਾਲ ਪਹਿਲਾਂ ਦਾ ਸਮਾਂ ਵੀ ਵਿਖਾਇਆ। ਉਨ੍ਹਾਂ ਦੀ ਅਖੀਰਲੀ Item ਸੀ ਕਿ ਮੂਰਤੀਆਂ ਕੀਰਤਨ ਕਰਦੀਆਂ ਸਨ। ਕੋਈ ਮੂਰਤੀ ਮਰਦੰਗ ਵਜਾ ਰਹੀ ਹੈ, ਕੋਈ ਰਬਾਬ ਵਜਾ ਰਹੀ ਹੈ। ਪਿੱਛੇ ਟੇਪ ਵਿਚ ਧਾਰਮਿਕ ਗੀਤ ਲੱਗਾ ਸੀ। ਜਿਵੇਂ-ਜਿਵੇਂ ਟੇਪ ਵਿੱਚੋਂ ਅਵਾਜ਼ ਨਿਕਲਦੀ ਸੀ, ਮੂਰਤੀ ਵੀ ਮੂੰਹ ਹਿਲਾਂਦੀ ਸੀ। ਜਿਵੇਂ ਟੇਪ ਚਲਦੀ ਸੀ, ਮੂਰਤੀਆਂ ਦੇ ਵੀ ਬੁੱਲ੍ਹ ਹਿੱਲਦੇ ਸਨ। ਸ਼ਰਧਾ ਦੇ

ਬੋਲ ਆਉਣ 'ਤੇ ਮੂਰਤੀਆਂ ਅੱਖਾਂ ਬੰਦ ਕਰ ਕੇ ਝੂਮਦੀਆਂ ਵੀ ਸਨ। ਦਾਸ ਦਾ ਹੀ ਇਕ ਸਾਥੀ, ਕਹਿੰਦਾ, ਵੇਖੋ ਜੀ! ਕਿੰਨੀ ਵੱਡੀ ਗੱਲ ਹੈ! ਮੂਰਤੀਆਂ ਕੀਰਤਨ ਕਰ ਰਹੀਆਂ ਹਨ।

ਦਾਸ ਨੇ ਕਿਹਾ, ਵੇਖੀ ਜਾ ਪਰ ਪ੍ਰਭਾਵਿਤ ਨਾ ਹੋ। ਉਹ ਕਹਿਣ ਲੱਗਾ, ਜੀ ਚੀਜ਼ ਹੀ ਪ੍ਰਭਾਵਿਤ ਕਰਨ ਵਾਲੀ ਹੈ। ਦਾਸ ਨੇ ਕਿਹਾ, ਬਹੁਤ ਵਧੀਆ ਚੀਜ਼ ਹੈ ਪਰ ਪ੍ਰਭਾਵਿਤ ਨਾ ਹੋ। ਇਹ ਤਾਂ ਮੂਰਤੀਆਂ ਕੀਰਤਨ ਕਰਦੀਆਂ ਨੇ ਪਰ ਤੇਰੇ ਪਿਓ ਦੇ ਘਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੱਠੇ ਪਹਿਰ ਸੱਚੀਆਂ ਮੂਰਤੀਆਂ ਕੀਰਤਨ ਕਰਦੀਆਂ ਹਨ। ਦਿੱਲੀ ਰਕਾਬ ਗੰਜ ਚਲੇ ਜਾਵੋ, ਸੀਸ ਗੰਜ, ਬੰਗਲਾ ਸਾਹਿਬ ਚਲੇ ਜਾਵੋ, ਕੀਰਤਨ ਹੋ ਰਿਹਾ ਹੈ। ਗੁਰੂ ਰਾਮਦਾਸ ਜੀ ਦੇ ਘਰ ਤਾਂ ਅੱਠੇ ਪਹਿਰ ਹੀ ਕੀਰਤਨ ਦੀ ਖੁਰਾਕ ਮਿਲਦੀ ਹੈ। ਇਹ ਵੇਖ ਪਰ ਪ੍ਰਭਾਵਿਤ ਨਾ ਹੋ।

ਸੋ ਇਹ ਪਹਿਲੀ ਜੁਗਤੀ ਹੈ ਸਾਧ ਸੰਗਤ ਜੀ। ਜੇ ਇਸ ਸੜਕ 'ਤੇ ਤੁਰਨ ਦਾ ਸ਼ੌਕ ਹੈ ਤਾਂ ਆਪਣੇ ਪਿਤਾ ਨੂੰ ਹਿਰਦੇ ਦੇ ਉਸ ਤਲ 'ਤੇ ਬਿਠਾਣਾ ਹੈ ਕਿ ਥਾਂ-ਥਾਂ ਤੋਂ ਪ੍ਰਭਾਵਿਤ ਨਹੀਂ ਹੋਣਾ ਕਿਉਂਕਿ ਜੇ ਤੂੰ ਕਿਸੇ ਤੋਂ ਪ੍ਰਭਾਵਿਤ ਹੋ ਗਿਆ, ਗੁਰੂ ਨੂੰ ਥੋੜ੍ਹਾ ਛੋਟਾ ਵੇਖਿਆ ਤੇ ਇਕ ਦਿਨ ਇਹੋ ਜਿਹਾ ਆ ਜਾਂਦਾ ਹੈ ਕਿ ਜ਼ਖਮ ਇੰਨਾ ਵੱਡਾ ਹੋ ਜਾਂਦਾ ਹੈ ਕਿ ਗੁਰੂ ਵਿਚ ਵੀ ਦੋਸ਼ ਵੇਖਣ ਲੱਗ ਜਾਂਦਾ ਹੈ। ਇਹ ਜ਼ਖਮ ਜਨਮ ਹੀ ਨਾ ਲਵੇ ਕਿਉਂਕਿ ਜੇ ਗੁਰੂ ਨੂੰ ਛੋਟਾ ਵੇਖਿਆ, ਗੁਰੂ ਵਿਚ ਦੋਸ਼ ਨਜ਼ਰ ਆਉਣ ਲੱਗ ਗਏ ਤੇ ਤੇਰੀ ਭਗਤੀ ਰੁਕ ਜਾਵੇਗੀ। ਗੁਰੂ ਨਾਲ ਤਾਂ ਇਹੋ ਜਿਹੀ ਸਾਂਝ ਪਾਉਣੀ ਹੈ ਕਿ ਗੁਰੂ ਨਾਨਕ! ਤੇਰੇ ਤੋਂ ਪਰ੍ਹੇ ਹੈ ਹੀ ਕੁਝ ਨਹੀਂ। ਮੇਰਾ ਤੇ ਨਿਰੰਕਾਰ ਵੀ ਤੂੰ ਹੀ ਹੈਂ। ਇਹੋ ਜਿਹਾ ਇੱਕ ਦਾ ਬਣਨਾ ਹੈ ਕਿ ਹੋਰ ਨਿਰੰਕਾਰ ਵੀ ਨਾ ਲੱਭਣਾ ਪਵੇ। ਉਸ ਦੇ ਅੰਦਰੋਂ ਹੀ ਨਿਰੰਕਾਰ ਦੇ ਦਰਸ਼ਨ ਹੋਣਗੇ।

ਇਹ ਕਦੀ ਨਹੀਂ ਸਮਝਣਾ ਕਿ ਦੂਸਰੇ ਧਰਮਾਂ ਦੇ ਲੋਕ ਜਾਂ ਉਨ੍ਹਾਂ ਦੀਆਂ ਧਾਰਮਿਕ ਕ੍ਰਿਆਵਾਂ ਨੀਵੀਆਂ ਹਨ। ਸਿੱਖ ਨੇ ਬਣ ਕੇ ਇੱਕ ਦਾ ਰਹਿਣਾ ਹੈ ਪਰ ਸਤਿਕਾਰ ਸਾਰਿਆਂ ਦਾ ਕਰਨਾ ਹੈ, ਨਹੀਂ ਤਾਂ ਉਸ ਦੇ ਅੰਦਰ ਈਰਖਾ ਤੇ ਨਿੰਦਿਆ ਵਰਗੇ ਮਾੜੇ ਔਗੁਣ ਆ ਜਾਣਗੇ, ਉਸ ਦੀ ਭਗਤੀ ਕੱਟੜ ਬਣ

ਜਾਵੇਗੀ। ਕੱਟੜ ਭਗਤੀ ਬਣ ਜਾਵੇਗੀ। ਕੱਟੜ ਭਗਤੀ ਨਹੀਂ ਕਰਨੀ, ਪ੍ਰੇਮਾ ਭਗਤੀ ਕਰਨੀ ਹੈ। ਤੇ ਇਹ ਪ੍ਰਾਪਤੀ ਕਰਨ ਵਾਲੇ ਸਾਧਕ ਲਈ ਪਹਿਲੀ ਧਿਆਨ ਦੇਣ ਯੋਗ ਜੁਗਤੀ ਹੈ ਕਿ ਸਾਧਕ ਸਤਿਕਾਰ ਸਭ ਧਰਮਾਂ ਦਾ ਕਰੇ ਪਰ ਆਪਣੇ ਗੁਰੂ ਪਿਤਾ ਤੋਂ ਇਲਾਵਾ ਕਿਸੇ ਤੋਂ ਪ੍ਰਭਾਵਿਤ ਨਾ ਹੋਵੇ।

△△△△

ਦੂਸਰੀ ਜੁਗਤੀ

੨. ਸਾਧਕ ਬੰਦੇ ਲਈ ਦੂਸਰੀ ਜੁਗਤੀ ਹੈ, ਜੇ ਸਾਧਨਾ ਵੇਲੇ ਆਲਸ ਤੰਗ ਕਰੇ, ਮਨ ਅੱਕ ਜਾਵੇ ਤਾਂ ਢੰਗ ਬਦਲਾਈ ਜਾਵੇ ਪਰ ਸਾਧਨਾ ਨਾ ਛੱਡੇ।

ਜਿਵੇਂ ਸ਼ੁਰੂ ਵਿਚ ਕੋਈ ਛੋਟਾ ਬੱਚਾ ਵੀ ਸਕੂਲ ਖੁਸ਼ੀ ਨਾਲ ਨਹੀਂ ਜਾਂਦਾ ਕਿਉਂਕਿ ਉਥੇ ਉਸ ਦਾ ਮਨ ਨਹੀਂ ਲੱਗਦਾ। ਪਰ ਹੌਲੀ-ਹੌਲੀ ਮਾਂ-ਬਾਪ ਪੜ੍ਹਾਈ ਦੇ ਫਾਇਦੇ ਸਮਝਾਉਂਦੇ ਹਨ ਤੇ ਬੱਚੇ ਆਪਣੇ ਆਪ ਸਕੂਲ ਜਾ ਕੇ ਪੜ੍ਹਨ ਲਈ ਰਾਜ਼ੀ ਹੋ ਜਾਂਦੇ ਹਨ। ਸਕੂਲ ਵਿਚ ਵੀ ਪੜ੍ਹਾਈ ਵਿਚ ਸ਼ੌਕ ਪੈਦਾ ਕਰਨ ਲਈ ਕਈ ਤਰ੍ਹਾਂ ਦੇ ਢੰਗ ਅਪਣਾਏ ਜਾਂਦੇ ਹਨ। ਇਹ ਤੇ ਨਹੀਂ ਹੁੰਦਾ ਕਿ ਬੱਚਾ ਦੋ-ਤਿੰਨ ਦਿਨ ਰੋਏ ਤੇ ਮਾਂ-ਪਿਉ ਉਸ ਨੂੰ ਸਕੂਲ ਤੋਂ ਹੀ ਉਠਾ ਲੈਣ। ਬੱਚੇ ਨੂੰ ਸਕੂਲ ਭੇਜਣ ਲਈ ਕਈ ਤਰ੍ਹਾਂ ਦੇ ਢੰਗ ਅਪਣਾਏ ਜਾਂਦੇ ਹਨ। ਇਸੇ ਤਰ੍ਹਾਂ ਹੀ ਜਦੋਂ ਅਸੀਂ ਏਸ ਬੰਨੇ ਤੁਰਦੇ ਹਾਂ ਤਾਂ ਸ਼ੁਰੂ-ਸ਼ੁਰੂ ਵਿਚ ਨੀਂਦਰ, ਆਲਸ, ਮਨ ਦਾ ਅੱਕ ਜਾਣਾ--- ਇਹ ਚੀਜ਼ਾਂ ਦੇ ਤੰਗ ਕਰਨ 'ਤੇ ਸਾਧਨਾ ਨੂੰ ਛੱਡ ਦੇਣਾ, ਇਹ ਕੋਈ ਰਸਤਾ ਨਹੀਂ। ਲੱਗੇ ਰਹਿਣਾ ਹੀ ਦਵਾ ਹੈ।

ਭਾਈ ਵੀਰ ਸਿੰਘ ਜੀ ਦੇ ਬਚਨ ਹਨ ਕਿ ਦਿਲ ਟਿਕੇ ਜਾਂ ਨਾ ਟਿਕੇ ਨਾਮ-ਬਾਣੀ ਨਹੀਂ ਛੱਡਣੀ, ਜੋ ਲੱਗੇ ਰਹਿਣਗੇ ਉਨ੍ਹਾਂ ਲਈ ਉਹ ਸਮਾਂ ਆਏਗਾ ਜਦੋਂ ਮਨ ਦਾ ਟਿਕਾਉ ਵੀ ਪ੍ਰਾਪਤ ਹੋ ਜਾਵੇਗਾ। ਜੋ ਤੁਰੇ ਰਹਿਣਗੇ ਭਾਵੇਂ ਮੱਧਮ ਚਾਲ ਹੀ ਸਹੀ ਉਨ੍ਹਾਂ ਦੇ ਤਾਂ ਮੰਜ਼ਿਲ 'ਤੇ ਪਹੁੰਚਣ ਦੀ ਆਸ ਹੋ ਸਕਦੀ ਹੈ ਪਰ ਜਿਨ੍ਹਾਂ ਨੇ ਰਸਤਾ ਹੀ ਛੱਡ ਦਿੱਤਾ ਉਹ ਤਾਂ ਫਿਰ ਸਦਾ ਲਈ ਘੁੱਸ ਗਏ।

ਮਨ ਦਾ ਸੁਭਾਅ ਹੈ ਕਿ ਉਹ ਰਸ ਲੱਭਦਾ ਹੈ। ਜਿਸ ਕੰਮ ਵਿਚ ਰਸ ਨਾ ਆਵੇ ਉਸ ਤੋਂ ਜਲਦੀ ਹੀ ਅੱਕ ਜਾਂਦਾ ਹੈ। ਸਿਮਰਨ ਪਹਿਲਾਂ ਮੈਲ ਕੱਟਦਾ ਹੈ ਇਸ ਲਈ ਪਹਿਲਾਂ ਇਸ ਵਿਚ ਮਨ ਨਹੀਂ ਲੱਗਦਾ ਤੇ ਜਦੋਂ ਮਨ ਨਿਰਮਲ

ਹੋ ਜਾਂਦਾ ਹੈ ਫਿਰ ਸਿਮਰਨ ਵਿਚ ਰਸ ਆਉਣ ਲੱਗ ਜਾਂਦਾ ਹੈ, ਫਿਰ ਛੱਡਣ ਨੂੰ ਜੀਅ ਨਹੀਂ ਕਰਦਾ। ਕਈ ਕਹਿ ਦੇਂਦੇ ਹਨ, ਜੇ ਮਨ ਨਹੀਂ ਜੁੜਦਾ ਤਾਂ ਬਾਣੀ ਪੜ੍ਹਨ ਦਾ, ਨਾਮ ਜਪਣ ਦਾ ਕੀ ਫਾਇਦਾ? ਮਨ ਜੁੜੇ ਜਾਂ ਨਾ ਜੁੜੇ ਸ਼ਬਦ ਦੇ ਅਭਿਆਸ ਵਿਚ ਬੈਠਿਆ ਕਰੋ। ਜਦ ਤਕ ਪੁੰਨ ਘੱਟ ਨੇ ਮਨ ਨਹੀਂ ਜੁੜਦਾ, ਪੁੰਨ ਵਧਦਿਆਂ ਹੀ ਮਨ ਜੁੜਨਾ ਸ਼ੁਰੂ ਹੋ ਜਾਵੇਗਾ। ਜੇ ਛੱਡ ਦਿਆਂਗੇ ਫਿਰ ਪੁੰਨ ਕਿਸ ਤਰ੍ਹਾਂ ਵਧਣਗੇ?

ਜਿਵੇਂ ਧਰਤੀ ਵਿਚ ਬੀਜ ਉਲਟਾ ਪਾ ਦਿਓ ਚਾਹੇ ਸਿੱਧਾ ਪਾ ਦਿਓ, ਉੱਗਦਾ ਸਿੱਧਾ ਹੀ ਹੈ। ਤੁਸੀਂ ਵਾਹਿਗੁਰੂ-ਵਾਹਿਗੁਰੂ ਕਰਨਾ ਹੈ- ਯਤਨ ਕਰੋ, ਰੀਝ ਕੇ ਕਰੋ ਲੇਕਿਨ ਜੇ ਖਿਝ ਕੇ ਵੀ ਕਰੋਗੇ ਤਾਂ ਵੀ ਕੁਝ ਨਾ ਕੁਝ ਦੇ ਕੇ ਹੀ ਜਾਵੇਗਾ:

ਤੁਲਸੀ ਹਰਿ ਹਰਿ ਕੀਜੀਏ ਭਾਵੇ ਰੀਝ ਕਿ ਖੀਝ॥
ਜਿਉ ਧਰਤੀ ਮੇ ਹਰਾ ਹੋਇ ਉਲਟਾ ਪੁਲਟਾ ਬੀਜ॥

ਜਿਵੇਂ ਅੱਗ ਦਾ ਕੰਮ ਹੈ ਸਾੜਨਾ, ਉਸ ਵਿਚ ਕਿਸੇ ਤਰੀਕੇ ਵੀ ਕੋਈ ਚੀਜ਼ ਪਾ ਦਿਓ ਉਸ ਨੇ ਉਸ ਨੂੰ ਸਾੜ ਹੀ ਦੇਣਾ ਹੈ, ਤਿਵੇਂ ਹੀ ਬਾਣੀ ਦਾ ਕੰਮ ਹੈ ਪਾਪਾਂ ਨੂੰ ਸਾੜਨਾ, ਭਾਵੇਂ ਕਿਸੇ ਤਰ੍ਹਾਂ ਵੀ ਪੜ੍ਹੀਏ ਉਸ ਨੇ ਸਾਡੇ ਪਾਪਾਂ ਨੂੰ ਸਾੜ ਹੀ ਦੇਣਾ ਹੈ।

ਇਕ ਅਵਸਥਾ ਹੈ-- ਸ੍ਰੀ ਸੁਖਮਨੀ ਸਾਹਿਬ ਜੀ ਦੀ ੧੭ਵੀਂ ੧੮ਵੀਂ ਅਸਟਪਦੀ ਆਈ ਤੇ ਮਨ ਅੱਕਿਆ ਪਿਆ ਹੈ ਕਿ ਕਦੋਂ ਸਮਾਪਤੀ ਹੋਵੇਗੀ, ਤੇ ਇਕ ਅਵਸਥਾ ਹੈ-- ਸ੍ਰੀ ਸੁਖਮਨੀ ਸਾਹਿਬ ਪੜ੍ਹਨ 'ਚ ਰਸ ਆਉਣ ਲੱਗ ਪਿਆ ਹੈ। ਪਾਠ ਦੀ ਸਮਾਪਤੀ ਤੋਂ ਬਾਅਦ ਕੰਮ 'ਤੇ ਜਾਣ ਦਾ ਸਮਾਂ ਹੋ ਗਿਆ ਹੈ ਪਰ ਮਨ ਕਰਦਾ ਹੈ ਕਿ ਹੋਰ ਬੈਠਾਂ। ਦੁਨਿਆਵੀ Duty ਕਾਰਨ ਆਪਣੇ ਨੇਮ ਤੋਂ ਉੱਠੇ ਪਰ ਮਨ ਨਹੀਂ ਕਰ ਰਿਹਾ। ਇਕ ਹੈ ਮਨ ਦਾ ਅੱਕਣਾ; ਇਕ ਹੈ, ਰਸ ਆ ਗਿਆ।

ਭਾਈ ਵੀਰ ਸਿੰਘ ਜੀ ਦੇ ਬਚਨ ਹਨ-"ਸਾਡਾ ਰਸ ਦਾ ਹੱਕ ਕਿੱਥੇ ਹੈ, ਇਹ ਤਾਂ ਗੁਰੂ ਕਦੀ-ਕਦੀ ਝਲਕਾਰੇ ਮਾਰ ਕੇ ਦੇਂਦਾ ਹੈ ਤਾਂ ਕਿ ਕਿਧਰੇ ਬੱਚੇ ਡੋਲ ਨਾ ਜਾਣ। ਬੰਦੇ ਦਾ ਧਰਮ ਹੈ ਭਜਨ ਕਰਨਾ, ਰਸ ਵਾਹਿਗੁਰੂ ਦੇ ਵੱਸ

ਵਿਚ ਹੈ। ਅਜੇ ਤਾਂ ਯੁੱਧ ਹੈ। ਨਾਮ ਦੇ ਗੋਲੇ ਮਾਰ ਕੇ ਮਾਇਆ ਦੇ, ਮੈਲ ਦੇ, ਘਬਰਾਅ ਦੇ, ਗੁਬਾਰ ਦੇ ਮੋਰਚੇ ਤੋੜਨੇ ਹਨ। ਦਬਾ-ਦਬ ਗੋਲੇ ਬਰਸਦੇ ਰਹਿਣ ਤੇ ਵੈਰੀ ਦੇ ਕਿੰਗਰੇ ਢਹਿੰਦੇ ਰਹਿਣ। ਯੁੱਧ ਕੀ ਤੇ ਰਸ ਕੀ?" ਅਸੀਂ ਗੁਰੂ 'ਤੇ ਭਰੋਸਾ ਰੱਖ ਕੇ, ਗੁਰੂ ਦੇ ਓਟ-ਆਸਰੇ ਨਾਲ ਨਾਮ ਜਪ-ਜਪ ਕੇ ਇਨ੍ਹਾਂ ਵਿਕਾਰਾਂ 'ਤੇ ਫਤਹਿ ਪਾਉਣੀ ਹੈ। ਫਿਰ ਰਸ ਦੀ ਪ੍ਰਾਪਤੀ ਹੋਵੇਗੀ।

ਨਾਮ ਅਨਮੋਲ ਵਸਤੂ ਹੈ, ਰਤਨ ਹੈ, ਹੀਰਾ ਹੈ ਪਰ ਬਹੁਤ ਔਖਾ ਹੈ ਨਾਮ ਜਪਣਾ। ਇਕ ਵਾਰੀ ੧੦-੧੨ ਬ੍ਰਾਹਮਣਾਂ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਆ ਕੇ ਬੇਨਤੀ ਕੀਤੀ ਕਿ ਜਦੋਂ ਦਾ ਤੁਸੀਂ ਨਿਰੰਕਾਰ ਦੀ ਭਗਤੀ ਦਾ ਰਾਹ ਚਲਾਇਆ ਹੈ, ਸਾਡਾ ਵਪਾਰ ਬੰਦ ਹੋ ਗਿਆ ਹੈ, ਸਾਡੀ ਪੂਜਾ ਬੰਦ ਹੋ ਗਈ ਹੈ। ਸਤਿਗੁਰੂ ਕਹਿੰਦੇ, ਜੇ ਦੁਨੀਆਂ ਦੇ ਲੋਕਾਂ ਨੇ ਤੁਹਾਡੀ ਪੂਜਾ ਬੰਦ ਕਰ ਦਿੱਤੀ ਹੈ ਤੇ ਅਸੀਂ ਕਰਾਂਗੇ ਤੁਹਾਡੀ ਪੂਜਾ, ਤੁਹਾਨੂੰ ਪੂਜਾ ਵਿਚ ਕੀ ਚਾਹੀਦਾ ਹੈ? ਚੰਗੇ ਕੱਪੜੇ, ਭੋਜਨ, ਧਨ-ਦੌਲਤ ਇਹ ਤਿੰਨੇ ਚੀਜ਼ਾਂ ਅਸੀਂ ਤੁਹਾਨੂੰ ਦੇਵਾਂਗੇ। ਬ੍ਰਾਹਮਣ ਕਹਿੰਦੇ, ਇਹ ਤੇ ਬਹੁਤ ਵਧੀਆ ਗੱਲ ਹੈ, ਸਾਨੂੰ ਮੰਜ਼ੂਰ ਹੈ। ਗੁਰੂ ਸਾਹਿਬ ਨੇ ਭਾਈ ਆਲਮ ਨੂੰ ਕਿਹਾ ਇਨ੍ਹਾਂ ਬ੍ਰਾਹਮਣਾਂ ਦੇ ਹੱਥਾਂ ਵਿਚ ਮਾਲਾ ਫੜਾ ਕੇ ਤੇ ਇਨ੍ਹਾਂ ਨੂੰ ੫-੫ ਗਜ਼ ਦੀ ਦੂਰੀ 'ਤੇ ਬਿਠਾ ਕੇ ਇਨ੍ਹਾਂ ਨੂੰ ਕਹੋ ਕਿ ਸਿਮਰਨ ਕਰਨ। ਨਾਲ ਪਹਿਰਾ ਦੇਣਾ ਹੈ ਕਿ ਸਿਮਰਨ ਕਰਦਿਆਂ ਕਿਸੇ ਨੂੰ ਝੋਕ ਨਾ ਆਵੇ, ਕੋਈ ਸਿਮਰਨ ਕਰਨਾ ਬੰਦ ਨਾ ਕਰ ਦੇਵੇ। ਭਾਈ ਆਲਮ ਨੇ ਇਵੇਂ ਹੀ ਕੀਤਾ। ਉਨ੍ਹਾਂ ਬ੍ਰਾਹਮਣਾਂ ਨੇ ਬੜੀ ਮੁਸ਼ਕਿਲ ਨਾਲ ਸਿਮਰਨ 'ਚ ਦਿਨ ਕੱਟਿਆ। ਜਦੋਂ ਸ਼ਾਮ ਹੋਈ ਤਾਂ ਗੁਰੂ ਸਾਹਿਬ ਨੇ ਸਾਰਿਆਂ ਨੂੰ ਬਸਤ੍ਰ, ਭੋਜਨ ਤੇ ਪੰਜ-ਪੰਜ ਮੋਹਰਾਂ ਦਿੱਤੀਆਂ ਤੇ ਕਿਹਾ, ਇਹ ਸਭ ਕੁਝ ਰੋਜ਼ ਮਿਲੇਗਾ। ਤੁਹਾਡਾ ਕੰਮ ਸਿਰਫ ਸਾਰਾ ਦਿਨ ਨਾਮ ਜਪਣਾ ਹੈ। ਬ੍ਰਾਹਮਣ ਕਹਿਣ ਲੱਗੇ, ਇਹ ਜਿਹੜਾ ਨਾਮ ਜਪਾਉਂਦੇ ਹੋ, ਇਹ ਬੜਾ ਔਖਾ ਹੈ, ਇਹ ਜਿਹੜਾ ਕਹਿੰਦੇ ਹੋ ਮਾਲਾ ਫੇਰੋ, ਇਹ ਬੜੀ ਔਖੀ ਹੈ। ਨਾਮ ਜਪਣਾ ਸਾਡੇ ਵੱਸ ਦੀ ਗੱਲ ਨਹੀਂ, ਅਸੀਂ ਘੱਟ ਕਮਾ ਲਵਾਂਗੇ ਪਰ ਸਾਨੂੰ ਛੁੱਟੀ ਦੇ ਦਿਓ ਕਿਉਂਕਿ ਇਹ ਨਾਮ ਜਪਣ ਦਾ ਕੰਮ ਬੜਾ ਔਖਾ ਹੈ।

ਭਾਵ ਕਹਿਣ ਤੋਂ ਔਖਾ ਹੈ ਨਾਮ ਜਪਣਾ ਪਰ ਨਿੱਕਾ ਜਿਹਾ ਅੰਦਰੋਂ ਜੇ

ਕੰਮ ਖੁੱਲ੍ਹ ਜਾਵੇ ਫੇਰ ਰਹਿ ਨਹੀਂ ਸਕੋਗੇ। ਫਿਰ ਤੇ ਇਹ ਗੱਲ ਬਣ ਜਾਵੇਗੀ:

"ਆਖਾ ਜੀਵਾ ਵਿਸਰੈ ਮਰਿ ਜਾਉ॥"

(ਅੰਗ ੯)

ਜਿਹੜਾ ਨਾਮ ਜਪਣਾ ਪਹਿਲੇ ਔਖਾ ਲੱਗਦਾ ਸੀ ਉਹੀ ਫਿਰ ਮਿੱਠਾ ਲੱਗਣ ਲੱਗ ਜਾਂਦਾ ਹੈ। ਜੇ ਤੁਹਾਨੂੰ ਵੀ ਅਜੇ ਨਾਮ ਜਪਣਾ ਔਖਾ ਲੱਗਦਾ ਹੈ ਤਾਂ ਮਹਾਂ ਪੁਰਸ਼ਾਂ ਦੀਆਂ ਦੱਸੀਆਂ ਹੋਈਆਂ ਕੁਝ ਜੁਗਤੀਆਂ ਹਨ। ਇਨ੍ਹਾਂ ਨੂੰ ਅਪਣਾਓ ਤੇ ਫਿਰ ਨਾਮ ਮਿੱਠਾ ਲੱਗਣ ਲੱਗ ਪਵੇਗਾ।

ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਕੇ ਜੁੜੋ। ਭਾਵੇਂ ਜਪੁਜੀ ਸਾਹਿਬ ਜੀ ਦੇ ਪਾਠ ਕਰੋ, ਭਾਵੇਂ ਪੰਜ ਬਾਣੀਆਂ ਪੜ੍ਹੋ, ਭਾਵੇਂ ਸ੍ਰੀ ਸੁਖਮਨੀ ਸਾਹਿਬ ਜੀ ਵਿਚ ਜੁੜੋ ਤੇ ਭਾਵੇਂ ਗੁਰਮੰਤਰ ਵਿਚ ਜੁੜੋ ਤੇ ਭਾਵੇਂ ਮੂਲਮੰਤਰ ਵਿਚ, ਜਿੱਥੇ ਵੀ ਮਨ ਜੁੜੇ, ਜੁੜੋ। ਪਰ ਜੇਕਰ ਤੁਸੀਂ ਚੌਕੜੀ ਮਾਰ ਕੇ ਬੈਠੋ ਤੇ ੧੦-੧੫ ਮਿੰਟ ਸਿਮਰਨ ਕਰਨ ਤੋਂ ਬਾਅਦ ਨੀਂਦਰ ਜ਼ੋਰ ਪਾਵੇ ਤੇ ਕਿਧਰੇ ਇਸ ਦੀ ਲਪੇਟ ਵਿਚ ਨਾ ਆ ਜਾਣਾ। ਜੇ ਮਨ ਅੱਕ ਜਾਵੇ ਜਾਂ ਨੀਂਦ ਦਾ ਜ਼ੋਰ ਪੈ ਜਾਵੇ ਤਾਂ ਕਈ ਛੱਡ ਦੇਂਦੇ ਹਨ ਪਰ ਛੱਡਣਾ ਨਹੀਂ। ਜੇ ਨੀਂਦ ਜ਼ੋਰ ਪਾਵੇ ਉਠ ਕੇ, ਤੁਰ-ਫਿਰ ਕੇ ਬਾਣੀ ਪੜ੍ਹਨੀ ਸ਼ੁਰੂ ਕਰ ਦਿਓ, ਅੱਖਾਂ 'ਤੇ ਗਿੱਲਾ ਤੌਲੀਆ ਰੱਖ ਲਵੋ। ਜੇ ਬਾਣੀ ਪੜ੍ਹਦਿਆਂ ਮਨ ਅੱਕ ਜਾਵੇ ਤਾਂ ਚੌਰ ਸਾਹਿਬ ਕਰ ਲਵੋ। ਨਾਲ ਨਾਮ ਸਿਮਰਨ ਕਰੋ। ੧੫-੨੦ ਮਿੰਟ ਬਾਅਦ ਚੌਰ ਸਾਹਿਬ ਕਰਦਿਆਂ ਵੀ ਮਨ ਅੱਕ ਜਾਵੇ ਤਾਂ ਗੁਰਬਾਣੀ ਦੀ ਕੈਸਟ ਲਗਾ ਲਵੋ, ਕੰਨਾਂ ਨਾਲ ਸ਼ਬਦ ਸੁਣੋ, ਨਾਲ-ਨਾਲ ਸਿਮਰਨ ਕਰੋ। ਜੇ ਫਿਰ ਮਨ ਅੱਕ ਗਿਆ ਤਾਂ ਜਪੁਜੀ ਸਾਹਿਬ, ਸੁਖਮਨੀ ਸਾਹਿਬ, ਸਹਿਜ ਪਾਠ। ਕਹਿਣ ਤੋਂ ਭਾਵ ਢੰਗ ਬਦਲਾਈ ਜਾਵੋ ਪਰ ਸਾਧਨਾ ਨਾ ਛੱਡੋ। ਸਾਧਨਾ ਵਿਚ ਮਨ ਅੱਕ ਜਾਵੇ, ਆਲਸ ਤੰਗ ਕਰੇ, ਨੀਂਦ ਤੰਗ ਕਰੇ ਤਾਂ ਢੰਗ ਬਦਲਾਈ ਜਾਵੋ ਪਰ ਸਾਧਨਾ ਨਾ ਛੱਡੋ।

ਕੁਝ ਸਮਾਂ ਹੋਇਆ ਹੈ, ਅਸੀਂ ਜੋਧਪੁਰ ਗਏ। ਉਥੇ ਕੀਰਤਨ ਦਾ ਪ੍ਰੋਗਰਾਮ ਸੀ। ਅਸੀਂ ਉਥੇ ਕੀਰਤਨ ਦੇ ਦੌਰਾਨ, ਹੱਥ ਖੜ੍ਹੇ ਕਰਵਾਏ ਕਿ ਸਵੇਰੇ ੪੦-੪੫ ਮਿੰਟ ਨਾਮ ਜਪ ਕੇ ਜਾਂ ਬਾਣੀ ਪੜ੍ਹ ਕੇ ਫਿਰ ਪ੍ਰਸ਼ਾਦਾ-ਪਾਣੀ ਛਕਣਾ ਹੈ। ਅਸੀਂ ਜਿਸ ਘਰ ਠਹਿਰੇ ਸੀ, ਉਥੇ ਸਵੇਰੇ ਪ੍ਰਸ਼ਾਦਾ ਛਕਣ ਲੱਗੇ ਤਾਂ ਉਨ੍ਹਾਂ

ਨੂੰ ਵੀ ਕਿਹਾ ਕਿ ਤੁਸੀਂ ਵੀ ਸਾਡੇ ਨਾਲ ਪ੍ਰਸ਼ਾਦਾ ਛਕੋ ਤਾਂ ਉਨ੍ਹਾਂ ਨੇ ਕਿਹਾ, ਮੇਰਾ ਅਜੇ ਅੱਧਾ ਘੰਟਾ ਹੋਇਆ ਹੈ, ੧੫ ਮਿੰਟ ਹੋਰ ਜਪ ਕੇ ਫਿਰ ਛਕਾਂਗਾ। ਦਾਸ ਨੇ ਪੁੱਛਿਆ, ਕੀ ਤੁਸੀਂ ਸਵੇਰੇ ਅੰਮ੍ਰਿਤ ਵੇਲੇ ਨਹੀਂ ਉਠੇ ਸੀ? ਉਸ ਨੇ ਕਿਹਾ, ੪ ਵਜੇ ਸਵੇਰੇ ਉਠਿਆ ਤੇ ਸੀ ਪਰ ਜਦ ਸਿਮਰਨ ਕਰਦਿਆਂ ਅਜੇ ਅੱਧਾ ਘੰਟਾ ਹੀ ਹੋਇਆ ਸੀ ਕਿ ਮੇਰੀ ਝੋਕ ਲੱਗ ਗਈ ਤੇ ਮੈਂ ਸੌਂ ਗਿਆ। ੧੫ ਮਿੰਟ ਹੁਣ ਕਰ ਕੇ ਫਿਰ ਛਕਾਂਗਾ। ਦਾਸ ਨੇ ਕਿਹਾ, ਸਿਮਰਨ ਕਰਦਿਆਂ ਜੇ ਨੀਂਦ ਦਾ ਜ਼ੋਰ ਪੈ ਗਿਆ ਤਾਂ ਨੀਂਦ ਦੇ ਥੱਲੇ ਨਹੀਂ ਲੱਗਣਾ, ਸੌਂ ਨਹੀਂ ਜਾਣਾ, ਤੁਰ-ਫਿਰ ਕੇ ਸਿਮਰਨ ਕਰ ਲਵੋ, ਕੋਈ ਵੀ ਢੰਗ ਅਪਣਾ ਲਵੋ।

ਕਈ ਵਾਰੀ ਕਈ ਕਹਿੰਦੇ ਹਨ ਕਿ ਸਿਮਰਨ ਕਰੋ ਪਰ ੧੦ ਮਿੰਟ ਵਿਚ ਹੀ ਮਨ ਅੱਕ ਜਾਂਦਾ ਹੈ। ਇਹ ਇਕ ਨਿੱਕੀ ਜਿਹੀ ਜੁਗਤੀ ਮਹਾਂ ਪੁਰਸ਼ ਬਾਬਾ ਨੰਦ ਸਿੰਘ ਜੀ ਦੱਸਦੇ ਸਨ। ਵਰਤ ਕੇ ਵੇਖ ਲੈਣਾ! ਬਾਬਾ ਜੀ ਦੱਸਦੇ ਸਨ ਕਿ ੧੦੮ ਮਣਕਿਆਂ ਵਾਲੀ ਮਾਲਾ ਲੈ ਲਵੋ, ਉਸ ਦਾ ਪਹਿਲਾ ਦਾਣਾ ਫੜ ਕੇ ੪ ਵਾਰੀ 'ਵਾਹਿਗੁਰੂ' ਕਹਿ, ਫਿਰ ਅਗਲਾ ਦਾਣਾ, ਇਸ ਤਰ੍ਹਾਂ ਰਸ ਬੱਝਦਾ ਜਾਵੇਗਾ। ਆਪਣੇ ਮਨ ਵਿਚ ਧਾਰ ਲਵੋ ਕਿ ਮੈਂ ਇਸ ਤਰ੍ਹਾਂ ੨੦ ਮਾਲਾ ਕਰਨੀਆਂ ਹਨ। ਇਕ ਦਾਣੇ 'ਤੇ ੪ ਵਾਰੀ ਵਾਹਿਗੁਰੂ ਕਹਿਣ ਨਾਲ 20×4=80 ਮਾਲਾ ਹੋ ਗਈਆਂ। ਕਿੰਨੀ ਵੱਡੀ ਹਾਜ਼ਰੀ ਲੱਗ ਗਈ! ਇਸ ਤਰ੍ਹਾਂ ਨਾਲ ਕਲਜੁਗ ਦੇ ਪਹਿਰੇ ਕਰਕੇ ਜਿਹੜਾ ਮਨ ਅੱਕਦਾ ਹੈ ਉਹ ਨਹੀਂ ਅੱਕੇਗਾ। ਬਾਬਾ ਜੀ ਇਕ ਹੋਰ ਸਾਧਨ ਦੱਸਦੇ ਸੀ ਕਿ ਮਾਲਾ ਦਾ ਇਕ ਦਾਣਾ ਫੜੋ, ੪ ਵਾਰੀ 'ਵਾਹਿਗੁਰੂ' ਕਹਿਣ ਤੋਂ ਬਾਅਦ ਕਹੋ 'ਧੰਨ ਗੁਰੂ ਨਾਨਕ ਦੇਵ ਜੀ'। ਫਿਰ ਹੋਰ ਰਸ ਵਧੇਗਾ ਕਿ 'ਵਾਹਿਗੁਰੂ' ਕਿਸ ਨੂੰ ਕਿਹਾ ਹੈ ਭਾਵ ਕਿ "ਵਾਹਿਗੁਰੂ! ਤੂੰ ਹੀ 'ਗੁਰੂ ਨਾਨਕ' ਤੇ ਗੁਰੂ ਨਾਨਕ! ਤੂੰ ਹੀ ਵਾਹਿਗੁਰੂ ਹੈਂ।"

ਸਵੇਰੇ ਅੰਮ੍ਰਿਤ ਵੇਲੇ ਉਠ ਕੇ ੩-੪ ਵਜੇ ਇਕਾਂਤ ਵਿਚ ਬੈਠ ਕੇ ਗੁਰੂ ਨੂੰ ਅੰਗ-ਸੰਗ ਜਾਣ ਕੇ ਜਪੁਜੀ ਸਾਹਿਬ ਦੇ ਪਾਠ ਕਰੋ ਤੇ ਇਹ ਭਾਵਨਾ ਬਣਾਓ ਕਿ ਮੈਂ ਬਾਣੀ ਇਕੱਲਾ ਨਹੀਂ ਪੜ੍ਹ ਰਿਹਾ, ਮੈਂ ਗੁਰੂ ਦੀ ਹਜ਼ੂਰੀ ਵਿਚ ਹਾਂ, ਉਹ ਮੇਰੇ ਸਾਹਮਣੇ ਬੈਠੇ ਹਨ, ਮੇਰੇ ਪਾਠ ਨੂੰ ਸੁਣ ਰਹੇ ਹਨ। ਐਸਾ ਕਰਨ ਨਾਲ ਗੁਰੂ ਦੇ ਚਰਨਾਂ ਵਿਚ ਧਿਆਨ ਟਿਕਣਾ ਸ਼ੁਰੂ ਹੋ ਜਾਵੇਗਾ ਤੇ ਨੀਂਦ ਘੱਟ

ਭਲਾ ਹੀ ਭਲਾ ਕੋਈ ਵਪਾਰ ਨਹੀਂ

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਹੇਠ ਚੱਲ ਰਹੇ ਸਾਰੇ ਯੂਨਿਟਾਂ ਦੇ ਵੇਰਵੇ

ਭਲਾ ਹੀ ਭਲਾ ਕੋਈ ਵਪਾਰ ਨਹੀਂ



ਬੀਬੀ ਕੌਲਾਂ ਜੀ ਭਲਾਈ ਕੇਂਦਰ ਤਰਨ ਤਾਰਨ ਰੋਡ ਸ੍ਰੀ ਅੰਮ੍ਰਿਤਸਰ ਦੀ ਇਮਾਰਤ

ਟਰੱਸਟ ਹੇਠ ਚਲ ਰਹੇ 18 ਵਿਧਵਾ ਬੀਬੀਆਂ ਦੇ ਕੇਂਦਰ

ਇੱਥੇ 1925 ਵਿਧਵਾ ਬੀਬੀਆਂ ਨੂੰ ਹਰ ਮਹੀਨੇ ਸੱਤ ਲੱਖ ਪੰਜਾਹ ਹਜ਼ਾਰ ਰੁਪਏ ਦਾ ਰਾਸ਼ਨ ਫ੍ਰੀ ਦਿੱਤਾ ਜਾਂਦਾ ਹੈ।


2. ਰਾਸ਼ਨ ਉਨ੍ਹਾਂ ਲੋੜਵੰਦ ਬੀਬੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੇ ਬੱਚੇ 15 ਸਾਲ ਤੋਂ ਛੋਟੀ ਉਮਰ ਦੇ ਹਨ।
3. ਇਨ੍ਹਾਂ ਬੀਬੀਆਂ ਦੀਆਂ ਹੀ ਬੇਟੀਆਂ ਅਤੇ ਹੋਰ ਲੋੜਵੰਦ ਬੱਚੀਆਂ ਨੂੰ ਕੰਪਿਊਟਰ, ਸਿਲਾਈ-ਕਢਾਈ ਦਾ ਛੇ ਮਹੀਨੇ ਦਾ ਕੋਰਸ ਬਿਲਕੁਲ ਫ੍ਰੀ ਕਰਵਾਇਆ ਜਾਂਦਾ ਹੈ। ਸਾਡੀ ਰੀਝ ਹੈ ਕਿ ਇਨ੍ਹਾਂ ਬੀਬੀਆਂ ਦੀਆਂ ਬੱਚੀਆਂ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ।
4. ਇਨ੍ਹਾਂ ਬੀਬੀਆਂ ਨੂੰ ਸਰਦੀਆਂ-ਗਰਮੀਆਂ ਦੇ ਸੂਟ, ਰਜਾਈਆਂ, ਤਲਾਈਆਂ, ਸਿਲਾਈ ਮਸ਼ੀਨਾਂ, ਪ੍ਰੈਸ਼ਰ ਕੂਕਰ, ਰੈਬਰ ਕੂਲਰ ਆਦਿ ਸਾਮਾਨ ਸਾਲ ਵਿਚ ਚਾਰ ਵਾਰੀ ਫ੍ਰੀ ਦਿੱਤਾ ਜਾਂਦਾ ਹੈ।

ਸੰਪਰਕ ਨੰ: 98765-25828/15/30, 0183-3292255

ਲੁਧਿਆਣਾ ਵਿਖੇ ਬੀਬੀ ਭਾਨੀ ਜੀ ਭਲਾਈ ਕੇਂਦਰ

ਪਤਾ: 1219/22-B, ਹਰਨਾਮ ਨਗਰ, ਮਾਡਲ ਟਾਊਨ ,ਲੁਧਿਆਣਾ


1. ਇੱਥੇ 595 ਵਿਧਵਾ ਬੀਬੀਆਂ ਨੂੰ ਹਰ ਮਹੀਨੇ 2 ਲੱਖ ਰੁਪਏ ਦਾ ਰਾਸ਼ਨ ਫ੍ਰੀ ਦਿੱਤਾ ਜਾਂਦਾ ਹੈ।
2. ਰਾਸ਼ਨ ਉਨ੍ਹਾਂ ਲੋੜਵੰਦ ਬੀਬੀਆਂ ਨੂੰ ਦਿੱਤਾ ਜਾਂਦਾ ਹੈ ਜਿੰਨ੍ਹਾ ਦੇ ਬੱਚੇ 15 ਸਾਲ ਤੋਂ ਛੋਟੀ ਉਮਰ ਦੇ ਹਨ।
3. ਰਾਸ਼ਨ ਤੋਂ ਇਲਾਵਾ ਸਮੇਂ-ਸਮੇਂ 'ਤੇ ਬਸਤਰ ਤੇ ਹੋਰ ਘਰੇਲੂ ਸਾਮਾਨ ਵੀ ਦਿੱਤਾ ਜਾਂਦਾ ਹੈ।



ਇਸ ਭਲਾਈ ਕੇਂਦਰ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਹਰਭਜਨ ਸਿੰਘ ਜੀ, ਭਾਈ ਅਰਵਿੰਦਰਪਾਲ ਸਿੰਘ ਜੀ ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।

ਤੁਹਾਡੇ ਸਹਿਯੋਗ ਦੀ ਲੋੜ ਹੈ। ਸੰਪਰਕ ਨੰ: 0161-2429900, 98157-93713, 98726-34013

ਅਹਿਮਦਾਬਾਦ ਵਿਖੇ ਬੀਬੀ ਕੌਲਾਂ ਜੀ ਭਲਾਈ ਕੇਂਦਰ



87/706, ਪੁਸ਼ਪਕ ਅਪਾਰਟਮੈਂਟ, ਨਰਨਪੁਰਾ, ਅਹਿਮਦਾਬਾਦ (ਗੁਜਰਾਤ)
ਸੰਪਰਕ ਨੰ: 098240-21654

1. ਇੱਥੇ 96 ਬੀਬੀਆਂ ਨੂੰ ਹਰ ਮਹੀਨੇ ਰਾਸ਼ਨ ਫ੍ਰੀ ਦਿੱਤਾ ਜਾਂਦਾ ਹੈ।
2. ਰਾਸ਼ਨ ਉਨ੍ਹਾਂ ਬੀਬੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੇ ਬੱਚੇ 15 ਸਾਲ ਤੋਂ ਛੋਟੀ ਉਮਰ ਦੇ ਹਨ।
3. ਰਾਸ਼ਨ ਤੋਂ ਇਲਾਵਾ ਸਮੇਂ-ਸਮੇਂ 'ਤੇ ਬਸਤਰ ਤੇ ਹੋਰ ਘਰੇਲੂ ਸਾਮਾਨ ਦਿੱਤਾ ਜਾਂਦਾ ਹੈ।
4. ਇੱਥੇ ਗੁਜਰਾਤੀ ਵਿਧਵਾ ਬੀਬੀਆਂ ਸਾੜ੍ਹੀ ਬੰਨ੍ਹ ਕੇ ਰਾਸ਼ਨ ਲੈਣ ਆਉਂਦੀਆਂ ਹਨ, ਤੇ ਉਨ੍ਹਾਂ ਦੇ ਮੁੱਖ ਵਿੱਚੋਂ ਨਿਕਲਦਾ ਹੈ ......

"ਹਮਾਰੇ ਪਤੀ ਚਲੇ ਗਏ , ਹਮਾਰੇ ਕਿਸੇ ਗੁਜਰਾਤੀ ਨੇ ਤੋ ਪੂਛਾ ਨਹੀਂ, ਯੇ ਸਿੱਖ ਕੌਨ ਹੈਂ ਜੋ ਹਮਾਰੇ ਪਤੀ ਕੀ ਮ੍ਰਿਤਯੂ ਕੇ ਬਾਅਦ ਹਮਾਰੀ ਸਾਰ ਲੈ ਰਹੇ ਹੈ ? (ਧੰਨ ਸਿੱਖੀ)"


ਇਸ ਭਲਾਈ ਕੇਂਦਰ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਕਨਵਰਬੀਰ ਸਿੰਘ ਜੀ, ਭਾਈ ਸੁਖਬੀਰ ਸਿੰਘ ਜੀ ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।

ਹੋਰ ਸ਼ਹਿਰਾਂ ਵਿਚ ਚੱਲ ਰਹੇ ਵਿਧਵਾ ਬੀਬੀਆਂ ਦੇ ਪ੍ਰੇਰਨਾਂ ਕੇਂਦਰ

4. ਬੀਬੀ ਕੌਲਾਂ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਮੇਰਠ (ਯੂ.ਪੀ)
5. ਬੀਬੀ ਕੌਲਾਂ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਫਰੀਦਾਬਾਦ (ਹਰਿਆਣਾ)
6. ਮਾਤਾ ਸਾਹਿਬ ਕੌਰ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਚੰਡੀਗੜ੍ਹ
7. ਮਾਤਾ ਨਾਨਕੀ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਸੈਦਾਂ ਗੇਟ, ਜਲੰਧਰ
8. ਮਾਤਾ ਸਾਹਿਬ ਕੌਰ ਜੀ ਅਸੀਸ ਭਲਾਈ ਕੇਂਦਰ — ਈਸਟ ਆਫ ਕੈਲਾਸ਼, ਦਿੱਲੀ
9. ਮਾਤਾ ਸਦਾ ਕੌਰ ਜੀ ਅਸੀਸ ਭਲਾਈ ਕੇਂਦਰ ਟਰੱਸਟ — ਗੁ: ਗੋਬਿੰਦ ਦਰਬਾਰ, ਮਦਨਪੁਰੀ ਗਲੀ ਨੰ: 11 ਗੁੜਗਾਂਓ, (ਹਰਿਆਣਾ)
10. ਮਾਈ ਭਾਗੋ ਜੀ ਵਿਧਵਾ ਬਹਨ ਭਲਾਈ ਕੇਂਦਰ (ਬੇਵਾ ਔਰਤਾਂ) — ਤਿਲਕ ਨਗਰ, ਦਿੱਲੀ
11 ਬਾਬਾ ਦੀਪ ਸਿੰਘ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਨੇੜੇ ਨੇਪਾਲ ਬਾਰਡਰ, ਨਤੱਨਵਾ
12. ਗੁਰੂ ਨਾਨਕ ਭਲਾਈ ਕੇਂਦਰ, (ਬੇਵਾ ਔਰਤਾਂ) ਗੁ: ਇਮਲੀ ਸਾਹਿਬ — ਇੰਦੌਰ (ਐਮ.ਪੀ)
13. ਬੀਬੀ ਕੌਲਾਂ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — (ਕਾਨਪੁਰ ਯੂ.ਪੀ) ਕੌਸ਼ਲਪੁਰੀ ਗੁਮਟੀ ਨੰ:5, (ਦਸ਼ਮੇਸ਼ ਸੇਵਕ ਸਭਾ)
14. ਮਾਤਾ ਮਨਮੋਹਨ ਕੌਰ ਜੀ ਭਲਾਈ ਕੇਂਦਰ (ਬੇਵਾ ਔਰਤਾਂ) — ਤੁਗਲਕਾਬਾਦ, ਦਿੱਲੀ
15. ਮਾਈ ਭਾਗੋ ਜੀ ਵਿਧਵਾ ਬਹਨ ਭਲਾਈ ਕੇਂਦਰ (ਬੇਵਾ ਔਰਤਾਂ) — ਰਜਿੰਦਰ ਨਗਰ, ਦਿੱਲੀ
16. ਬੀਬੀ ਕੌਲਾਂ ਜੀ ਵੈੱਲਫੇਅਰ ਸੁਸਾਇਟੀ ਭਲਾਈ ਕੇਂਦਰ, (ਰਾਜਾ ਜੀ ਪੂਰਮ), ਲਖਨਊ, (ਯੂ.ਪੀ)
17. ਬੀਬੀ ਕੌਲਾਂ ਜੀ ਵੈੱਲਫੇਅਰ ਸੈਂਟਰ, ਮੈਰੀਲੈਂਡ, ਅਮਰੀਕਾ (USA)
18. ਬੀਬੀ ਕੌਲਾਂ ਜੀ ਨਿਸ਼ਕਾਮ ਵੈੱਲਫੇਅਰ ਸੈਂਟਰ, ਕੈਲੀਫੋਰਨੀਆਂ, ਅਮਰੀਕਾ (USA)

ਟਰੱਸਟ ਹੇਠ ਚੱਲ ਰਹੇ 3 ਹਸਪਤਾਲਾਂ ਦਾ ਵੇਰਵਾ

1. ਇੱਥੇ X-ray, Ultrasound, Heart, Ortho, Skin, Eyes, Physio, Pseychiatry, Dental E.N.T, T.B, ਅਤੇ ਸਾਰੇ ਸਰੀਰਕ ਟੈਸਟ ਹੁੰਦੇ ਹਨ। ਸਭ ਤੋਂ ਵੱਡੀ ਗੱਲ ਇਹ ਸਾਰੇ ਟੈਸਟ No Profit, No Loss 'ਤੇ ਕੀਤੇ ਜਾਂਦੇ ਹਨ।
2. ਇੱਥੇ ਗੁਰੂ ਦੀ ਮਿਹਰ ਨਾਲ ਰੋਜ਼ਾਨਾ 1200 ਮਰੀਜ਼ ਲਾਭ ਲੈ ਰਹੇ ਹਨ।



ਬੀਬੀ ਕੌਲਾਂ ਜੀ ਬੰਦੀ ਛੋੜ ਚੈਰੀਟੇਬਲ ਹਸਪਤਾਲ ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ

3. ਇੱਕੋ ਛੱਤ ਹੇਠਾਂ ਤਕਰੀਬਨ ਸਾਰੇ ਇਲਾਜ ਕੇਵਲ 10/- ਦੀ ਪਰਚੀ ਨਾਲ। ਦੋ ਦਿਨ ਦੀ ਦਵਾਈ ਅਤੇ ਚੈਕ-ਅਪ ਬਿੱਲਕੁਲ ਫ੍ਰੀ।
4. ਚਾਹ ਮਰੀਜ਼ ਕੋਲ ਫ੍ਰੀ ਪਹੁੰਚਦੀ ਹੈ, ਪਾਣੀ ਮਰੀਜ਼ ਕੋਲ ਪਹੁੰਚਦਾ ਹੈ, ਲੱਤਾਂ ਘੁੱਟਣ ਦੀ ਮਸ਼ੀਨ ਦੀ ਸੁਵਿਧਾ ਫ੍ਰੀ ਹੈ, ਜੋੜੇ ਪਾਲਿਸ਼ ਦੀ ਸੁਵਿਧਾ ਫ੍ਰੀ ਹੈ ਤੇ ਟੀ.ਵੀ. 'ਤੇ ਧਾਰਮਿਕ ਪ੍ਰੋਗਰਾਮ ਚੱਲਦਾ ਰਹਿੰਦਾ ਹੈ।

ਇਸ ਹਸਪਤਾਲ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਹਰਵਿੰਦਰ ਪਾਲ ਸਿੰਘ ਜੀ (ਲਿਟਲ ਜੀ) ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।

ਸੰਪਰਕ ਨੰ: 97795-99990 ,98765-25865,98725-95910,0183-2485920

ਬਾਬਾ ਦੀਪ ਸਿੰਘ ਜੀ ਬਾਬਾ ਕੁੰਦਨ ਸਿੰਘ ਜੀ ਚੈਰੀਟੇਬਲ ਹਸਪਤਾਲ


ਪਤਾ: ਬਾਬਾ ਦੀਪ ਸਿੰਘ ਕਾਲੋਨੀ, ਅੰਦਰੂਨ ਚਾਟੀਵਿੰਡ ਗੇਟ , ਸ੍ਰੀ ਅੰਮ੍ਰਿਤਸਰ



1. ਇਥੇ 10/ਰੁ: ਦੀ ਪਰਚੀ 'ਤੇ (ਚੈਕ-ਅਪ) ਕੀਤਾ ਜਾਂਦਾ ਹੈ ਤੇ ਦੋ ਦਿਨ ਦੀ ਦਵਾਈ ਫ੍ਰੀ ਮਿਲਦੀ ਹੈ।
2. M.D. ਡਾਕਟਰਾਂ ਤੋਂ ਮਰੀਜ਼ ਲਾਭ ਲੈਂਦੇ ਹਨ।
3. ਹਸਪਤਾਲ ਵਿਚ ਹੀ ਲੈਬ (LAB) ਸਾਰੇ ਟੈਸਟਾਂ ਲਈ ਉਪਲਬਧ ਹੈ ।
4. ਇਹ ਸ਼ਾਮ 5 ਵਜੇ ਤੋਂ 8 ਵਜੇ ਤਕ ਖੁੱਲ੍ਹਦਾ ਹੈ। ਤਕਰੀਬਨ 200 ਮਰੀਜ਼ ਰੋਜ਼ਾਨਾ ਲਾਭ ਲੈ ਰਹੇ ਹਨ।
5. ਇਹ ਹਸਪਤਾਲ ਮੌਜੂਦਾ ਮਹਾਂਪੁਰਸ਼ ਬਾਬਾ ਹਰਭਜਨ ਸਿੰਘ ਜੀ ਨਾਨਕਸਰ ਵਾਲਿਆਂ ਦੀ ਅਸੀਸਾਂ ਨਾਲ ਖੋਲ੍ਹਿਆ ਗਿਆ ਹੈ ਤੇ ਮਾਤਾ ਗਿਆਨ ਕੌਰ ਜੀ ਦੀ ਅਸੀਸ ਨਾਲ ਚੱਲ ਰਿਹਾ ਹੈ।

ਸੰਪਰਕ ਨੰ: 0183-2546277,98725-95910

ਲੁਧਿਆਣਾ ਵਿਖੇ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਹਸਪਤਾਲ
ਪਤਾ: 1219/22, ਹਰਨਾਮ ਨਗਰ, ਮਾਡਲ ਟਾਊਨ, ਲੁਧਿਆਣਾ



ਦੰਦਾ ਦਾ ਹਸਪਤਾਲ ਸਮਾਂ ਦੁਪਿਹਰ 2 ਤੋਂ 5 ਵਜੇ ਤੱਕ

1. ਇੱਥੇ ਦੰਦਾ ਦੇ ਇਲਾਜ ਦਾ ਚੈਕ ਅੱਪ ਬਿੱਲਕੁਲ ਫ੍ਰੀ ਕੀਤਾ ਜਾਂਦਾ ਹੈ

ਇਸ ਹਸਪਤਾਲ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲਭਾਈ ਹਰਭਜਨ ਸਿੰਘ ਜੀ, ਭਾਈ ਅਰਵਿੰਦਰਪਾਲ ਸਿੰਘ ਜੀ ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।

ਸੰਪਰਕ ਨੰ:0161-2429900, 98157-93713, 98726-34013

ਟਰੱਸਟ ਹੇਠ ਚੱਲ ਰਹੀਆਂ ਤਿੰਨ ਗੁ. ਸਾਹਿਬ ਦੀਆਂ ਕਾਰ ਸੇਵਾਵਾਂ

ਕਲਗੀਧਰ ਦੇ ਲਾਡਲੇ,ਪਿਆਰੇ, ਬਹੁਤ ਪਿਆਰੇ, ਮਹਾਨ ਤਪੱਸਵੀ,ਮਹਾਨ ਜਰਨੈਲ, ਜਤੀ-ਸਤੀ, ਪੂਰਨ ਬ੍ਰਹਮ ਗਿਆਨੀ, ਪ੍ਰੇਮ ਕਰਨ ਅਤੇ ਸਿਖਾਉਣ ਵਾਲੇ ਅਨੋਖੇ ਅਮਰ ਸ਼ਹੀਦ, ਮਹਾਨ ਜੋਧੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਇਸ ਜਗ੍ਹਾ 'ਤੇ ਆਗਮਨ ਹੋਇਆ।



ਗੁ: ਸ੍ਰੀ ਪਹੂਵਿੰਡ ਸਾਹਿਬ

1. 2000 ਸਰੀਰ ਦੇ ਬੈਠਣ ਵਾਲਾ ਪ੍ਰਕਾਸ਼ ਅਸਥਾਨ ਦਾ ਹਾਲ, ਸੋਨੇ ਦੇ ਦਰਵਾਜੇ ਅਤੇ ਸੋਨੇ ਦੀਆਂ ਬਾਰੀਆਂ ਵਾਲਾ ਸੁਖਆਸਨ ਅਸਥਾਨ।
2. 5000 ਸਰੀਰ ਦੇ ਬੈਠਣ ਵਾਲਾ ਵੱਡਾ ਲੰਗਰ ਹਾਲ, ਲੰਗਰ ਬਣਾਉਣ ਵਾਲਾ ਵੱਡਾ ਰਸੋਈ ਘਰ ਪ੍ਰਬੰਧਕੀ ਬਲਾਕ, ਸੁੰਦਰ ਬਗੀਚੀਆਂ, ਕਾਰ ਪਾਰਕਿੰਗ ਆਦਿ ਤਿਆਰ ਹੋ ਚੁੱਕੀਆਂ ਹਨ।
3. ਵੱਡੀ ਪਾਣੀ ਦੀ ਟੈਂਕੀ, ਬਾਬਾ ਦੀਪ ਸਿੰਘ ਜੀ ਡੇ-ਬੋਰਡਿੰਗ ਸਕੂਲ, ਅਜਾਇਬ ਘਰ, ਸੰਗਤਾਂ ਲਈ ਸਰ੍ਹਾਂ, ਇਹ ਸਭ ਉਸਾਰੀ ਅਧੀਨ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।
4. ਕਰਨਲ ਜੀ. ਐੱਸ. ਸੰਧੂ ਜੀ ਅਤੇ ਗੁ: ਸਾਹਿਬ ਜੀ ਦੀ ਕਮੇਟੀ ਦੀ ਪੂਰੀ ਅਸੀਸ ਹੈ।

(ਕਾਰ ਸੇਵਾ ਅਧੀਨ)



②

③ ਗੁ. ਗੁਰੂ ਨਾਨਕ ਦੇਵ ਜੀ ਚੌਂਕ ਜੈ ਸਿੰਘ, ਸ੍ਰੀ ਅੰਮ੍ਰਿਤਸਰ

ਇਸ ਅਸਥਾਨ ਦੀ ਕਾਰ ਸੇਵਾ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਹਰਮਿੰਦਰ ਸਿੰਘ ਜੀ (ਬਾਬਾ ਜੀ) ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।

ਸੰਪਰਕ ਨੰ: 98765-25847, 0183-3292255

ਟਰੱਸਟ ਵੱਲੋਂ ਗੁ. ਸਾਹਿਬ ਜੀ ਦੀ ਹੋ ਚੁਕੀ ਸੰਪੂਰਨ ਕਾਰ ਸੇਵਾ

1. ਗੁ: ਬੀਬੀ ਕੌਲਾਂ ਜੀ (ਕੌਲਸਰ ਸਾਹਿਬ), ਸ੍ਰੀ ਅੰਮ੍ਰਿਤਸਰ
2. ਗੁ: ਸਤਿਸੰਗ ਸਭਾ ਅਸਥਾਨ ਬਾਬਾ ਦੀਪ ਸਿੰਘ ਜੀ ਬਜ਼ਾਰ ਲੁਹਾਰਾਂ, ਸ੍ਰੀ ਅੰਮ੍ਰਿਤਸਰ

ਟਰੱਸਟ ਹੇਠ ਚੱਲ ਰਹੀਆਂ 2 ਸਰਾਵਾਂ

ਗੁਰਧਾਮਾਂ ਦੇ ਦਰਸ਼ਨਾਂ ਲਈ ਬਾਹਰੋਂ ਆਈਆਂ ਸੰਗਤਾਂ ਲਈ




1

ਬੀਬੀ ਕੌਲਾਂ ਜੀ ਸੰਗਤ ਨਿਵਾਸ ਸਰ੍ਹਾਂ

ਪਤਾ: ਸੰਗਲ ਵਾਲੀ ਗਲੀ, ਨੇੜੇ ਗੁ. ਬਾਬਾ ਅਟੱਲ ਰਾਇ ਸਾਹਿਬ ਜੀ, ਸ੍ਰੀ ਅੰਮ੍ਰਿਤਸਰ

1. ਬੀਬੀ ਕੌਲਾਂ ਜੀ ਸੰਗਤ ਨਿਵਾਸ ਸਰ੍ਹਾਂ ਸੰਗਤਾਂ ਦੇ ਆਰਾਮ ਲਈ 22 A.C. ਕਮਰੇ ਅਤੇ 3 ਵੱਡੇ A.C. ਹਾਲ ਹਨ।
2. ਸਰਾਂ ਚ ਬੁਕਿੰਗ ਲਈ 98765-25859, 98765-25811 ਤੇ ਸੰਪਰਕ ਕਰੋ।



2

ਬਾਬਾ ਕੁੰਦਨ ਸਿੰਘ ਜੀ ਸੰਗਤ ਨਿਵਾਸ ਸਰ੍ਹਾਂ

ਪਤਾ: ਮਾਹਣਾ ਸਿੰਘ ਰੋਡ , ਨੇੜੇ ਬ੍ਰਹਮ ਬੂਟਾ ਮਾਰਕੀਟ , ਸ੍ਰੀ ਅੰਮ੍ਰਿਤਸਰ

1. ਬਾਬਾ ਕੁੰਦਨ ਸਿੰਘ ਜੀ ਸੰਗਤ ਨਿਵਾਸ ਸਰ੍ਹਾਂ ਵਿਚ ਸੰਗਤਾਂ ਦੇ ਆਰਾਮ ਲਈ 29 A.C. ਕਮਰੇ ਹਨ।
2. ਸਰ੍ਹਾਂ ਚ ਬੁਕਿੰਗ ਲਈ 98765-25832, 98765-25835 ਤੇ ਸੰਪਰਕ ਕਰੋ।

ਬੀਬੀ ਕੌਲਾਂ ਜੀ ਸੰਗਤ ਨਿਵਾਸ ਸਰ੍ਹਾਂ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਪ੍ਰਿਤਪਾਲ ਸਿੰਘ ਜੀ ਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ ।

ਇਹਨਾਂ ਦੋਵਾਂ ਸਰਾਵਾਂ ਵਿਚ ਹੇਠ ਲਿਖੀਆ ਸਹੂਲਤਾਂ ਦਿੱਤੀਆਂ ਗਈਆਂ ਹਨ।

1. ਹਰ ਕਮਰੇ ਵਿਚ ਡਬਲ ਬੈੱਡ, ਅਲਮਾਰੀ, ਅਟੈਚ ਬਾਥਰੂਮ (ਸਰਦੀਆਂ ਵਿਚ ਗਰਮ ਪਾਣੀ ਦੀ ਸਹੂਲਤ) ਇੰਟਰਕੋਮ, TV ਵਿਚ Live ਕੀਰਤਨ ਸ੍ਰੀ ਦਰਬਾਰ ਸਾਹਿਬ ਅਤੇ ਸਾਰਾ ਦਿਨ ਕਥਾ ਕੀਰਤਨ ਚੱਲਦਾ ਰਹਿੰਦਾ ਹੈ।
2. ਸੰਗਤਾਂ ਲਈ U.S.A. ਤੋਂ ਲੱਤਾਂ ਘੁੱਟਣ ਵਾਲੀ ਮਸ਼ੀਨ , ਜੋੜੇ ਪਾਲਸ਼ ਕਰਨ ਵਾਲੀ ਮਸ਼ੀਨ, ਲਿਫਟ ਦੀ ਸਹੂਲਤ ਹੈ।
3. ਸਰ੍ਹਾਂ ਦੇ ਅੰਦਰ ਹੀ ਨਾਰਮਲ ਰੇਟ 'ਤੇ ਕੰਟੀਨ ਦੀ ਸਹੂਲਤ।
4. ਆਪ ਜੀ ਕਿਸੇ ਜਗ੍ਹਾ ਤੋਂ ਵੀ 6 ਦਿਨ ਪਹਿਲੇ ਫੋਨ 'ਤੇ ਵੀ ਆਪਣੇ ਕਮਰੇ ਦੀ ਬੁਕਿੰਗ ਕਰਵਾ ਸਕਦੇ ਹੋ।
5. ਸਭ ਤੋਂ ਵੱਡੀ ਗੱਲ ਸਹੂਲਤਾਂ ਸਭ ਪਰ ਕੋਈ ਬਿਜ਼ਨੈਸ ਨਹੀਂ। ਇੱਕੋ ਰੀਝ ਹੈ ਕਿ ਤੁਸੀਂ ਗੁਰੂ ਰਾਮਦਾਸ ਜੀ ਦੇ ਦਰ 'ਤੇ ਆ ਕੇ ਨਾਮ ਦਾ ਰਸ ਲਓ ਤੇ ਤੁਹਾਡੀ ਸੇਵਾ ਹੋ ਸਕੇ ।

ਬਾਬਾ ਕੁੰਦਨ ਸਿੰਘ ਜੀ ਸੰਗਤ ਨਿਵਾਸ ਸਰ੍ਹਾਂ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਅਮਰਜੀਤ ਸਿੰਘ ਜੀ ਸਿਲਕੀ ਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ। ਆਪ ਸੰਗਤਾਂ ਦੇ ਸਹਿਯੋਗ ਦੀ ਲੋੜ ਹੈ।

ਟਰੱਸਟ ਹੇਠ ਚੱਲ ਰਹੇ ਤਿੰਨ ਸਕੂਲ



ਬੀਬੀ ਕੌਲਾਂ ਜੀ ਪਬਲਿਕ ਸਕੂਲ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ



ਬੀਬੀ ਕੌਲਾਂ ਜੀ ਪਬਲਿਕ ਸਕੂਲ, ਨੇੜੇ ਗੁ: ਟਾਹਲਾ ਸਾਹਿਬ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ



1. ਇਸ ਸਕੂਲ ਵਿਚ ਪੜ੍ਹਾਈ C.B.S.E. ਪੈਟਰਨ, (ਡੇ-ਬੋਰਡਿੰਗ) ਹੈ।
2. ਪੰਜਾਬ ਵਿਚ ਪਹਿਲੀ ਵਾਰੀ ਸਾਰਾ ਸਕੂਲ A.C. ਹੈ।
3. ਗੁਰਮਤਿ ਤੇ ਅੰਗਰੇਜ਼ੀ ਦੋਵਾਂ ਦਾ ਖਜ਼ਾਨਾ ਬੱਚੇ ਨੂੰ ਮਿਲੇ, ਇਹ ਰੀਝ ਹੈ।
4. ਰੋਟੀ ਖਾਣ ਤੋਂ ਪਹਿਲਾਂ ਅਰਦਾਸ, ਬਾਅਦ ਵਿਚ ਅਰਦਾਸ, ਸਕੂਲ ਛੁੱਟੀ ਵੇਲੇ ਅਰਦਾਸ ਕਿਵੇਂ ਕਰਨੀ ਹੈ, ਕਿਵੇਂ ਬੋਲਣਾ ਹੈ, ਸਾਰੀ ਗੁਰਮਤਿ ਦੀ ਸਿਖਲਾਈ।
5. ਗਤਕਾ, ਕੀਰਤਨ, ਤਬਲਾ, ਪੁਰਾਣੇ ਤੰਤੀ ਸਾਜ਼, ਕੰਪਿਊਟਰ, ਖੇਡਾਂ ਦੇ ਵਿਸ਼ੇਸ਼ ਪ੍ਰਬੰਧ।
6. ਪੰਜਵੀਂ ਦਾ ਬੱਚਾ ਅਮਰੀਕਾ ਦੀ ਅੰਬੈਸੀ (Embassy) ਵਿਚ ਅੰਗਰੇਜ਼ੀ ਵਿਚ ਗੱਲ ਕਰ ਸਕੇ, ਇਹ ਸਾਡੀ ਰੀਝ ਹੈ।
7. ਬੱਚਾ ਬਾਣੀ ਕੰਠ ਕਰੇ, ਰੋਜ਼ ਗੁਰਦੁਆਰੇ ਜਾਵੇ, 15 ਮਿੰਟ ਸੇਵਾ ਕਰੇ, ਇਸ ਦੇ ਵੱਖਰੇ ਨੰਬਰ ਹਨ।
8. ਇਸ ਸਕੂਲ 'ਤੇ ਤੁਹਾਡੇ ਦਿੱਤੇ ਦਸਵੰਧ ਵਿਚੋਂ ਤਕਰੀਬਨ 10 ਕਰੋੜ ਰੁਪਏ ਦੀ ਲਾਗਤ ਆਈ ਹੈ।
9. ਇਹ ਸਭ ਕੁਝ ਹੁੰਦੇ ਹੋਏ ਫੀਸ ਕੇਵਲ 400/-ਰੁ:ਅਤੇ 460/-ਰੁ: ਹੈ। ਕੋਈ ਵਪਾਰ ਨਹੀਂ, ਰੀਝ ਹੈ ਕਿ ਆਮ ਬੰਦਾ ਵੀ ਆਪਣੇ ਬੱਚੇ ਨੂੰ ਦੋਵੇ ਵਿੱਦਿਆ ਦੇ ਸਕੇ। ਐਸੇ ਹੋਰ ਸਕੂਲ ਖੁੱਲ੍ਹਣ ਇਸ ਲਈ ਆਪ ਜੀ ਦੇ ਸਹਿਯੋਗ ਦੀ ਲੋੜ ਹੈ।

ਸਕੂਲ ਦੀ ਤੀਸਰੀ ਬ੍ਰਾਂਚ
ਦਾਤਾ ਬੰਦੀ ਛੋੜ ਪਬਲਿਕ ਸਕੂਲ, ਨੇੜੇ ਪਿੰਡ ਛਿੱਟੇਵੱਡ, ਰਾਮ ਤੀਰਥ ਰੋਡ, ਜਿਲਾ ਅੰਮ੍ਰਿਤਸਰ

ਇਸ ਸਕੂਲ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਅਮਨਦੀਪ ਸਿੰਘ ਜੀ ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।

ਸੰਪਰਕ ਨੰ: 98765-25824,98150-89513, 98765-25887

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਦੇ ਸਮੂੰਹ ਕੀਰਤਨੀ ਜੱਥਿਆਂ ਦੇ ਸੰਪਰਕ ਨੰਬਰ

1.	ਮੁਖ ਕੀਰਤਨੀਏ ਭਾਈ ਗੁਰਇਕਬਾਲ ਸਿੰਘ ਜੀ	
2.	ਭਾਈ ਗੁਰਪਾਲ ਸਿੰਘ ਜੀ (ਉਸਤਾਦ ਜੀ)	098765-25825
3.	ਭਾਈ ਹਰਵਿੰਦਰਪਾਲ ਸਿੰਘ ਜੀ (ਲਿਟਲ)	097795-99990
4.	ਭਾਈ ਅਮਨਦੀਪ ਸਿੰਘ ਜੀ	098765-25824, 098150-89513
5.	ਭਾਈ ਹਰਦੇਵ ਸਿੰਘ ਜੀ (ਦੀਵਾਨਾਂ ਜੀ)	098765-25822, 0183-2493213
6.	ਭਾਈ ਜਸਵਿੰਦਰ ਸਿੰਘ ਜੀ (ਸਿਵਲ-ਲਾਈਨ)	098765-25809
7.	ਭਾਈ ਗੁਰਦੀਪ ਸਿੰਘ ਜੀ (ਬਸੰਤ ਐਵੀਨਿਊ)	099152-82913
8.	ਭਾਈ ਅੰਤਰਪ੍ਰੀਤ ਸਿੰਘ ਜੀ	097791-12513, 098553-46036
9.	ਭਾਈ ਜਤਿੰਦਰ ਸਿੰਘ ਜੀ (ਬਿੱਟੂ ਜੀ)	098150-29312
10	ਭਾਈ ਤੇਜਪਾਲ ਸਿੰਘ ਜੀ	095010-13678
11.	ਭਾਈ ਸੁਰਿੰਦਰ ਸਿੰਘ ਜੀ (ਮਨੀ ਜੀ)	094641-18919
12.	ਭਾਈ ਅਰਵਿੰਦਰ ਸਿੰਘ ਜੀ (ਲੌਂਗ ਮਾਸਟਰ)	98765-25840
13.	ਭਾਈ ਗੁਰਪ੍ਰੀਤ ਸਿੰਘ ਜੀ	98765-25821
14.	ਭਾਈ ਧਰਮਵੀਰ ਸਿੰਘ ਜੀ	092168-70871, 097809-14539
15.	ਭਾਈ ਹਰਮਿੰਦਰ ਸਿੰਘ ਜੀ (ਕਥਾ ਵਾਚਕ)	098765-25847
16.	ਬੀਬੀ ਪਰਮਜੀਤ ਕੌਰ ਜੀ (ਪੰਮਾਂ ਭੈਣ ਜੀ)	098765-25833
17.	ਬੀਬੀ ਹਰਵੀਨ ਕੌਰ ਜੀ (ਬਿਨ੍ਹੂੰ ਭੈਣ ਜੀ)	099150-33901
18.	ਭਾਈ ਹਰਭਜਨ ਸਿੰਘ ਜੀ (ਲੁਧਿਆਣਾ)	098157-93713, 098720-07184
19.	ਭਾਈ ਤਜਿੰਦਰ ਸਿੰਘ ਜੀ ਜੋਬ (ਲੁਧਿਆਣਾ)	098760-58304
20.	ਭਾਈ ਕੰਵਲਜੀਤ ਸਿੰਘ ਜੀ (ਦਿੱਲੀ)	098106-22413, 011-26220372
21.	ਭਾਈ ਬਲਵਿੰਦਰ ਸਿੰਘ ਜੀ (ਕਥਾ ਵਾਚਕ) (ਦੇਹਰਾਦੂਨ)	092196-01313, 099277-22464
22.	ਭਾਈ ਗਗਨਜੋਤ ਸਿੰਘ ਜੀ (ਜਲੰਧਰ)	098154-13138
23.	ਭਾਈ ਨਰਿੰਦਰ ਸਿੰਘ ਜੀ	099156-08409
24.	ਭਾਈ ਸਰਬਜੀਤ ਸਿੰਘ ਜੀ (ਕ੍ਰਿਸ਼ਨਾ ਨਗਰ)	098149-09931
25.	ਭਾਈ ਜਸਪ੍ਰੀਤ ਸਿੰਘ ਜੀ (ਸ਼ਾਹਜਹਾਨਪੁਰ)	098882-44200
26.	ਭਾਈ ਅਮਰਜੀਤ ਸਿੰਘ ਜੀ	095695-13932
27.	ਭਾਈ ਭੁਪਿੰਦਰ ਸਿੰਘ ਜੀ	097803-36251

ਜ਼ਰੂਰੀ ਬੇਨਤੀ ਸੰਗਤ ਦੇ ਸਮੂੰਹ ਪ੍ਰੇਮੀਆਂ ਅਤੇ ਦੇਸ-ਵਿਦੇਸ਼ ਦੀਆਂ ਸੰਗਤਾਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉੱਪਰ ਲਿਖੇ ਸਾਰੇ ਜੱਥੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੀ ਪਿਆਰ ਭਰੀ ਕਮਾਂਡ ਹੇਠ ਨਿਸ਼ਕਾਮ ਸੇਵਾ ਨਿਭਾ ਰਹੇ ਹਨ। ਬੇਨਤੀ ਹੈ ਕਿ ਦਾਸ ਸਮੇਤ ਇਹਨਾਂ ਸਾਰੇ ਜੱਥਿਆਂ ਨੂੰ ਕੋਈ ਵੀ ਘਰੇਲੂ ਵਸਤੂ ਜਿਵੇਂ ਕਿ ਦਸਤਾਰ, ਸੂਟ, ਕੁੜਤਾ-ਪਜਾਮਾਂ, ਜਰਸੀਆਂ, ਘੜੀ, ਮੋਬਾਈਲ, ਬੱਚਿਆਂ ਦੇ ਕੱਪੜੇ ਅਦਿਕ ਕੋਈ ਵੀ ਘਰੇਲੂ ਵਸਤੂ ਨਾ ਦਿੱਤੀ ਜਾਵੇ ਜੀ। ਅਗਰ ਆਪ ਜੀ ਦਾ ਮਨ ਸੇਵਾ ਕਰਨ ਲਈ ਕਹੇ ਤਾਂ ਕਛਿਹਰਿਆਂ ਦਾ ਕੱਪੜਾ, ਸੀਰੇ ਕਛਿਹਰੇ, ਕ੍ਰਿਪਾਨਾਂ, ਗਾਤਰੇ, ਗੁਟਕੇ, ਰੇਮਾਲਿਆਂ ਲਈ ਕੱਪੜਾ, ਮਾਲਾ ਜਾਂ ਚੌਲ ਰਹੇ ਵਿਧਵਾ ਬੀਬੀਆਂ ਦੇ ਕੇਂਦਰ ਲਈ ਮਾਇਕ ਜਾਂ ਰਾਸ਼ਨ ਦਾ ਸਹਿਯੋਗ ਦਿੱਤਾ ਜਾਵੇ ਜੀ। ਸਾਡੀ ਭਾਵਨਾ ਹੈ ਕਿ ਤੁਹਾਡੀ ਦਿੱਤੀ ਵਸਤੂ ਸੰਗਤ ਦੇ ਕੰਮ ਆਵੇ, ਜਿਸ ਨਾਲ ਸਭ ਦਾ ਭਲਾ ਹੋਵੇ। ਇਸ ਲਿਖਤ ਨੂੰ ਪੜ੍ਹਨ ਦੇ ਬਾਵਜੂਦ ਵੀ ਅਗਰ ਕੋਈ ਪ੍ਰੇਮੀ ਘਰੇਲੂ ਵਸਤੂ ਦਾਸਾਂ ਨੂੰ ਜਾਂ ਜੱਥਿਆਂ ਨੂੰ ਦੇਵੇਗਾ ਤਾਂ ਉਸ ਉੱਪਰ ਗੁਰੂ ਦੀ ਚਲਾਈ ਹੋਈ ਸੰਗਤ ਵੱਲੋਂ ਖੁਸ਼ੀ ਨਹੀਂ ਹੋਵੇਗੀ।

ਆਸ ਹੈ ਬੇਨਤੀ ਪ੍ਰਵਾਨ ਕਰਦੇ ਹੋਏ ਅਸੀਸਾਂ ਬਖਸ਼ੋਗੇ ਜੀ। ਧੰਨਵਾਦ।

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ), ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ
(ਫੋਨ) : 0183-3292255 (ਫੈਕਸ) : 0183-2483920

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਵੱਲੋਂ 5 ਨਿਵੇਕਲੀਆਂ ਲਹਿਰਾਂ

ਹੁਣ ਤਕ 3 ਭਾਗ ਹੋ ਚੁੱਕੇ ਹਨ ਇਸ ਲਹਿਰ ਵਿਚ ਕ੍ਰਮਵਾਰ 3,23,207/4,12,820/11,32000

ਦੇ ਨਾਲ' ਇਸ ਲਹਿਰ ਵਿਚ 2,81000 ਬੱਚੇ/ ਨੌਜਵਾਨ/ਬਜ਼ੁਰਗਾਂ ਨੇ ਭਾਗ ਲਿਆ।

ਦੇ ਨਾਲ' ਇਸ ਲਹਿਰ ਵਿਚ 3,24,804 ਬੱਚੇ/ ਨੌਜਵਾਨ/ਬਜ਼ੁਰਗਾਂ ਨੇ ਭਾਗ ਲਿਆ।

ਦੇ ਨਾਲ'' ਇਸ ਲਹਿਰ ਵਿਚ 19,32,536 ਬੱਚੇ/ ਨੌਜਵਾਨ/ਬਜ਼ੁਰਗਾਂ ਨੇ ਭਾਗ ਲਿਆ।

ਸਿੰਘ ਜੀ ਨਾਲ ਇਹ ਲਹਿਰ 2017 ਵਿੱਚ ਆ ਰਹੇ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦਿਨ ਨੂੰ ਸਮਰਪਿਤ ਹੈ।



ਭਲਾ ਹੀ ਭਲਾ ਕੋਈ ਵਪਾਰ ਨਹੀਂ

ਵੀ ਸਭ ਕੁਝ ਚੱਲ ਰਿਹਾ ਹੈ, ਸਾਰੀ ਅਸੀਸ ਨਦਰਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬਾਬਾ ਜੀ (ਨਾਨਕਸਰ ਕਲੇਰਾਂ) ਤੇ ਮੌਜੂਦਾ ਮਹਾਪੁਰਸ਼ ਬਾਬਾ ਹਰਭਜਨ ਸਿੰਘ ਜੀ ਨਾਨਕਸਰ ਵਾਲਿਆਂ ਦੀ ਹੈ।

ਇਹ ਉਪਰ ਲਿਖੀਆਂ ਸੰਸਥਾਵਾਂ ਤੁਸੀਂ ਆਪ ਆ ਕੇ ਵੇਖੋ , ਆਪ ਦਰਸ਼ਨ ਦਿਉ, ਸਾਨੂੰ ਹੋਰ ਸੁਮੱਤ ਬਖਸ਼ੋ। ਹਰ ਸਿੱਖ ਦਸਵੰਧ ਕੱਢਦਾ ਹੈ, ਉਹ ਦਸਵੰਧ ਲੱਗ ਕਿੱਥੇ ਰਿਹਾ ਹੈ, ਇਹ ਵੇਖਣਾ ਬਣਦੀ ਡਿਊਟੀ ਹੈ, ਦਸਵੰਧ ਸਹੀ ਜਗ੍ਹਾ ਲਗਾਉਣਾ ,ਸਹੀ ਸੰਸਥਾ 'ਚ ਦੇਣਾ, ਇਹ ਸਾਡਾ ਫਰਜ਼ ਹੈ। ਐਸੇ ਭਲਾਈ ਕੇਂਦਰ, ਐਸੇ ਹਸਪਤਾਲ, ਐਸੀਆਂ ਸਰਾਵਾਂ, ਐਸੇ ਸਕੂਲ ਹੋਰ ਖੁੱਲ੍ਹਣ, ਆਪ ਜੀ ਦੀ ਅਸੀਸ ਅਤੇ ਸਹਿਯੋਗ ਦੀ ਲੋੜ ਹੈ।

ਵਿਸ਼ਵਾਸ ਪਾਤਰ ਸੰਸਥਾ

ਇਹਨਾਂ ਚੱਲ ਰਹੇ ਕਾਰਜਾਂ ਲਈ ਅਗਰ ਆਪ ਜੀ ਆਪਣੇ ਦਸਵੰਧ ਵਿਚੋਂ ਸੇਵਾ ਹਿਤ (ਚੈੱਕ ਜਾਂ ਡਰਾਫਟ) ਭੇਜਣਾ ਚਾਹੋ ਤਾਂ ਹੇਠ ਲਿਖੇ ਨਾਮ ਅਤੇ ਪਤੇ ਤੇ ਭੇਜਣਾ ਜੀ:-

ਨਾਮ:- ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)

ਪਤਾ:- ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ) ਤਰਨ ਤਾਰਨ ਰੋਡ ਸ੍ਰੀ ਅੰਮ੍ਰਿਤਸਰ ਸਾਹਿਬ।

ਆਪ ਜੀ ਆਪਣਾ ਪੂਰਾ ਪਤਾ ਅਤੇ ਮੋਬਾਇਲ ਨੰਬਰ ਸਾਫ-ਸਾਫ ਅੱਖਰਾਂ ਵਿਚ ਲਿਖ ਕੇ ਨਾਲ ਜਰੂਰੀ ਭੇਜਣਾ ਜੀ ਤਾਂ ਕਿ ਰਸੀਦ ਅਤੇ ਸਤਿਕਾਰ ਆਪ ਜੀ ਦੇ ਦਿੱਤੇ ਪਤੇ 'ਤੇ ਪੋਸਟ ਕੀਤਾ ਜਾ ਸਕੇ। ਟਰੱਸਟ ਨੂੰ ਦਿੱਤੀ ਹੋਈ ਸੇਵਾ ਵਿੱਚ ਇੰਨਕਮ ਟੈਕਸ ਦੇ ਕਾਨੂੰਨ 80-G ਅਨੁਸਾਰ ਛੋਟ ਹੈ ਜੀ।

ਜੇਕਰ ਆਪ ਜੀ ਨੇ ਦਸਵੰਧ ਦੀ ਸੇਵਾ ਸਿੱਧੀ ਬੈਂਕ ਵਿਚ ਟਰਾਂਸਫਰ ਕਰਕੇ ਭੇਜਣੀ ਹੋਵੇ ਤਾਂ ਸਾਡੇ ਦੋਵੇਂ ਬੈਂਕਾ ਦੇ ਆਨ ਲਾਈਨ ਅਕਾਉਂਟ ਨੰਬਰ (ONLINE Account No.) ਹੇਠ ਲਿਖੇ ਅਨੁਸਾਰ ਹਨ ਜੀ:-

ਨਾਮ:	ਮਾਤਾ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)	ਨਾਮ:	ਮਾਤਾ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਖਾਤਾ ਨੰਬਰ :	3398000100114013	ਖਾਤਾ ਨੰਬਰ :	02631770000020
ਬੈਂਕ:	ਪੰਜਾਬ ਨੈਸ਼ਨਲ ਬੈਂਕ	ਬੈਂਕ:	ਐਚ ਡੀ ਐਫ ਸੀ ਬੈਂਕ
ਬ੍ਰਾਂਚ:	ਕੋਟ ਮਿਤ ਸਿੰਘ , ਤਰਨ ਤਾਰਨ ਰੋਡ ਅੰਮ੍ਰਿਤਸਰ	ਬ੍ਰਾਂਚ:	ਆਰ ਐਸ ਟਾਵਰ, ਅੰਮ੍ਰਿਤਸਰ
IFSC CODE : PUNB0339800		IFSC CODE : HDFC 0000263	

ਜਰੂਰੀ ਬੇਨਤੀ :- ਆਨ ਲਾਈਨ ਬੈਂਕ ਖਾਤੇ ਵਿਚ ਸੇਵਾ ਪਾ ਕੇ ਮੋਬਾਇਲ ਨੰਬਰ 9876525820 ਜਾਂ 9876525828 ਤੇ ਜਰੂਰ ਸੂਚਿਤ ਕਰੋ ਜੀ ਤਾਂ ਕਿ ਆਪ ਜੀ ਨੂੰ ਰਸੀਦ ਅਤੇ ਸਤਿਕਾਰ ਪੋਸਟ ਕੀਤਾ ਜਾ ਸਕੇ।

ਧੰਨਵਾਦ ਸਹਿਤ।

ਦਾਸਨ ਦਾਸ ਭਾਈ ਗੁਰਇਕਬਾਲ ਸਿੰਘ ਅਤੇ ਸਹਿਯੋਗੀ

0183-3292255, FAX 0183-2483920,
(M) 98765-25826, 98765-25828, 98765-25820
www.bkbktrustamritsar.org, bktrustasr@yahoo.com,
www.bibikaulanjibhalaikendertrust.com

ਸਤਾਏਗੀ। ਜੇ ਫੇਰ ਵੀ ਜ਼ੋਰ ਪਵੇ ਤਾਂ ਉਠ ਕੇ ਸਹਿਜੇ-ਸਹਿਜੇ ਟਹਿਲਣਾ ਸ਼ੁਰੂ ਕਰ ਦਿਓ ਤੇ ਉਸੇ ਤਰ੍ਹਾਂ ਪਾਠ ਵਿਚ ਧਿਆਨ ਲਗਾਈ ਰੱਖੋ। ਥੋੜ੍ਹੀ ਦੇਰ ਬਾਅਦ ਬੈਠ ਜਾਵੋ। ਮਤਲਬ ਇਹ ਕਿ ਪਾਠ ਵੇਲੇ ਜੋ ਨੀਂਦ, ਆਲਸ ਪੈਦਾ ਹੁੰਦਾ ਹੈ ਉਸ ਵਿਚ ਕਦੀ ਆਪਣੇ ਆਪ ਨੂੰ ਪੈਣ ਨਹੀਂ ਦੇਣਾ। ਸਾਵਧਾਨ ਰਹਿਣਾ ਹੈ।

ਭਾਈ ਵੀਰ ਸਿੰਘ ਜੀ ਦੇ ਵੇਲੇ ਦੇ ਇਕ ਅਭਿਆਸੀ ਦਾ ਬਚਨ ਦਾਸ ਨੇ ਪੜ੍ਹਿਆ। ਉਸ ਨੇ ਆਪਣੇ ਘਰ ਵਿਚ ੧੧ ਢੰਗ ਰੱਖੇ ਹੋਏ ਸਨ ਜੁੜਨ ਲਈ। ਦਾਸ ਆਪ ਉਨ੍ਹਾਂ ਦੇ ਕਮਰੇ ਦੇ ਦਰਸ਼ਨ ਵੀ ਕਰ ਕੇ ਆਇਆ ਹੈ, ਸਾਧਨ ਵੇਖ ਕੇ ਵੀ ਆਇਆ ਹੈ। ਉਨ੍ਹਾਂ ਨੇ ਆਪਣੇ 'ਤੇ Ban ਲਾਇਆ ਹੋਇਆ ਸੀ। ਸ੍ਰੀ ਜਪੁਜੀ ਸਾਹਿਬ ਦੇ ਪਾਠ ਇਕ ਘੰਟਾ, ਲਗਾਤਾਰ ਜਿੰਨੇ ਹੋ ਸਕਣ, ਇੱਕੋ ਚੌਂਕੜੀ 'ਤੇ ਕਰ ਕੇ ਰਸ ਲੈਂਦੇ ਸਨ। ਹੁਣ ਇਕ ਘੰਟੇ ਬਾਅਦ ਸੁਸਤੀ ਵੀ ਪੈ ਜਾਂਦੀ ਹੈ। ਦੂਜਾ ਢੰਗ- ਉਨ੍ਹਾਂ ਨੇ ਛਾਤੀ ਤਕ ਦਾ ਇਕ ਪਾਈਪ ਲਾਇਆ ਹੋਇਆ ਸੀ; ਉਸ ਉੱਤੇ ਦੋਵੇਂ ਬਾਹਵਾਂ ਰੱਖ ਕੇ ਫਿਰ ਸਿਮਰਨ। ਕੁਝ ਸਮਾਂ ਇਸ ਤਰ੍ਹਾਂ ਰਸ ਲੈਣਾ। ਹੁਣ ਜੇ ਪਾਈਪ 'ਤੇ ਵੀ ਥੱਕ ਗਏ ਤਾਂ ਉਨ੍ਹਾਂ ਕਮਰੇ ਵਿਚ ਇਕ ਝੂਲਾ ਰੱਖਿਆ ਹੋਇਆ ਸੀ। ਉਨ੍ਹਾਂ ਦੀ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਜਦੋਂ ਮੈਂ ਪਾਈਪ ਤੋਂ ਝੂਲੇ 'ਤੇ ਜਾ ਕੇ ਬੈਠਣਾ ਤਾਂ ਅੱਧਾ ਘੰਟਾ ਸਹਿਜੇ ਹੀ ਬੜੀ ਸੁਚੇਤਤਾ ਵਿਚ ਬੀਤ ਜਾਂਦਾ ਸੀ। ਨਾਲ-ਨਾਲ ਸਿਮਰਨ, ਨਾਲ-ਨਾਲ ਹਲਕਾ-ਹਲਕਾ ਝੂਟਾ। ਜੇ ਝੂਲੇ ਤੋਂ ਮਨ ਅੱਕ ਜਾਣਾ ਤਾਂ ਚੌਥੀ ਚੀਜ਼ ਬੈਰਾਗਨ ਰੱਖੀ ਹੋਈ ਸੀ; ਉਸ ਉੱਤੇ ਕੁਝ ਸਮਾਂ ਚੌਪਈ ਸਾਹਿਬ ਜਾਂ ਹੋਰ ਬਾਣੀ ਪੜ੍ਹਦੇ। ਪੰਜਵਾਂ ਸਾਧਨ ਉਨ੍ਹਾਂ ਇਕ ਕੁਰਸੀ ਵੀ ਰੱਖੀ ਹੋਈ ਸੀ ਜਿਸ ਉੱਤੇ ਬੈਠ ਕੇ ਜੁੜਦੇ ਸੀ। ਛੇਵਾਂ ਸਾਧਨ-ਖੂੰਡੀ ਰੱਖੀ ਹੋਈ ਸੀ। ਉਨ੍ਹਾਂ ਦੇ ਸੇਵਾਦਾਰਾਂ ਨੇ ਦੱਸਿਆ ਕਿ ਜਦੋਂ ਨੀਂਦ ਦਾ ਬਹੁਤ ਜ਼ਿਆਦਾ ਜ਼ੋਰ ਪੈ ਜਾਂਦਾ ਸੀ ਤਾਂ ਖੂੰਡੀ ਫੜ ਕੇ ਖੜ੍ਹੇ ਹੋ ਜਾਂਦੇ ਸੀ ਤੇ ਜਪੁਜੀ ਸਾਹਿਬ ਦੇ ੧੧-੧੧ ਪਾਠ ਸਹਿਜੇ ਹੀ ਕਰ ਜਾਂਦੇ ਸਨ।

ਸਤਵਾਂ ਸਾਧਨ ਸੇਵਾਦਾਰ ਦੱਸਦੇ ਸਨ ਕਿ ਇਕ ਸਹਿਜ ਪਾਠ ਚਾਲੂ ਰੱਖਦੇ ਸਨ। ੫੦-੧੦੦ ਅੰਗ ਇੱਕੋ ਚੌਂਕੜੀ 'ਤੇ ਕਰ ਲੈਂਦੇ ਸਨ। ਅਠਵਾਂ

ਸਾਧਨ ਚੌਰ ਸਾਹਿਬ ਕਰਦਿਆਂ ਸਿਮਰਨ। ਨੌਵਾਂ ਸਾਧਨ-ਟੇਪ ਲਾ ਕੇ ਸ਼ਬਦ ਸੁਣਦੇ ਸਨ ਤੇ ਭਾਵਨਾ ਬਣਾ ਲੈਂਦੇ ਸਨ ਕਿ ਦਰਬਾਰ ਸਾਹਿਬ ਦੇ ਅੰਦਰ ਬੈਠੇ ਹਾਂ। ਦਸਵਾਂ ਸਾਧਨ- ਇਕ ਸੁਖਮਨੀ ਸਾਹਿਬ ਹੱਥ-ਲਿਖਤ ਵੇਖੀ, ਜਿਸ ਦਾ ਇਕ-ਇਕ ਪੇਜ ਇੰਨਾ ਚੌੜਾ ਸੀ ਕਿ ਪੂਰੀ ਅਸਟਪਦੀ ਇੱਕੋ ਪੇਜ 'ਤੇ ਲਿਖੀ ਸੀ। ਸੇਵਾਦਾਰ ਨੇ ਦੱਸਿਆ ਕਿ ਅਭਿਆਸ ਕਰਦਿਆਂ ਇਤਨੀ ਬਖਸ਼ਿਸ਼ ਹੋ ਗਈ ਸੀ ਕਿ ਇੱਕੋ ਸਾਹ ਵਿਚ ਇਕ ਅਸਟਪਦੀ ਪੜ੍ਹ ਲੈਂਦੇ ਸੀ। ਹੋ ਸਕਦਾ ਹੈ, ਕਈ ਏਸ ਗੱਲ ਨੂੰ ਮੰਨਣ ਵਿਚ ਨਾ ਲਿਆਣ ਕਿ ਇਹ ਕਿਵੇਂ ਹੋ ਸਕਦਾ ਹੈ? ਪਰ ਕਿਸੇ ਦੇ ਘਰ ਦੇ ਕੋਠੇ 'ਤੇ ਛੱਤ 'ਤੇ ਜੇ ਕੋਈ ਗਿਆ ਹੀ ਨਹੀਂ ਤਾਂ ਉਸ ਨੂੰ ਕਿਵੇਂ ਪਤਾ ਹੋ ਸਕਦਾ ਹੈ ਉਸ ਘਰ ਦੀ ਛੱਤ 'ਤੇ ਕੀ ਪਿਆ ਹੈ ਪਰ ਜਿਹੜਾ ਗਿਆ ਹੈ ਉਹ ਦੱਸ ਸਕਦਾ ਹੈ। ਸੋ ਜਿਹੜੇ ਇਥੋਂ ਤਕ ਨਹੀਂ ਪਹੁੰਚੇ ਉਹ ਤਾਂ ਇਹੀ ਕਹਿਣਗੇ ਕਿ ਨਹੀਂ ਹੋ ਸਕਦਾ ਪਰ ਜਿਸ ਦਿਨ ਇਸ ਅਵਸਥਾ 'ਤੇ ਪਹੁੰਚ ਜਾਵੋਗੇ, ਕਹੋਗੇ, ਹੋ ਸਕਦਾ ਹੈ ਐਸਾ!

ਅੱਜ ਵੀ ਦਾਸ ਦੀ Knowledge ਵਿਚ ਕਈ ਐਸੀਆਂ ਰੂਹਾਂ ਹੈ ਨੇ ਜਿਹੜੀਆਂ ਇਕ ਸਾਹ ਵਿਚ ਇਕ ਅਸਟਪਦੀ ਨਹੀਂ ਤਾਂ ਦੋ ਸਾਹਾਂ ਵਿਚ ਇਕ ਅਸਟਪਦੀ ਪੜ੍ਹ ਲੈਂਦੀਆਂ ਹਨ। ਪਰ ਜਿਹੜਾ ਇਥੇ ਨਹੀਂ ਪਹੁੰਚਿਆ ਉਸ ਵਾਸਤੇ ਤਾਂ ਹੈਰਾਨਗੀ ਦੀ ਗੱਲ ਹੈ। ੧੧ਵਾਂ ਸਾਧਨ ਉਨ੍ਹਾਂ ਇਕ ਹਜ਼ਾਰ ਮਣਕਿਆਂ ਦੀ ਮਾਲਾ ਰੱਖੀ ਹੋਈ ਸੀ। ਉਨ੍ਹਾਂ ਦੇ ਸੇਵਾਦਾਰ ਨੇ ਦੱਸਿਆ ਕਿ ਉਹ ਕਈ ਵਾਰੀ Ban ਲਗਾਂਦੇ ਸੀ ਕਿ ਇਕ ਲੱਖ ਮੂਲਮੰਤਰ ਦਾ ਪਾਠ ਮਹੀਨੇ ਵਿਚ ਕਰਨਾ ਹੈ। ਰੋਜ਼ ਦੀਆਂ ਇਹ ੨-੩ ਮਾਲਾ, ਇਸ ਤਰ੍ਹਾਂ ਮਹੀਨੇ ਵਿਚ ੧੦੦ ਮਾਲਾ ਨਾਲ ਇਕ ਲੱਖ ਪਾਠ ਦਾ ਜਾਪ ਹੋ ਜਾਂਦਾ ਸੀ। ਬਾਬਾ ਕੁੰਦਨ ਸਿੰਘ ਜੀ ਮਹਾਂ ਪੁਰਸ਼ਾਂ ਨੇ ਵੀ ਕਈ ਮਾਲਾ ਇਕੱਠੀਆਂ ਕਰ ਕੇ (ਉਨ੍ਹਾਂ ਦੀ ਲੀਲ੍ਹਾ ਓਹੀ ਜਾਨਣ!) ਬਣਾਈ ਹੋਈ ਸੀ। ਬੜੇ ਪਿਆਰ ਨਾਲ ਸੇਵਾਦਾਰ ਨੂੰ ਕਹਿੰਦੇ ਸੀ, ਲਿਆਓ ਸਾਡੀ ਰੱਸੀ!

ਸਾਡੇ ਵਰਗਿਆਂ ਨੂੰ ਆਲਸ ਆ ਜਾਵੇ ਬਾਣੀ ਪੜ੍ਹਦਿਆਂ ਤੇ ਗੁਟਕਾ ਪਾਸੇ ਰੱਖ ਦੇਂਦੇ ਹਾਂ ਕਿ ਪਹਿਲੇ ਪੰਜ ਮਿੰਟ ਸੌਂ ਲਵਾਂ ਤੇ ਕਈ ਵਾਰੀ ੨-੩ ਘੰਟੇ ਪਤਾ ਨਹੀਂ ਲੱਗਦਾ ਐਸੀ ਨੀਂਦ ਪੈ ਜਾਂਦੀ ਹੈ। ਮਹਾਂ ਪੁਰਸ਼ ਜਿਹੜੇ ਏਸ

ਰਾਹ 'ਤੇ ਚਲੇ ਹਨ, ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਹੈ। ਸਾਨੂੰ ਵੀ ਸਾਧਨਾ ਕਰਦਿਆਂ ਨੀਂਦਰ, ਆਲਸ, ਮਨ ਦਾ ਅੱਕ ਜਾਣਾ- ਇਹ ਚੀਜ਼ਾਂ ਤੰਗ ਕਰਨ ਤਾਂ ਭਗਤੀ ਦੇ ਅਲੱਗ-ਅਲੱਗ ਢੰਗ ਅਪਣਾ ਲਈਏ ਤਾਂ ਕੋਈ ਗੁਨਾਹ ਨਹੀਂ।

ਮਹਾਂ ਪੁਰਸ਼ ਸਿਮਰਨ ਦੀ ਇਕ ਵਿਧੀ ਇਸ ਤਰ੍ਹਾਂ ਵੀ ਦੱਸਦੇ ਸੀ- ਸੁਆਸ ਲਿਆ, ਛਾਤੀ 'ਤੇ ਅੜਾ ਲਿਆ, ਅੰਦਰ ਜਪੋ, ਅਵਾਜ਼ ਨਹੀਂ ਆਵੇਗੀ, ਬੁੱਲ੍ਹ ਨਹੀਂ ਹਿੱਲਣਗੇ, ਜ਼ੁਬਾਨ ਨਹੀਂ ਹਿੱਲੇਗੀ, ਜਪਿਆ ਜਾ ਰਿਹਾ ਹੋਵੇਗਾ। ਇਸ ਤਰ੍ਹਾਂ ਇਕ ਸੁਆਸ ਵਿਚ ੯-੧੦ ਵਾਰੀ 'ਵਾਹਿਗੁਰੂ ਵਾਹਿਗੁਰੂ' ਕਹਿ ਲਵੋਗੇ। ਜੇ ਅਭਿਆਸ ਹੋ ਜਾਵੇ ਤਾਂ ਇਕ ਸੁਆਸ ਵਿਚ ੧੦੦ ਵਾਰੀ ਵੀ ਕਹਿ ਸਕਦੇ ਹੋ। (ਜਿੰਨੀ ਵਾਰੀ ਵੀ ਕਿਹਾ ਜਾਵੇ, ਜ਼ਿਦ ਨਹੀਂ ਕਰਨੀ) ਬਾਅਦ ਵਿਚ ਦੋ ਸੁਆਸ ਛੋਟੇ ਲਵੋ, ਚੌਥਾ ਸੁਆਸ ਫਿਰ ਲੰਮਾ, ਛਾਤੀ 'ਤੇ ਅੜਾ ਲੈਣਾ ਹੈ ਤੇ 'ਵਾਹਿਗੁਰੂ-ਵਾਹਿਗੁਰੂ' ਜਪਣਾ ਹੈ, ਜਿੱਥੇ ਵੀ ਭਰੋਸਾ ਹੈ ਚਰਨਾਂ ਵਿਚ ਸੁਰਤੀ ਰੱਖ ਕੇ। ਇਸ ਤਰ੍ਹਾਂ ਅੱਧਾ ਘੰਟਾ ਵੀ ਬੈਠੋ ਤਾਂ ਮਣਾਂ-ਮੂੰਹੀ ਫਲ ਹੈ। ਇਸ ਤਰ੍ਹਾਂ ਦੇ ਅਭਿਆਸ ਵਿਚ ਨੀਂਦ ਵੀ ਨਹੀਂ ਆਵੇਗੀ। ਆਮ ਬੰਦਾ ਜਦੋਂ ਸਿਮਰਨ ਵਿਚ ਬੈਠਦਾ ਹੈ ਤਾਂ ਨੀਂਦ ਜ਼ੋਰ ਪਾ ਦੇਂਦੀ ਹੈ, ਪਰ ਇਸ ਵਿਚ ਨੀਂਦ ਜ਼ੋਰ ਨਹੀਂ ਪਾਵੇਗੀ। ਦੋ ਛੋਟੇ ਸੁਆਸ ਇਸ ਲਈ ਲੈਣੇ ਹਨ ਕਿਉਂਕਿ ਲਗਾਤਾਰ ਲੰਮੇ ਸੁਆਸ ਲੈਣ ਨਾਲ ੫ ਮਿੰਟ ਬਾਅਦ ਤੁਸੀਂ ਥੱਕ ਜਾਵੋਗੇ। ਛੋਟੇ ਸੁਆਸ ਲੈਣ ਵੇਲੇ ਵੀ 'ਵਾਹਿਗੁਰੂ' ਕਹਿਣਾ ਹੈ ਪਰ ਉਸ ਦੇ ਵਿਚ ੨-੩ ਵਾਰੀ ਹੀ ਕਿਹਾ ਜਾਵੇਗਾ। ਜਿਉਂ-ਜਿਉਂ ਅਭਿਆਸ ਕਰੋਗੇ ਆਪਣੇ ਆਪ ਵਧੀ ਜਾਵੇਗਾ।

ਬਾਬਾ ਈਸ਼ਰ ਸਿੰਘ ਜੀ ਤੇ ਉਨ੍ਹਾਂ ਦੇ ਸੇਵਾਦਾਰ ਬਾਬਾ ਕੁੰਦਨ ਸਿੰਘ ਜੀ (ਉਸ ਸਮੇਂ ਸੇਵਾਦਾਰ) ਤੇ ਭਾਈ ਗੁਰਮੁਖ ਸਿੰਘ ਜੀ ਇਕ ਵਾਰੀ ਗੋਇੰਦਵਾਲ ਸਾਹਿਬ ਗਏ ਤੇ ਬਉਲੀ ਸਾਹਿਬ 'ਚ ਇਸ਼ਨਾਨ ਕਰਨ ਲੱਗ ਪਏ। ਜਦੋਂ ਬਾਬਾ ਈਸ਼ਰ ਸਿੰਘ ਜੀ ਇਸ਼ਨਾਨ ਕਰਦੇ ਪਏ ਸਨ ਤੇ ਭਾਈ ਗੁਰਮੁਖ ਸਿੰਘ ਜੀ ਨੂੰ ਕਹਿੰਦੇ, ਨੱਕ ਫੜ ਕੇ ਕੇਸਾਂ ਸਮੇਤ ਚੁੱਭੀ ਲਾਉਣੀ ਹੈ ਬਉਲੀ ਸਾਹਿਬ ਵਿਚ, ਅੰਦਰ ਪਾਣੀ ਵਿਚ ਵੀ ਬੰਦਾ ਇਕ-ਅੱਧਾ ਸੁਆਸ ਲੈ ਹੀ ਲੈਂਦਾ ਹੈ। ਬਾਬਾ ਜੀ ਕਹਿੰਦੇ, ਜਦ ਤਕ ਪਾਣੀ 'ਚ ਰਹਿਣਾ ਹੈ, ਪਹਿਲੀ ਪਉੜੀ 'ਨਾਨਕ

ਹੋਸੀ ਭੀ ਸਚੁ' ਤਕ ਪੜ੍ਹਨੀ ਹੈ। ਬਾਹਰ ਨਿਕਲ ਕੇ ਸਾਨੂੰ ਦੱਸੀਂ ਕਿ ਕਿੰਨੀ ਵਾਰੀ ਪੜ੍ਹੀ ਹੈ। (ਅਭਿਆਸ ਦੀ ਗੱਲ ਚੱਲ ਰਹੀ ਹੈ ਕਿ ਅਭਿਆਸ ਕੀ ਹੁੰਦਾ ਹੈ?) ਜਦੋਂ ਬਾਹਰ ਆਣ 'ਤੇ ਭਾਈ ਗੁਰਮੁਖ ਸਿੰਘ ਜੀ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ੩ ਵਾਰੀ ਜਪਿਆ ਹੈ। ਫਿਰ ਉਨ੍ਹਾਂ ਨੇ ਬਾਬਾ ਕੁੰਦਨ ਸਿੰਘ ਜੀ ਨੂੰ ਵੀ ਇਸੇ ਤਰ੍ਹਾਂ ਕਰਨ ਲਈ ਕਿਹਾ। ਬਾਹਰ ਨਿਕਲਣ 'ਤੇ ਪੁੱਛਣ 'ਤੇ ਕਹਿੰਦੇ, ਤੁਹਾਡੀ ਕਿਰਪਾ ਨਾਲ ੭ ਵਾਰੀ। ਹੁਣ ਬਾਬਾ ਜੀ ਨੇ ਆਪ ਚੁੱਭੀ ਮਾਰੀ ਤੇ ਜਦੋਂ ਬਾਹਰ ਨਿਕਲੇ ਤਾਂ ਸੇਵਾਦਾਰ ਨੇ ਪੁੱਛਿਆ, ਆਪ ਜੀ ਦੱਸੋ, ਕਿੰਨੀ ਵਾਰੀ ਜਪਿਆ? ਪਰ ਬਾਬਾ ਜੀ ਨੇ ਆਪਣੀ ਵਡਿਆਈ ਨੂੰ ਛੁਪਾਣ ਲਈ ਗੱਲ ਨੂੰ ਪਲਟਾਣ ਦਾ ਯਤਨ ਕੀਤਾ ਪਰ ਉਨ੍ਹਾਂ ਦੇ ਬਹੁਤ ਖਹਿੜੇ ਪੈਣ 'ਤੇ ਦੱਸਿਆ ਕਿ ਗੁਰੂ ਦੀ ਕਿਰਪਾ ਨਾਲ ੧੩ ਵਾਰੀ। ਹੁਣ ਚੁੱਭੀ ਤੇ ਉਹੀ ਹੈ। ਕਿਸੇ ਨੂੰ ੩ ਵਾਰੀ ਪਹਿਲੀ ਪਉੜੀ ਜਪਣ ਦਾ ਅਭਿਆਸ ਤੇ ਕਿਸੇ ਨੂੰ ੭ ਵਾਰੀ ਤੇ ਕਿਸੇ ਨੂੰ ੧੩ ਵਾਰੀ। ਜਦੋਂ ਤੁਸੀਂ ਵੀ ਇਸ ਤਰ੍ਹਾਂ ਅੰਮ੍ਰਿਤ ਵੇਲੇ ਉਠ ਕੇ ਅਭਿਆਸ ਕਰੋਗੇ ਤਾਂ ਕਿਰਪਾ ਵਧਦੀ ਜਾਵੇਗੀ।

ਇਹ ਸਭ ਅਲੱਗ-ਅਲੱਗ ਜੁਗਤੀਆਂ ਹਨ ਸਿਮਰਨ ਦੀਆਂ, ਸਾਧਨਾ ਦੀਆਂ, ਨਾਮ ਜਪਣ ਦੀਆਂ। ਤੁਸੀਂ ਕਿਧਰੇ ਕੱਪੜੇ ਦੀ ਦੁਕਾਨ 'ਤੇ ਜਾਵੋ ਕੱਪੜਾ ਲੈਣ, ਜੇ ਦੁਕਾਨਦਾਰ ਇੱਕ ਹੀ ਵਰਾਇਟੀ ਤੁਹਾਡੇ ਅੱਗੇ ਰੱਖ ਦੇਵੇ ਤਾਂ ਤੁਸੀਂ ਕਹਿੰਦੇ ਹੋ, ਹੋਰ ਦਿਖਾ। ਜੇ ਉਹ ਕਹੇ, ਹੋਰ ਨਹੀਂ ਹੈ, ਇੱਕੋ ਹੀ Variety ਹੈ ਤਾਂ ਸ਼ਾਇਦ ਤੁਸੀਂ ਛੱਡ ਦੇਵੋਂ, ਨਾ ਪਸੰਦ ਕਰੋ, ਪਰ ਜੇ ਉਹ ੫-੭-੧੦ ਥਾਨ ਖੋਲ੍ਹੇ, ਹੋਰ ਵਰਾਇਟੀਆਂ ਦਿਖਾਵੇ ਤਾਂ ਤੁਸੀਂ ਕੋਈ ਪਸੰਦ ਕਰ ਲੈਂਦੇ ਹੋ। ਇਹ ਵੀ ਮਹਾਂ ਪੁਰਸ਼ਾਂ ਨੇ ਵੱਖਰੇ-ਵੱਖਰੇ ਥਾਨ ਖੋਲ੍ਹ ਕੇ ਰੱਖੇ ਹਨ ਜੋੜਨ ਵਾਸਤੇ ਕਿ ਕਿਧਰੇ ਤੇ ਮਨ ਠਹਿਰੇ, ਕੋਈ ਤਾਂ ਪਸੰਦ ਆਵੇ! ਜਿਸ ਤਰ੍ਹਾਂ ਵੀ ਰਸ ਆਵੇ ਜੁੜ ਜਾਈਏ! ਇਹ ਸਾਰੇ ਢੰਗ ਔਖੇਪਨ ਤੇ ਬੇਰਸੀ ਨੂੰ ਮੁਕਾਉਣ ਵਾਸਤੇ ਮਹਾਂ ਪੁਰਸ਼ਾਂ ਨੇ ਕੱਢੇ ਹੁੰਦੇ ਹਨ। **ਇਹ ਧਿਆਨ ਦੇਣ ਯੋਗ ਦੂਸਰੀ ਜੁਗਤੀ ਜੇ ਸਾਧਨਾ ਵੇਲੇ ਆਲਸ ਤੰਗ ਕਰੇ, ਮਨ ਅੱਕ ਜਾਵੇ ਤਾਂ ਢੰਗ ਬਦਲਾਈ ਜਾਵੇ ਪਰ ਸਾਧਨਾ ਨਾ ਛੱਡੋ। ਬਾਕੀ ਉਹ ਪ੍ਰੇਮ ਦਾ ਭੁੱਖਾ ਹੈ, ਜਿਵੇਂ ਵੀ ਮਨ ਜੁੜੇ, ਜਪੋ!**

ਤੀਸਰੀ ਜੁਗਤੀ

੩. ਸਾਧਕ ਬੰਦੇ ਲਈ ਤੀਸਰੀ ਜੁਗਤੀ ਹੈ ਕਿ ਰੱਬ ਵਾਲੇ ਬੰਨੇ, ਗੁਰੂ ਵਾਲੇ ਬੰਨੇ ਜਿਤਨੇ ਕੰਮ ਕਰੇ ਉਹ ਸਾਰੇ ਕੰਮ ਵੈਰ-ਵਿਰੋਧ, ਈਰਖਾ-ਦਵੈਸ਼ ਤੋਂ ਉਪਰ ਉੱਠ ਕੇ ਕਰੇ, ਗੁਰੂ ਦੀ ਖ਼ੁਸ਼ੀ ਲੈਣ ਲਈ ਕਰੇ।

ਕਈਆਂ ਨੂੰ ੯੦-੯੦ ਸਾਲ ਬੀਤ ਜਾਂਦੇ ਹਨ ਤਪੱਸਿਆ ਕਰਦਿਆਂ, ਪਰ ਜਦ ਤਕ ਨਿਰਵੈਰਤਾ ਦੀ ਦਾਤ, ਸਰਬੱਤ ਦੇ ਭਲੇ ਦੀ ਦਾਤ ਝੋਲੀ 'ਚ ਨਾ ਪਵੇ ਕੋਈ ਸੇਵਾ ਥਾਂਇ ਨਹੀਂ ਪੈਂਦੀ, ਮੋਹਰ ਨਹੀਂ ਲੱਗਦੀ, ਪ੍ਰਾਪਤੀ ਨਹੀਂ ਹੁੰਦੀ। ਜਪਿਆ ਹੋਇਆ ਨਾਮ, ਕੀਤੀ ਹੋਈ ਸੇਵਾ ਕਦੋਂ ਥਾਂਇ ਪੈਂਦੀ ਹੈ, ਜਦੋਂ ਗੁਰੂ ਤ੍ਰੁਠ ਕੇ ਇਹ ਦਾਤ ਦੇ ਦੇਵੇ-

"ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥੧॥"

(ਅੰਗ ੧੨੯੯)

ਤੁਹਾਡੀ ਜ਼ਿੰਦਗੀ ਵਿਚ ਕੋਈ ਸੇਵਾ ਹੋਵੇ, ਇਹ ਦ੍ਰਿਸ਼ਟੀ ਜ਼ਰੂਰ ਬਣਾ ਕੇ ਰੱਖਿਓ, ਕੀਤਾ ਥਾਂਇ ਪੈ ਜਾਵੇਗਾ। ਜੇ ਚਾਹੁੰਦੇ ਹੋ ਕੀਤਾ ਥਾਂਇ ਪਾਉਣਾ ਤਾਂ ਇਹ ਭਾਵਨਾ ਬਣਾਉਣੀ ਹੈ, "ਤੇਰੇ ਭਾਣੇ ਸਰਬੱਤ ਦਾ ਭਲਾ"। ਕਈ ਸਰੀਰ ਧਾਰਮਿਕ ਕੰਮ ਵੀ, ਵੈਰ-ਵਿਰੋਧ ਵਿਚ ਕਰ ਬੈਠਦੇ ਹਨ, ਈਰਖਾ ਵਿਚ, ਦਵੈਸ਼ ਵਿਚ ਕਰ ਬੈਠਦੇ ਹਨ। ਇਕ ਬੰਦਾ ਹੈ। ਸੰਗਤ ਵੀ ਕਰਦਾ ਹੈ। ਉਸ ਨੇ ਆਪੇ ਹੀ ਇਕ ਵਾਰੀ ਆਪਣਾ ਇਕ ਬਚਨ ਦਾਸ ਨੂੰ ਸੁਣਾਇਆ। ਕਹਿੰਦਾ ਕਿ ਮੈਂ ਮਨ ਵਿਚ ਇਕ ਮੰਗ ਰੱਖੀ ਹੋਈ ਹੈ ਕਿ ਬਾਬਾ ਦੀਪ ਸਿੰਘ ਜੀ, ਮੈਂ ੭ ਦਿਨ ਪੰਜ ਪਾਠ ਰੋਜ਼ ਸ੍ਰੀ ਸੁਖਮਨੀ ਸਾਹਿਬ ਜੀ ਦੇ ਕਰਾਂਗਾ, ਫਲਾਣੇ ਦੇ ਮੂੰਹ 'ਤੇ ਫੋੜੇ ਨਿਕਲਦੇ ਦੇਖਾਂ। ਉਸ ਕੋਲੋ ਦੁਖੀ ਹੋਵੇਗਾ ਕਿਸੇ ਗੱਲ

ਕਰਕੇ। ਹੁਣ ਨੋਟ ਕਰਨਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਨੇ--- ਕੰਮ ਤੇ ਧਾਰਮਿਕ ਹੈ ਪਰ ਪਿੱਛੇ ਮਨੋਰਥ ਕੀ ਹੈ--- ਈਰਖਾ।

ਦਿੱਲੀ ਦੀ ਵਾਰਤਾ ਹੈ। ਇਕ ਵਾਰੀ ਰਕਾਬ ਗੰਜ ਗੁਰਦੁਆਰੇ ਹਾਜ਼ਰੀ ਲਾ ਕੇ ਅਸੀਂ ਬਾਹਰ ਨਿਕਲੇ। ਦੂਸਰੀ ਜਗ੍ਹਾ ਵੀ ਜਾਣਾ ਸੀ। ਕਾਰ ਵਿਚ ਅਜੇ ਬੈਠੇ ਹੀ ਸੀ, ਤੁਰਨ ਹੀ ਲੱਗੇ ਸੀ, ਕਾਰ ਦਾ ਸ਼ੀਸ਼ਾ ਬੰਦ ਸੀ, ੫੮-੬੦ ਸਾਲ ਦੀ ਉਮਰ ਦੇ ਇਕ ਸਰੀਰ ਨੇ ਸ਼ੀਸ਼ਾ ਖੜਕਾਇਆ। ਮੈਂ ਸ਼ੀਸ਼ਾ ਥੱਲੇ ਕਰ ਕੇ ਪੁੱਛਿਆ, ਦੱਸੋ ਬਜ਼ੁਰਗੋ! ਉਸ ਦੇ ਲਫਜ਼ ਸਨ- 'ਕੀ ਬਾਣੀ ਸਾਰੀਆਂ ਮਨੋਕਾਮਨਾਵਾਂ ਪੂਰਨ ਕਰਦੀ ਹੈ? ਦਾਸ ਨੇ ਬੈਠੇ-ਬੈਠੇ ਹੀ ਕਹਿ ਦਿੱਤਾ, 'ਕਰਦੀ ਹੈ ਭਾਈ!'। ਉਸ ਦੇ ਅਗਲੇ ਲਫਜ਼ ਸਨ ਕਿ ਮੈਂ ਦੋ ਪਾਠ ਸ੍ਰੀ ਸੁਖਮਨੀ ਸਾਹਿਬ ਦੇ ਰੋਜ਼ ਕਰਦਾ ਪਿਆ ਹਾਂ, ਇਕ ਬੰਦੇ ਦੇ ਲਈ, ਕਿ ਉਸ ਨੂੰ ਸੜਕ 'ਤੇ ਰੁਲਦਾ ਵੇਖਾਂ। ਕੀ ਉਹ ਰੁਲੇਗਾ? ਆਪੇ ਨਿਚੋੜ ਲੈ ਲੈਣਾ, ਦੋ ਪਾਠ ਸ੍ਰੀ ਸੁਖਮਨੀ ਸਾਹਿਬ ਜੀ। ਕੰਮ ਧਾਰਮਿਕ ਹੈ ਪਰ ਪਿੱਛੇ ਮਨੋਰਥ ਈਰਖਾ ਹੈ ਕਿ ਫਲਾਣੇ ਬੰਦੇ ਨੂੰ ਸੜਕ 'ਤੇ ਰੁਲਦਾ ਵੇਖਾਂ।, ਦਾਸ ਨੇ ਮਨ ਵਿਚ ਸੋਚਿਆ ਕਿ ਅਗਲੀ ਜਗ੍ਹਾ ਭਾਵੇਂ ੧੦ ਮਿੰਟ ਲੇਟ ਹੋ ਜਾਈਏ ਪਰ ਕਾਰ ਵਿੱਚੋਂ ਉਤਰ ਕੇ ਬੇਨਤੀ ਕੀਤੀ ਕਿ ਦੋ ਪਾਠ ਸ੍ਰੀ ਸੁਖਮਨੀ ਸਾਹਿਬ ਇਸ ਲਈ ਕਰ ਰਹੇ ਹੋ ਕਿ ਫਲਾਣਾ ਸੜਕ 'ਤੇ ਰੁਲੇ? ਕਹਿੰਦਾ, ਜੀ ਹਾਂ। ਦਾਸ ਨੇ ਕਿਹਾ, ਉਹ ਸੜਕ 'ਤੇ ਤਾਂ ਨਹੀ ਰੁਲੇਗਾ। ਉਹ ਫੇਰ ਕਹਿਣ ਲੱਗਾ, ਤੁਸੀਂ ਤੇ ਕਿਹਾ ਸੀ, ਬਾਣੀ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰਦੀ ਹੈ! ਦਾਸ ਨੇ ਜਵਾਬ ਦਿੱਤਾ, ਕਰਦੀ ਹੈ, ਪਰ ਬਾਣੀ ਉਨ੍ਹਾਂ ਮੰਤਰਾਂ ਵਾਂਗ ਨਹੀਂ ਕਿ ਇਕ ਦਾ ਵਿਗਾੜੇ ਤੇ ਦੂਜੇ ਦਾ ਸਵਾਰੇ। ਉਹ ਕਹਿਣ ਲੱਗਾ ਕਿ ਫਿਰ ਕੋਈ ਫਾਇਦਾ ਨਹੀਂ। ਮੈਂ ਕਿਹਾ, 'ਉਹ ਸੜਕ 'ਤੇ ਤਾਂ ਨਹੀਂ ਰੁਲੇਗਾ, ਤੂੰ ਦੋ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੇ ਕਰੀ ਜਾ, ਇਕ ਦਿਨ ਅਜਿਹਾ ਜ਼ਰੂਰ ਆਵੇਗਾ ਕਿ ਬਾਣੀ ਤੇਰੇ ਅੰਦਰੋਂ ਬੁਰਾ ਮੰਗਣ ਦੇ ਖਿਆਲ ਖਤਮ ਕਰ ਦੇਵੇਗੀ। ਪਰ ਹੋ ਸਕੇ ਤੇ ਗੁਰੂ ਦੀ ਖੁਸ਼ੀ ਲੈਣ ਲਈ ਬਾਣੀ ਪੜ੍ਹ।

ਅਸੀਂ ਸਰੀਰ ਨੂੰ ਛੋਟਾ ਜਿਹਾ ਸਮਝ ਲੈਂਦੇ ਹਾਂ, ਰਿਸ਼ਤੇਦਾਰੀ ਤਕ। ਕਿਸੇ ਦੀ ਕਿੰਨੀ ਕੁ ਰਿਸ਼ਤੇਦਾਰੀ ਹੋਵੇਗੀ, ਕਿੰਨਿਆਂ ਕੁ ਨਾਲ ਮੇਲ ਹੋਵੇਗਾ-

ਕਿਸੇ ਦਾ ੫੦ ਨਾਲ, ਕਿਸੇ ਦਾ ੧੦੦ ਜਾਂ ੨੦੦ ਨਾਲ। ਪਰ ਉਸ ਦੀ ਦੁਨੀਆਂ ਬਹੁਤ ਵੱਡੀ ਹੈ। ਬੜੀ ਵੱਡੀ ਸ੍ਰਿਸ਼ਟੀ ਹੈ? ਅਸੀਂ ਆਪਣੀ ਨਿੱਕੀ ਜਿਹੀ ਦੁਨੀਆਂ ਵਿਚ ਕਿਉਂ ਕੰਧਾਂ ਪਾ ਕੇ ਬੈਠੇ ਹਾਂ? ਇਨ੍ਹਾਂ ਚੀਜ਼ਾਂ ਤੋਂ ਉੱਚੇ ਉਠੀਏ। ਸਾਡੇ ਅੰਦਰ ਪੈਰ-ਪੈਰ 'ਤੇ ਵੈਰ ਦੀ ਭਾਵਨਾ ਹੈ। ਪਰ ਵੇਖੋ! ਗੁਰੂ-ਘਰ ਬੁਰਿਆਂ ਨਾਲ ਵੀ ਨੇਕੀ ਕਰਦਾ ਹੈ।

ਪ੍ਰਿਥੀ ਚੰਦ ਕਿੰਨੀ ਈਰਖਾ ਕਰਦਾ ਸੀ ਗੁਰੂ ਅਰਜਨ ਦੇਵ ਜੀ ਨਾਲ, ਪਰ ਗੁਰੂ ਸਾਹਿਬ ਕਿੰਨੇ ਨਿਰਵੈਰ! ਉਸ ਦੀ ਹਰੇਕ ਵਧੀਕੀ ਨੂੰ ਤੁੱਛ ਸਮਝ ਕੇ ਅੱਖੋਂ-ਪਰੋਖੇ ਕਰ ਦੇਂਦੇ ਸਨ। ਇਕ ਵਾਰੀ ਪ੍ਰਿਥੀ ਚੰਦ ਨੇ ਕਿਸੇ ਨੂੰ ਮਾਇਆ ਦਾ ਲਾਲਚ ਦੇ ਕੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਜਦੋਂ ਲੰਘਦੇ ਹਨ ੧੦੦ ਬੰਦਾ ਉਨ੍ਹਾਂ ਦੇ ਨਾਲ ਹੁੰਦਾ ਹੈ, ਉਨ੍ਹਾਂ ਦਾ ਇਤਨਾ ਸਤਿਕਾਰ ਮੇਰੇ ਕੋਲੋਂ ਬਰਦਾਸ਼ਤ ਨਹੀਂ ਹੁੰਦਾ, ਉਹ ਜਦੋਂ ਤੇਰੇ ਘਰ ਦੇ ਥੱਲਿਓਂ ਲੰਘਣ ਤਾਂ ਉੱਪਰੋਂ ਉਨ੍ਹਾਂ ਉੱਤੇ ਕੂੜੇ ਦਾ ਥਾਲ ਉਲਟਾ ਕੇ ਸੁੱਟ ਦੇਵੀਂ। ਉਸ ਨੇ ਮਾਇਆ ਦੇ ਲਾਲਚ ਵਿਚ ਇਸੇ ਤਰ੍ਹਾਂ ਹੀ ਕੀਤਾ ਪਰ ਗੁਰੂ ਸਾਹਿਬ ਨੇ ਮੁੜ ਕੇ ਵੀ ਨਹੀਂ ਵੇਖਿਆ। ਉਹ ਜਾਣਦੇ ਸਨ ਕਿ ਇਹ ਸਾਡੇ ਭਰਾ ਦਾ ਹੀ ਕੰਮ ਹੈ। ਉਹ ਹਮੇਸ਼ਾ ਵੱਡੇ ਭਰਾ ਦਾ ਹੀ ਕੰਮ ਜਾਣ ਕੇ ਹੀ ਸਤਿਕਾਰ ਕਰਦੇ ਰਹੇ।

ਇਕ ਵਾਰੀ ਪ੍ਰਿਥੀ ਚੰਦ ਨੂੰ ਬਹੁਤ ਤੇਜ਼ ਬੁਖਾਰ ਚੜ੍ਹ ਗਿਆ। ਜਦ ਬਹੁਤ ਇਲਾਜ 'ਤੇ ਵੀ ਨਾ ਉਤਰਿਆ, ਗੁਰੂ ਅਰਜਨ ਦੇਵ ਜੀ ਨੇ ਆਪ ਅਰਦਾਸ ਕੀਤੀ ਤੇ ਪ੍ਰਿਥੀ ਚੰਦ ਦਾ ਬੁਖਾਰ ਉਤਰ ਗਿਆ। ਇੰਨਾ ਹੀ ਨਹੀਂ, ਜਦੋਂ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੰਗਣੀ ਪੱਕੀ ਹੋ ਗਈ ਤਾਂ ਗੁਰੂ ਅਰਜਨ ਦੇਵ ਜੀ ਨੇ ਮਹਾਂਦੇਵ ਨੂੰ ਬੁਲਾਇਆ ਤੇ ਸਲਾਹ ਕੀਤੀ ਕਿ ਵਿਆਹ ਦੀ ਪਹਿਲੀ ਚਿੱਠੀ ਕਿਸ ਨੂੰ ਦੇਈਏ। ਮਹਾਂਦੇਵ ਜੀ ਸੋਚਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਦੀ ਗੱਲ ਲੱਭੀਏ ਕਿ ਇਹ ਕੀ ਚਾਹੁੰਦੇ ਹਨ। ਮਹਾਂਦੇਵ ਜੀ ਕਹਿੰਦੇ, ਤੁਸੀਂ ਦੱਸੋ! ਹੁਣ ਵੇਖੋ! ਪ੍ਰਿਥੀ ਚੰਦ ਕਿੰਨੀ ਈਰਖਾ ਕਰਦਾ ਸੀ! ਪਰ ਗੁਰੂ ਸਾਹਿਬ ਕਹਿੰਦੇ, ਮੇਰਾ ਚਿਤ ਕਰਦਾ ਹੈ ਕਿ ਪਹਿਲੀ ਚਿੱਠੀ ਸਤਿਕਾਰ ਨਾਲ ਪ੍ਰਿਥੀ ਚੰਦ ਨੂੰ ਭੇਜੀਏ। ਵੇਖੋ! ਹੈ ਕਿਧਰੇ ਈਰਖਾ? ਸਾਡੇ ਲਈ ਪੂਰਨੇ ਨੇ।

ਧੀਰ ਮੱਲ ਨੇ ਜਦੋਂ ਸੀਹੇਂ ਮਸੰਦ ਨੂੰ ਕਹਿ ਕੇ ਗੁਰੂ ਤੇਗ ਬਹਾਦਰ ਜੀ ਨੂੰ ਗੋਲੀ ਮਰਵਾਈ, ਜੋ ਸਤਿਗੁਰੂ ਨੂੰ ਛੂਹ ਕੇ ਲੰਘ ਗਈ ਤਾਂ ਵੀ ਸਤਿਗੁਰੂ ਨੇ ਇਹੀ ਕਿਹਾ, ਧੀਰ ਮੱਲ! ਤੇਰਾ ਭਲਾ ਹੋਵੇ! ਅੰਦਰ ਕੋਈ ਵੈਰ ਦੀ ਭਾਵਨਾ ਨਹੀਂ।

ਗੁਰੂ ਅੰਗਦ ਦੇਵ ਜੀ ਦੇ ਸਮੇਂ ਖਡੂਰ ਸਾਹਿਬ ਇਕ ਤਪਾ ਸੀ। ਬੜੀ ਸਾਧਨਾ ਸੀ ਉਸ ਦੀ। ਬਚਪਨ ਤੋਂ ਹੀ ਸਾਧਨਾ 'ਚ ਲੱਗਿਆ ਸੀ। ਘਰ-ਬਾਹਰ ਵੀ ਛੱਡਿਆ। ਵਿਆਹ ਵੀ ਨਹੀਂ ਸੀ ਕਰਾਇਆ। ਕੋਈ ਛੋਟੀ ਗੱਲ ਨਹੀਂ। ਕਰ ਤੇ ਸਾਧਨਾ ਹੀ ਰਿਹਾ ਸੀ। ਕਿੰਨੀ ਘਾਲਣਾ! ਪਰ ਕਿੱਥੇ ਮਾਰ ਖਾ ਗਿਆ? ਗੁਰੂ ਅੰਗਦ ਸਾਹਿਬ ਜੀ ਦੀ ਚੜ੍ਹਤ ਵੇਖ ਕੇ ਬਰਦਾਸ਼ਤ ਨਾ ਕਰ ਸਕਿਆ, ਈਰਖਾ ਕਰਨ ਲੱਗ ਪਿਆ।

ਇਕ ਵਾਰੀ ਪਿੰਡ ਵਿਚ ਕਾਫੀ ਸਮਾਂ ਮੀਂਹ ਨਾ ਪਿਆ ਤਾਂ ਪਿੰਡ ਵਾਲਿਆਂ ਨੇ ਤਪੇ ਨੂੰ ਬੇਨਤੀ ਕੀਤੀ, ਤੁਹਾਡੇ ਕੋਲ ਬੜੀਆਂ ਸਿਧੀਆਂ ਨੇ, ਮੀਂਹ ਪੁਆਓ। ਅੱਗੋਂ ਤਪਾ ਕਹਿਣ ਲੱਗਾ, ਤੁਸੀਂ ਇਕ ਗ੍ਰਿਹਸਥੀ (ਗੁਰੂ ਅੰਗਦ ਸਾਹਿਬ ਗ੍ਰਿਹਸਥੀ ਸਨ) ਨੂੰ ਮੱਥੇ ਟੇਕਦੇ ਹੋ, ਇਕ ਗ੍ਰਿਹਸਥੀ ਕੋਲ ਜਾਂਦੇ ਹੋ ਜਿਹੜਾ ਉੱਚੇ-ਨੀਵੇਂ ਦਾ ਭੇਦ ਹੀ ਨਹੀਂ ਰੱਖਦਾ, ਸਾਰਿਆਂ ਨੂੰ ਲੰਗਰ ਇੱਕੋ ਪੰਗਤ ਵਿਚ ਛਕਾ ਦੇਂਦਾ ਹੈ, ਉਨ੍ਹਾਂ ਕਰਕੇ ਹੀ ਮੀਂਹ ਨਹੀਂ ਪੈ ਰਿਹਾ। ਜੇ ਉਨ੍ਹਾਂ ਨੂੰ ਪਿੰਡ ਵਿੱਚੋਂ ਬਾਹਰ ਕੱਢੋ ਤਾਂ ਮੀਂਹ ਪਵੇਗਾ। ਵੇਖੋ ਈਰਖਾ! ਹੈ ਤੇ ਤਪਾ, ਵਿਆਹ ਵੀ ਨਹੀਂ ਕਰਾਇਆ, ਬਾਣਾ ਵੀ ਉਹ ਰੱਖਿਆ ਹੈ, ਜ਼ਿੰਦਗੀ ਨੂੰ ਏਸ ਬੰਨੇ ਲਾਇਆ ਹੈ, ਪਹਾੜੀਆਂ 'ਤੇ ਇੰਨੀਆਂ ਸਾਧਨਾਵਾਂ ਵੀ ਕੀਤੀਆਂ ਪਰ ਇਹ ਤੀਜਾ ਬਚਨ ਨਹੀਂ ਸੰਭਾਲਿਆ, ਈਰਖਾ-ਦਵੈਸ਼ ਤੋਂ ਉੱਪਰ ਨਹੀਂ ਉਠ ਸਕਿਆ। ਪਰ ਵੇਖੋ! ਗੁਰੂ ਸਾਹਿਬ ਨੇ ਸਾਡੇ ਲਈ ਕੀ ਪੂਰਨੇ ਪਾਏ ਹਨ, ਕੀ ਸਿੱਖਿਆ ਦਿੱਤੀ!

ਗੁਰੂ ਅਮਰਦਾਸ ਜੀ ਜੋ ਉਸ ਸਮੇਂ ਸੇਵਕ ਸਨ ਜਦੋਂ ਉਨ੍ਹਾਂ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਕੋਲੋਂ ਗੁਰੂ ਅੰਗਦ ਦੇਵ ਜੀ ਦੀ ਬੇਅਦਬੀ ਬਰਦਾਸ਼ਤ ਨਾ ਹੋਈ। ਉਨ੍ਹਾਂ ਨੇ ਕਿਹਾ ਕਿ ਇਸ ਦੀ ਤਪੇ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਇਸ ਤਪੇ ਨੂੰ ਘਸੀਟ

ਕੇ ਜਿੱਥੇ-ਜਿੱਥੇ ਲੈ ਜਾਵੋਗੇ, ਉਥੇ-ਉਥੇ ਮੀਂਹ ਵਰਸ ਪਵੇਗਾ। ਪਿੰਡ ਵਾਲਿਆਂ ਨੇ ਤਪੇ ਨੂੰ ਰੱਸਾ ਪਾ ਕੇ ਘਸੀਟਿਆ ਤੇ ਇਸ ਤਰ੍ਹਾਂ ਘਸੀਟਣ ਨਾਲ ਉਸ ਦੀ ਮੌਤ ਹੋ ਗਈ।

ਜਦੋਂ ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਨੂੰ ਲੈਣ ਲਈ ਗਏ ਤਾਂ ਗੁਰੂ ਅੰਗਦ ਦੇਵ ਜੀ ਨੇ ਪਿੱਠ ਕਰ ਲਈ ਕਿ ਤੁਸੀਂ ਬਹੁਤ ਵੱਡੀ ਗਲਤੀ ਕੀਤੀ ਹੈ, ਤੁਹਾਨੂੰ ਆਪਣਾ ਦਿਲ ਵੱਡਾ ਰੱਖਣਾ ਚਾਹੀਦਾ ਸੀ, ਮਾੜਿਆਂ ਨਾਲ ਵੀ ਚੰਗਾ ਹੋ ਕੇ ਵਰਤਣਾ ਚਾਹੀਦਾ ਸੀ! ਬੁਰੇ ਦਾ ਵੀ ਭਲਾ ਕਰਨਾ ਹੈ। ਗੁਰੂ ਅਮਰਦਾਸ ਜੀ ਨੇ ਫਿਰ ਸਾਰੀ ਉਮਰ ਇਸ ਉਪਦੇਸ਼ ਨੂੰ ਹਿਰਦੇ ਵਿਚ ਵਸਾਇਆ ਤਾਂ ਅੱਗੋਂ ਆਪਣੇ ਸਿੱਖਾਂ, ਸੇਵਕਾਂ ਨੂੰ ਵੀ ਅਜਿਹੀ ਹੀ ਸਿਖਿਆ ਦਿੱਤੀ।

ਗੁਰੂ ਅਮਰਦਾਸ ਜੀ ਨੇ ਜਦੋਂ ਗੋਇੰਦਵਾਲ ਸ਼ਹਿਰ ਵਸਾਇਆ, ਉਥੇ ਸ਼ੇਖਾਂ ਦੇ ਘਰ ਬਹੁਤ ਸਨ, ਜੋ ਗੁਰੂ ਦੀ ਸ਼ੋਭਾ ਵੇਖ ਕੇ ਈਰਖਾ ਕਰਨ ਲੱਗ ਪਏ। ਜਦੋਂ ਸਿੱਖਾਂ ਨੇ ਗੁਰੂ-ਘਰ ਲਈ ਗਾਗਰਾਂ 'ਚ ਪਾਣੀ ਲੈਣ ਜਾਣਾ ਤਾਂ ਉਨ੍ਹਾਂ ਨੇ ਗੁਲੇਲਾਂ ਨਾਲ ਵੱਟੇ ਮਾਰ ਕੇ ਘੜੇ ਤੋੜ ਦੇਣੇ। ਸਿੱਖਾਂ ਨੇ ਜਦੋਂ ਗੁਰੂ ਸਾਹਿਬ ਨੂੰ ਦੱਸਿਆ ਤਾਂ ਗੁਰੂ ਸਾਹਿਬ ਕਹਿੰਦੇ, ਤੁਸੀਂ ਮਸ਼ਕਾਂ ਵਿਚ ਪਾਣੀ ਲੈ ਆਇਆ ਕਰੋ, ਪਰ ਤੁਸੀਂ ਝਗੜਾ ਨਹੀਂ ਕਰਨਾ। ਪਰ ਸ਼ੇਖਾਂ ਦੇ ਮੁੰਡੇ ਸ਼ਰਾਰਤੀ। ਉਹ ਤੀਰ ਮਾਰ ਕੇ ਮਸ਼ਕਾਂ ਵੀ ਪਾੜ ਦਿਆ ਕਰਨ। ਸਿੱਖ ਫੇਰ ਆਏ ਗੁਰੂ ਸਾਹਿਬ ਕੋਲ ਪਰ ਗੁਰੂ ਸਾਹਿਬ ਨੇ ਇਹੀ ਉਪਦੇਸ਼ ਦਿੱਤਾ ਕਿ ਤੁਸੀਂ ਨਿਰਵੈਰ ਬਣ ਕੇ ਜੀਓ। ਕਿਹਾ, ਤੁਸੀਂ ਆਪਣੀ ਚੀਜ਼ ਬਦਲਾ ਲਵੋ, ਤੁਸੀਂ ਸ਼ਹਿਰ ਜਾ ਕੇ ਪਿੱਤਲ ਦੀਆਂ ਗਾਗਰਾਂ ਲੈ ਆਵੋ। ਪਰ ਸ਼ਰਾਰਤੀ ਮੁੰਡਿਆਂ ਨੇ ਪਿੱਤਲ ਦੀਆਂ ਗਾਗਰਾਂ ਪੱਥਰ ਮਾਰ ਕੇ ਚਿੱਬੀਆਂ ਕਰ ਦੇਣੀਆਂ। ਸਿੱਖ ਫੇਰ ਗਏ ਸਤਿਗੁਰੂ ਕੋਲ। ਕਹਿੰਦੇ, ਹੁਕਮ ਕਰੋ ਤੇ ਇਨ੍ਹਾਂ ਦਾ ਮੁਕਾਬਲਾ ਕਰੀਏ ਪਰ ਸਤਿਗੁਰੂ ਕਹਿੰਦੇ, ਗਾਗਰ ਚਿੱਬੀ ਹੁੰਦੀ ਹੈ ਨਾ ? ਪਾਣੀ ਤੇ ਨਹੀਂ ਡੁੱਲ੍ਹਦਾ! ?ਤੁਸੀਂ ਜੇ ਸਾਡੇ ਕੋਲ ਰਹਿਣਾ ਹੈ ਤੇ ਨਿਰਵੈਰ ਬਣ ਕੇ ਸੇਵਾ ਕਰੋ।

ਗੁਰੂ ਅਮਰਦਾਸ ਜੀ ਨੂੰ ਜਦੋਂ ਗੁਰਗੱਦੀ ਦੀ ਬਖਸ਼ਿਸ਼ ਪ੍ਰਾਪਤ ਹੋਈ ਤਾਂ ਦਾਤੂ ਅੰਦਰ ਕਿੰਨੀ ਈਰਖਾ ਸੀ ਕਿ ਗੱਦੀ ਮੈਨੂੰ ਮਿਲਣੀ ਚਾਹੀਦੀ ਸੀ! ਉਸ

ਨੇ ਈਰਖਾ ਵੱਸ ਹੋ ਕੇ ਇਕ ਦਿਨ ਜਦੋਂ ਗੁਰੂ ਸਾਹਿਬ ਸਮਾਧੀ ਸਥਿਤ ਦੀਵਾਨ ਵਿਚ ਬੈਠੇ ਸਨ, ਗੁਰੂ ਸਾਹਿਬ ਨੂੰ ਜ਼ੋਰ ਦੀ ਲੱਤ ਕੱਢ ਕੇ ਮਾਰੀ ਪਰ ਗੁਰੂ ਸਾਹਿਬ ਨੇ ਈਰਖਾ ਦਾ ਜਵਾਬ ਈਰਖਾ 'ਚ ਨਹੀਂ ਦਿੱਤਾ। ਇਹ ਸਾਡੇ ਲਈ ਪੂਰਨੇ ਨੇ। ਉਨ੍ਹਾਂ ਨੇ ਦਾਤੂ ਜੀ ਦੇ ਚਰਨ ਫੜ ਕੇ ਘੁੱਟਣੇ ਸ਼ੁਰੂ ਕਰ ਦਿੱਤੇ ਤੇ ਕਿਹਾ, ਬੁੱਢਿਆਂ ਦੇ ਹੱਡ ਕਰੜੇ ਹੁੰਦੇ ਹਨ, ਆਪ ਜੀ ਦੇ ਚਰਨਾਂ ਨੂੰ ਮੈਨੂੰ ਮਾਰਨ ਨਾਲ ਸੱਟ ਲੱਗੀ ਹੋਵੇਗੀ। ਤੁਸੀਂ ਗੁੱਸੇ ਵਿਚ ਕਿਉਂ ਹੋ? ਤੁਸੀਂ ਮੇਰੇ ਗੁਰੂ ਦੇਵ ਦੇ ਸਪੁੱਤਰ ਹੋ ਤੇ ਉਨ੍ਹਾਂ ਦੇ ਕਹਿਣ 'ਤੇ ਸ਼ਹਿਰ ਛੱਡ ਕੇ ਚਲੇ ਵੀ ਗਏ। ੯੦%, ੯੫% ਸੰਸਾਰ ਈਰਖਾ ਦੀ ਅੱਗ ਵਿਚ ਸੜ ਰਿਹਾ ਹੈ। ਗੁਰੂ ਸਾਹਿਬਾਂ ਦੇ ਨਕਸ਼ੇ-ਕਦਮਾਂ 'ਤੇ ਚੱਲੋਗੇ ਤਾਂ ਬੜੀ ਸ਼ਾਂਤੀ ਜੇ!

ਇਕ ਵਾਰੀ ਭਾਈ ਗੋਂਦਾ ਨਾਮ ਦਾ ਸਿੱਖ ਖਡੂਰ ਸਾਹਿਬ, ਗੁਰੂ ਅੰਗਦ ਸਾਹਿਬ ਕੋਲ ਆਇਆ ਤੇ ਕਹਿਣ ਲੱਗਾ, ਸਤਿਗੁਰੂ! ਮੇਰੀ ਬੜੀ ਜ਼ਮੀਨ ਹੈ ਪਰ ਨਾ ਹੀ ਉਸ ਤੋਂ ਪੈਸਾ ਕਮਾਇਆ ਜਾਂਦਾ ਹੈ ਤੇ ਨਾ ਹੀ ਉਸ 'ਤੇ ਖੇਤੀ ਹੁੰਦੀ ਹੈ, ਉਜੜੀ ਪਈ ਹੈ।

ਸਤਿਗੁਰੂ ਕਹਿੰਦੇ, ਤੂੰ ਉਹ ਜ਼ਮੀਨ ਲਈ ਕਿੱਥੋਂ? ਉਹ ਕਹਿਣ ਲੱਗਾ, ਮੈਂ ਆਪਣੇ ਰਿਸ਼ਤੇਦਾਰਾਂ, ਸਾਕ-ਸਨਬੰਧੀਆਂ 'ਤੇ ਮੁਕੱਦਮੇ ਚਲਾ ਕੇ ਸਾਰੀ ਜ਼ਮੀਨ ਲਈ ਹੈ, ਪਰ ਇਸ ਜ਼ਮੀਨ ਵਿਚ ਬਰਕਤ ਨਹੀਂ ਪੈ ਰਹੀ। ਸਤਿਗੁਰੂ ਕਹਿੰਦੇ, ਤੂੰ ਕੀ ਚਾਹੁੰਦਾ ਹੈਂ? ਉਹ ਕਹਿੰਦਾ, ਜਿਤਨੀ ਜ਼ਮੀਨ ਹੈ, ਅੱਧੀ ਤੁਸੀਂ ਲੈ ਲਵੋ ਤਾਂ ਕਿ ਬਾਕੀ ਅੱਧੀ ਜ਼ਮੀਨ ਵਿਚ ਬਰਕਤ ਪੈ ਜਾਵੇ। ਗੁਰੂ ਅੰਗਦ ਸਾਹਿਬ ਜਿਨ੍ਹਾਂ ਦੀ ਇਹ ਅਵਸਥਾ ਸੀ:-

'ਨਾ ਕੋ ਬੈਰੀ ਨਹੀ ਬਿਗਾਨਾ......' (ਅੰਗ ੧੨੯੯)

ਕਹਿੰਦੇ ਜਿਹੜੇ-ਜਿਹੜੇ ਰਿਸ਼ਤੇਦਾਰਾਂ ਉੱਤੇ ਤੂੰ ਗਲਤ ਮੁਕੱਦਮੇ ਬਣਾ ਕੇ ਚਲਾਏ ਹਨ, ਪਹਿਲੇ ਸਾਡੀ ਇਹ ਸ਼ਰਤ ਹੈ ਕਿ ਉਨ੍ਹਾਂ ਸਾਰਿਆਂ ਨੂੰ ਅਸੀਂ ਜਦੋਂ ਨਗਰ ਵਸਾਇਆ ਤਾਂ ਉਥੇ ਮਕਾਨ ਬਣਵਾ ਕੇ ਦਿਆਂਗੇ, ਉਨ੍ਹਾਂ ਸਾਰਿਆਂ ਨੂੰ ਵਸਾਵਾਂਗੇ। ਜੇ ਤੈਨੂੰ ਇਹ ਮੰਜ਼ੂਰ ਹੈ ਤਾਂ ਅਸੀਂ ਤੇਰੀ ਗੱਲ ਮੰਨਾਂਗੇ। ਵੇਖੋ! ਅੰਦਰ ਕੀ ਭਾਵਨਾ ਸੀ! ਵੈਰ-ਵਿਰੋਧ ਖਤਮ ਕਰਨ ਦੀ। ਗੁਰੂ-ਘਰ ਵਰਗਾ ਇਤਿਹਾਸ ਕਿਧਰੇ ਨਹੀਂ ਲੱਭੇਗਾ। ਸਤਿਗੁਰੂ ਕੋਲ ਕੋਈ ਸਿੱਖ ਵੈਰ-ਵਿਰੋਧ

ਦੀ ਭਾਵਨਾ ਲੈ ਕੇ ਆਉਂਦਾ ਸੀ ਤਾਂ ਪਹਿਲੇ ਉਸ ਦੇ ਅੰਦਰੋਂ ਮੈਲ ਕੱਢਦੇ ਸਨ, ਫੇਰ ਅਗਾਂਹ ਤੋਰਦੇ ਕਿਉਂਕਿ ਮੈਲ ਕੱਢੇ ਬਗੈਰ ਗੱਲ ਬਣਦੀ ਹੀ ਨਹੀਂ।

ਗੁਰਸਿੱਖ ਹੈ ਹੀ ਉਹ, ਜਿਹੜਾ ਗੁਰਸਿੱਖੀ ਦੀਆਂ ਬਰੀਕੀਆਂ ਨੂੰ ਸਮਝ ਕੇ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲਦਾ ਹੈ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸੀ ਕਿ ਇਕ ਮਜ਼ਦੂਰ ਸਾਰੀ ਦਿਹਾੜੀ ਮਜ਼ਦੂਰੀ ਕਰੇ, ਰਾਤ ਨੂੰ ਉਸ ਨੂੰ ਰੁਪਿਆ ਮਿਲੇ, ਰੁਪਿਆ ਪਾਵੇ ਜੇਬ ਵਿਚ, ਘਰ ਆਉਂਦਾ ਹੋਵੇ, ਰਸਤੇ 'ਚ ਕੋਈ ਜੇਬ ਕੱਟ ਲਵੇ, ਸਾਰੀ ਦਿਹਾੜੀ ਦੀ ਮਿਹਨਤ ਗਈ ਕਿ ਨਾ? ਕਿਉਂ? ਖੀਸਾ ਕੱਟ ਲਿਆ ਕਿਸੇ ਨੇ। ਕਹਿੰਦੇ, ਤੂੰ ਵੀ ਸਾਰਾ ਦਿਨ ਮਜ਼ਦੂਰੀ ਕੀਤੀ, ਸਿਮਰਨ ਕੀਤਾ, ਸੇਵਾ ਕੀਤੀ, ਬਾਣੀ ਪੜ੍ਹੀ ਪਰ ਜਦੋਂ ਤੂੰ ਨਿੰਦਿਆ ਵਿਚ, ਦਵੈਸ਼ ਵਿਚ ਸਮਾਂ ਬਿਤਾਇਆ, ਏਸ ਦਵੈਸ਼ ਤੇ ਨਿੰਦਿਆ ਨੇ ਤੇਰੀ ਭਗਤੀ ਦਾ ਖੀਸਾ ਕੱਟ ਲਿਆ। ਫਿਰ ਖਾਲੀ ਦਾ ਖਾਲੀ। ਸੰਭਾਲਣਾ ਹੈ। ਸੰਭਾਲਣ ਵਾਲਾ ਵੱਡਾ ਹੈ। ਜ਼ਰੂਰ ਅਰਦਾਸ ਕਰਿਆ ਕਰੋ ਕਿ ਸਤਿਗੁਰੂ! ਕਿਰਪਾ ਕਰੋ, ਮੇਰੇ ਅੰਦਰੋਂ ਇਹ ਵੈਰ-ਵਿਰੋਧ, ਈਰਖਾ-ਦਵੈਸ਼ ਜਿਹੀਆਂ ਮਾੜੀਆਂ ਚੀਜ਼ਾਂ ਨਿਕਲ ਜਾਣ। ਕਿਰਪਾ ਕਰੋ, ਮੇਰੇ ਅੰਦਰ ਸਰਬੱਤ ਦੇ ਭਲੇ ਦੀ ਭਾਵਨਾ ਭਰ ਦਿਓ।

ਇਕ ਵਾਰੀ ਸਾਡੇ ਕੋਲ ਦਿੱਲੀ ਦਾ ਇਕ ਪ੍ਰੇਮੀ ਆਇਆ ਤੇ ੧੦,੦੦੦ ਦੀ ਸੇਵਾ ਦਿੱਤੀ ਭਲਾਈ ਕੇਂਦਰ ਲਈ। ਅਸੀਂ ਕਿਹਾ, ਅਸੀਂ ਤੇ ਤੁਹਾਨੂੰ ਜਾਣਦੇ ਨਹੀਂ। ਉਹ ਕਹਿਣ ਲੱਗੇ, ਤੁਸੀਂ ਦਿੱਲੀ ਦੀਵਾਨ ਲਾਏ ਸੀ ਤੇ ਉਥੇ ਅਨਾਊਂਸ ਕੀਤਾ ਸੀ ਕਿ ਸੰਗਤ ਦਾ ਜੋ ਵੀ ਪੈਸਾ, ਵਿਧਵਾ ਬੀਬੀਆਂ ਲਈ ਵਰਤਿਆ ਜਾਂਦਾ ਹੈ। ਉਸ ਨੇ ਅੱਗੋਂ ਗੱਲ ਸੁਣਾਈ। ਕਹਿਣ ਲੱਗਾ, ਅਸੀਂ ਕਿਸੇ ਕੋਲੋਂ ਲੱਖ ਰੁਪਿਆ ਲੈਣਾ ਸੀ, ਅਸੀਂ ਸੰਗਤ ਵਿਚ ਬੈਠੇ ਹੀ ਅਰਦਾਸ ਕੀਤੀ ਕਿ ਜੇ ਇਹ ਰਕਮ ਮਿਲ ਜਾਵੇਗੀ ਅਸੀਂ ਵੀ ਦਸਵੰਧ ਭਲਾਈ ਕੇਂਦਰ ਲਈ ਦੇਵਾਂਗੇ। ਦਾਸ ਨੇ ਪੁੱਛਿਆ, ਫੇਰ ਉਹ ਮਿਲਿਆ ਕਿਵੇਂ? ਕਹਿੰਦੇ, ਜਿਸ ਕੋਲੋਂ ਅਸੀਂ ਪੈਸੇ ਲੈਣੇ ਸੀ ਅਸੀਂ ਉਸ ਨੂੰ ਸੀਸ ਗੰਜ ਗੁਰਦੁਆਰੇ ਲੈ ਗਏ। ਉਹ ਹਿੰਦੂ ਸੀ। ਅਸੀਂ ਦੇਗ ਲੈ ਕੇ ਅਰਦਾਸ ਕੀਤੀ ਕਿ ਸਾਡਾ ਪਰਵਾਰ ੧੧ ਪਾਠ ਜਪੁਜੀ ਸਾਹਿਬ ਜੀ ਦੇ ਰੋਜ਼ ਵੱਧ ਕਰੇਗਾ। ਸਤਿਗੁਰੂ! ਇਸ ਨੂੰ ਇਤਨੀ ਕੁ

ਮਾਇਆ ਦਿਓ ਕਿ ਇਹ ਸਾਡਾ ਕਰਜ਼ਾ ਲਾਹ ਦੇਵੇ। (ਵੇਖੋ! ਸਾਡਾ ਆਮ ਲੋਕਾਂ ਦਾ ਸੁਭਾਅ ਕੀ ਹੈ? ਅਸੀਂ ਕਹਿੰਦੇ ਹਾਂ, ਇਹ ਸਾਡੇ ਪੈਸੇ ਨਹੀਂ ਦਿੰਦਾ, ਇਹਨੂੰ ਪੂਰਾ ਰਗੜਾ ਲੱਗੇ, ਇਸ ਨੂੰ ਰੁਲਦਾ ਵੇਖੀਏ!) ਉਹ ਕਹਿੰਦੇ, ਅਸੀਂ ਪਾਠ ਸ਼ੁਰੂ ਕੀਤੇ। ਗੁਰੂ ਸਾਹਿਬ ਵੱਲੋਂ ਹੀ ਬਿਧ ਬਣੀ। ਉਨ੍ਹਾਂ ਦਾ ਕੋਈ ਪਲਾਟ ਬਹੁਤ ਦੇਰ ਦਾ ਫਸਿਆ ਪਿਆ ਸੀ। ਉਨ੍ਹਾਂ ਦਾ ਉਹ ਪਲਾਟ ਵਿਕ ਗਿਆ। ਉਸ ਨੇ ਲੱਖ ਰੁਪਿਆ ਪਹਿਲੇ ਸਾਡਾ ਲਾਹਿਆ। ਇਹ ਜੇ ਸਿੱਖੀ! ਏਸ ਨਕਸ਼ੇ 'ਤੇ ਕਦਮ ਰੱਖਣਾ, 'ਤੇਰੇ ਭਾਣੇ, ਸਰਬੱਤ ਦਾ ਭਲਾ!'

ਇਕ ਵਾਰੀ ਮਹਾਂ ਪੁਰਸ਼ ਸੰਤ ਗੁਰਕ੍ਰਿਪਾਲ ਸਿੰਘ ਜੀ, ਤਰਨ ਤਾਰਨ ਰੋਡ, ਪਿੰਡ ਗਿਲਵਾਲੀ ਡੇਰੇ ਤੋਂ ਕੋਈ ਥਾਲੀਆਂ ਚੁੱਕ ਕੇ ਲੈ ਗਿਆ। ਸੇਵਾਦਾਰ ਕਹਿਣ ਲੱਗੇ, ਬਾਹਰ ਜੋ ਮੰਗਤੇ ਬੈਠੇ ਹਨ ਜਾਂ ਜਿਸ 'ਤੇ ਸ਼ੱਕ ਹੈ ਮਾਰੀਏ-ਕੁੱਟੀਏ, ਬਕਾਈਏ ਪਰ ਮਹਾਂ ਪੁਰਸ਼ ਕਹਿਣ ਲੱਗੇ ਕਿ ਆਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ 'ਚ ਅਰਦਾਸ ਕਰੀਏ ਕਿ ਜਿਹੜਾ ਅੱਜ ਥਾਲੀਆਂ ਚੁੱਕ ਕੇ ਲੈ ਗਿਆ ਹੈ, ਵਾਹਿਗੁਰੂ! ਇਸ ਨੂੰ ਇਤਨੀ ਮਾਇਆ ਦੇਵੀਂ ਕਿ ਇਹ ਅਗਲੇ ਸਾਲ ਥਾਲੀਆਂ ਚੜ੍ਹਾਣ ਵਾਲਾ ਬਣ ਜਾਵੇ। ਵੇਖੋ ਨਿਰਵੈਰਤਾ! ਇਹ ਹੈ ਮਹਾਂ ਪੁਰਸ਼ਾਂ ਦੀ ਸੋਚ। ਆਮ ਬੰਦੇ ਦੀ ਸੋਚ ਕੀ ਹੈ? ਉਸ ਨੂੰ ਫੜੋ, ਉਸ ਨੂੰ ਸਜ਼ਾ ਦੇਵੋ। ਅਸੀਂ ਝਾਤੀ ਪਾਈਏ ਕਿ ਸਾਡਾ ਜੀਵਨ ਕਿੱਥੇ ਖੜ੍ਹਾ ਹੈ? ਅਸੀਂ ਕਿਧਰੇ ਵੈਰ-ਵਿਰੋਧ ਵਿਚ ਤੇ ਨਹੀਂ ਫਸੇ ਪਏ?

ਇਕ ਵਾਰੀ ਇਕ ਰੱਬ ਦਾ ਪਿਆਰਾ ਬੇੜੀ 'ਚ ਬੈਠਾ ਹੋਇਆ ਸੀ। ਉਸੇ ਬੇੜੀ ਵਿਚ ਕੁਝ ਸ਼ਰਾਰਤੀ ਮੁੰਡੇ ਵੀ ਸਨ। ਉਨ੍ਹਾਂ ਮੁੰਡਿਆਂ ਰਲ ਕੇ ਉਸ ਰੱਬ ਦੇ ਪਿਆਰੇ ਦੀ ਰਸਤੇ 'ਚ ਬਹੁਤ ਬੇਸਤੀ (ਅਪਮਾਨ) ਕੀਤੀ। ਰੱਬ ਕੋਲੋਂ ਆਪਣੇ ਪਿਆਰੇ ਦੀ ਬੇਸਤੀ ਬਰਦਾਸ਼ਤ ਨਾ ਹੋਈ। ਅਕਾਸ਼ਬਾਣੀ ਹੋਈ ਕਿ ਜੇ ਤੂੰ ਕਹੇਂ ਤਾਂ ਮੈਂ ਬੇੜੀ ਡੋਬ ਦਿਆਂ ਤਾਂ ਕਿ ਇਹ ਮੁੰਡੇ ਜੋ ਤੇਰੀ ਬੇਸਤੀ ਕਰ ਰਹੇ ਹਨ ਇਹ ਡੁੱਬ ਜਾਣ? ਤੈਨੂੰ ਮੈਂ ਬਚਾ ਲਵਾਂਗਾ। ਪਰ ਵੇਖੋ! ਉਸ ਰੱਬ ਦੇ ਪਿਆਰੇ ਅੰਦਰ ਉਨ੍ਹਾਂ ਪ੍ਰਤੀ ਕੋਈ ਵੈਰ ਦੀ ਭਾਵਨਾ ਨਹੀਂ ਆਈ। ਸਗੋਂ ਕੀ ਆਖਿਆ? ਹੇ ਪ੍ਰਮੇਸ਼ਰ! ਜੇ ਤੇਰੇ ਕੋਲੋਂ ਮੇਰੀ ਬੇਸਤੀ ਬਰਦਾਸ਼ਤ ਨਹੀਂ ਹੋ ਰਹੀ ਤਾਂ ਇਨ੍ਹਾਂ ਨੂੰ ਮੌਤ ਨਾ ਦੇ! ਇਹ ਕਿਰਪਾ ਕਰ, ਤੂੰ ਇਨ੍ਹਾਂ ਦੀ ਮੱਤ ਬਦਲਾ ਦੇ

ਕਿਉਂਕਿ ਮੱਤ-ਸੁਮੱਤ ਸਭ ਤੇਰੇ ਹੱਥ ਹੀ ਤਾਂ ਹੈ ਪਰ ਇਨ੍ਹਾਂ ਨੂੰ ਮੌਤ ਨਾ ਦੇਵੀਂ!

ਗੁਰੂ ਸਾਹਿਬਾਂ ਦੀਆਂ, ਮਹਾਂ ਪੁਰਸ਼ਾਂ ਦੀਆਂ, ਰੰਗੇ ਹੋਏ ਸਿੱਖਾਂ ਦੀਆਂ ਨਿਰਵੈਰਤਾ ਦੀਆਂ ਗੱਲਾਂ ਪੜ੍ਹਨ ਦਾ ਤਾਂ ਹੀ ਲਾਭ ਹੈ ਜੇ ਸਾਡੀ ਜ਼ਿੰਦਗੀ ਵਿਚ ਵੀ ਨਿਰਵੈਰਤਾ ਆ ਜਾਵੇ।

ਅੱਜ ਤਾਂ ਇਹੋ ਜਿਹਾ ਸਮਾਂ ਆ ਗਿਆ ਹੈ ਕਿ ਦੂਜਿਆਂ ਦਾ ਭਲਾ ਅਸੀਂ ਕੀ ਕਰਨਾ ਹੈ, ਜਿਨ੍ਹਾਂ ਨੂੰ ਨਹੀਂ ਸੋਝੀ, ਦੂਜਾ ਅੱਗੇ ਵਧੇ ਤਾਂ ਸਾਨੂੰ ਸਾੜ ਆਉਣ ਲੱਗ ਪੈਂਦੀ ਹੈ। ਕੋਈ ਸਾਡੇ ਬਰਾਬਰ ਦਾ ਜਾਂ ਨੀਵਾਂ ਅੱਗੇ ਲੰਘ ਜਾਵੇ, ਈਰਖਾ ਆਉਣੀ ਸ਼ੁਰੂ ਹੋ ਜਾਂਦੀ ਹੈ। ਕੋਈ ਵੀ ਕਲਾ ਹੈ, ਕੀਰਤਨ ਦੀ ਕਲਾ, ਹਰਮੋਨੀਅਮ ਦੀ ਕਲਾ--- ਇਨ੍ਹਾਂ ਵਿਚ ਨਾਲ ਬਖਸ਼ਿਸ਼ ਵੀ ਕੰਮ ਕਰਦੀ ਹੈ। ਕਲਾ ਦੇ ਵਿਚ ਕੋਈ ਦੂਜੀ ਕਲਾਸ ਵਿਚ ਹੈ ਤੇ ਕੋਈ ਚੌਥੀ ਕਲਾਸ 'ਚ ਤੇ ਕੋਈ ਅਠਵੀਂ ਕਲਾਸ 'ਚ। ਕੀਰਤਨ ਦੀ ਹੀ ਗੱਲ ਲੈ ਲਵੋ। ਜੇ ਕੋਈ ਚੌਥੀ ਕਲਾਸ ਦਾ (ਰੱਬ ਦੇ ਘਰ ਦੀਆਂ ਕਲਾਸਾਂ) ਕੀਰਤਨ ਕਰਦਾ ਪਿਆ ਹੈ, ਸੰਗਤ ਸੁਣਦੀ ਪਈ ਹੈ। ਇਹਦਾ ਸ਼ੁਕਰਾਨਾ ਨਹੀਂ ਕਿ ਚਲੋ, ਇੰਨੀ ਕ੍ਰਿਪਾ ਹੋ ਗਈ ਹੈ। ਦੂਜੇ ਨੂੰ ਵੇਖ ਕੇ ਅੰਦਰ ਈਰਖਾ ਆਉਣੀ ਸ਼ੁਰੂ ਹੋ ਜਾਂਦੀ ਹੈ ਕਿ ਇਹ ਮੇਰੇ ਤੋਂ ਅੱਗੇ ਕਿਉਂ ਨਿਕਲ ਗਿਆ ਹੈ, ਇਹ ਸ਼ਬਦ 'ਚ ਪ੍ਰਮਾਣ ਵੀ ਲਗਾਉਂਦਾ ਹੈ, ਇਹ ਵਿਆਖਿਆ ਵੀ ਕਰਦਾ ਹੈ, ਮੈਂ ਪਿੱਛੇ ਕਿਉਂ ਰਹਿ ਗਿਆ? ਅਰਦਾਸ ਕਰਿਆ ਕਰੋ, ਸਤਿਗੁਰੂ! ਇਸ ਨੂੰ ਵੀ ਵਧਾ ਤੇ ਇਹਦੇ ਸਦਕੇ ਮੇਰੇ 'ਤੇ ਵੀ ਕ੍ਰਿਪਾ ਕਰ। ਵੇਖਿਓ! ਕਿੰਨੀਆਂ ਖੁਸ਼ੀਆਂ ਝੋਲੀ 'ਚ ਪੈਂਦੀਆਂ ਹਨ!

ਅੰਮ੍ਰਿਤਸਰ 'ਚ ਇਕ ਵਾਰੀ ਰੈਣ-ਸਬਾਈ ਕੀਰਤਨ ਦਰਬਾਰ ਦਾ ਪ੍ਰੋਗਰਾਮ ਰੱਖਿਆ। ਭਾਈ ਅਮਨਦੀਪ ਸਿੰਘ ਜੀ ਹਰ ਸਾਲ ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਰੈਣ-ਸਬਾਈ ਕੀਰਤਨ ਦਰਬਾਰ ਕਰਵਾਂਦੇ ਹਨ। ਤਰੀਕ ੨-੪ ਮਹੀਨੇ ਪਹਿਲੇ Set ਹੋ ਜਾਂਦੀ ਹੈ, ਤੇ ਇਸ਼ਤਿਹਾਰ ਲੱਗਦੇ ਹਨ ੧੦ ਦਿਨ ਪਹਿਲੇ। ਜਦੋਂ ਇਸ਼ਤਿਹਾਰ ਲੱਗੇ ਤੇ ੨ ਦਿਨ ਬਾਅਦ ਇਕ ਹੋਰ ਕੀਰਤਨ ਦਰਬਾਰ ਦੇ ਇਸ਼ਤਿਹਾਰ ਲੱਗ ਗਏ, ਜਿੱਥੇ ਰੈਣ ਸਬਾਈ ਰੱਖੀ ਸੀ, ਉਹਦੇ ਤੋਂ ਕੇਵਲ ੩-੪ ਮਿੰਟ ਦਾ ਰਸਤਾ। ਹੁਣ ਜੇ ਹੋਵੇ ਅਨਜਾਣਪੁਣਾ ਤੇ ਅਰਦਾਸ ਨਿਕਲਦੀ ਹੈ, ਉਧਰ ਪੰਡਾਲ ਖਾਲੀ ਰਹੇ, ਸਾਡਾ ਭਰਿਆ ਹੋਵੇ! ਜਦੋਂ ਸ਼ਹੀਦਾਂ

ਸਾਹਿਬ ਦਾਸ ਦਰਸ਼ਨ ਕਰਨ ਗਿਆ ਤੇ ਸੋਚਿਆ, ਕੀ ਅਰਦਾਸ ਕਰੀਏ? ਦੇਗ ਲਈ, ਜਪੁਜੀ ਸਾਹਿਬ ਜੀ ਦਾ ਪਾਠ ਕੀਤਾ ਤੇ ਅਰਦਾਸ ਕੀਤੀ, ਸਤਿਗੁਰੂ! ਕ੍ਰਿਪਾ ਕਰਨਾ! ਅਸੀਂ ਵੀ ਤੇਰੇ ਹਾਂ, ਤੇ ਉਹ ਵੀ ਤੇਰੇ। ਕੰਮ ਵੀ ਦੋਵੇਂ ਧਾਰਮਿਕ ਹਨ। ਇਹੋ ਜਿਹੀ ਬਿਧ ਬਣਾਉਣਾ, ਤੇਰੇ ਸਾਰੇ ਪਿਆਰੇ ਖੁਰਾਕ ਲੈਣ ਲਈ ਪਹੁੰਚਣ! ਇਤਨੀ ਸੰਗਤ ਭੇਜਣਾ ਗਰੀਬ ਨਿਵਾਜ ਕਿ ਏਧਰ ਵੀ ਪੰਡਾਲ 'ਚ ਜਗ੍ਹਾ ਨਾ ਹੋਵੇ, ਓਧਰ ਵੀ ਪੰਡਾਲ 'ਚ ਜਗ੍ਹਾ ਨਾ ਹੋਵੇ! ਦੋਵੇਂ ਪੰਡਾਲ ਭਰੇ ਹੋਣ! ਤੇਰੇ ਭਾਣੇ? ਸਰਬੱਤ ਦਾ ਭਲਾ!

ਜਲੰਧਰ ਵਿਚ ਇਕ ਇਲਾਕਾ ਹੈ। ਉਥੇ ਵੀ ਇਕ ਸੁਸਾਇਟੀ ਨੇ ਕੀਰਤਨ ਦਰਬਾਰ ਰੱਖਿਆ ਸੀ। ਉਸੇ ਹੀ ਇਲਾਕੇ ਵਿਚ ਇਕ ਹੋਰ ਸੁਸਾਇਟੀ ਸੀ। ਉਥੋਂ ਦੇ ਮੁਖੀ ਨੇ ਕਿਸੇ ਨੂੰ ਪੁੱਛਿਆ ਕਿ ਕਿਹੜਾ ਕੰਮ ਕਰਾਂ ਕਿ ਇਨ੍ਹਾਂ ਦੇ ਕੀਰਤਨ ਦਰਬਾਰ ਦੀ ਰੌਣਕ ਘਟ ਜਾਵੇ। ਉਨ੍ਹਾਂ ਨੇ ਇਥੋਂ ਤਕ ਕੀਤਾ ਕਿ ਉਸ ਤੋਂ ਇਕ ਦਿਨ ਪਹਿਲੇ ਹਜ਼ੂਰ ਸਾਹਿਬ ਦੀ ਰੇਲ ਗੱਡੀ ਦਾ ਇਕ ਡੱਬਾ ਟਿਕਟਾਂ ਬੁੱਕ ਕਰ ਕੇ ਯਾਤਰਾ ਰੱਖ ਦਿੱਤੀ। ਇਹ ਵੀ ਕਹਿ ਦਿੱਤਾ ਕਿ ਮਾਇਆ ਵੀ ਨਹੀਂ ਲੱਗੇਗੀ ਤੇ ਇਸ਼ਤਿਹਾਰ ਛਾਪ ਦਿੱਤੇ ਕਿ ਸਿਰਫ ਉਸੇ ਇਲਾਕੇ ਦੀ ਸੰਗਤ ਜਾ ਸਕਦੀ ਹੈ। ਕਿਰਾਇਆ ਵੀ ਨਹੀਂ ਲੱਗਣਾ। ਹੋਰ ਕਿਸੇ ਇਲਾਕੇ ਦੀ ਸੰਗਤ ਵੀ ਨਹੀਂ ਜਾ ਸਕਦੀ। ਰੱਖਿਆ ਵੀ ਉਦੋਂ ਹੀ ਜਦੋਂ ਪ੍ਰੋਗਰਾਮ ਉਸ ਤੋਂ ਇਕ ਦਿਨ ਪਹਿਲੇ। ਇਹ ਸਭ ਕੀ ਹੈ? ਕੰਮ ਤਾਂ ਧਾਰਮਿਕ ਹੈ ਪਰ ਹੈ ਈਰਖਾ ਤੇ ਦਵੈਸ਼। ਜਿੱਥੇ ਸਮਝ ਨਾ ਹੋਵੇ, ਕਿਧਰੇ ਕੋਈ ਧਾਰਮਿਕ ਸੁਸਾਇਟੀ ਕੀਰਤਨ ਦਰਬਾਰ ਵੱਡਾ ਕਰਾ ਲਵੇ, ਪੁੱਛੋ ਕੁਝ ਨਾ, ਜੋ ਕੁਝ ਅੰਦਰ ਆ ਜਾਂਦਾ ਹੈ!

ਦਿੱਲੀ ਤੋਂ ੪-੫ ਬੰਦੇ ਆਏ ਸਾਡੇ ਕੋਲ। ਕਹਿੰਦੇ, ਪ੍ਰੋਗਰਾਮ ਲੈਣਾ ਹੈ। ਅਸੀਂ ਡਾਇਰੀ ਵਿਖਾ ਦਿੱਤੀ ਕਿ ਕੋਈ ਤਰੀਕ ਖਾਲੀ ਨਹੀਂ। ਉਨ੍ਹਾਂ ਵਿੱਚੋਂ ਇਕ ਸਰੀਰ ਕਹਿਣ ਲੱਗਾ, ਸਾਡੀ ਇੱਜ਼ਤ ਦਾ ਸਵਾਲ ਹੈ, ਅਸੀਂ ਪ੍ਰੋਗਰਾਮ ਜ਼ਰੂਰ ਲੈ ਕੇ ਜਾਣਾ ਹੈ। ਦਾਸ ਨੇ ਪੁੱਛਿਆ ਕਿ ਕਰਾਉਣਾ ਤੇ ਕੀਰਤਨ ਦਰਬਾਰ ਹੈ, ਇਸ ਵਿਚ ਇੱਜ਼ਤ ਦਾ ਸਵਾਲ ਕਿਵੇਂ? ਉਹ ਕਹਿੰਦੇ, ਸਾਡੇ ਹੀ ਇਲਾਕੇ ਵਿਚ ਇਕ ਹੋਰ ਸੁਸਾਇਟੀ ਹੈ। ਉਨ੍ਹਾਂ ਨੇ ਪਿਛਲੇ ਹਫਤੇ ਕੀਰਤਨ ਦਰਬਾਰ

ਕਰਾਇਆ ਸੀ। ਅਸੀਂ ਉਨ੍ਹਾਂ ਨੂੰ ਕਹਿ ਕੇ ਆਏ ਹਾਂ ਕਿ ਅਸੀਂ ਤੁਹਾਡੇ ਨਾਲੋਂ ਜ਼ਿਆਦਾ ਇਕੱਠ ਕਰ ਕੇ ਦਿਖਾਵਾਂਗੇ। ਵੇਖੋ! ਕਰਾਉਣਾ ਤੇ ਹੈ ਕੀਰਤਨ ਦਰਬਾਰ ਪਰ ਮਕਸਦ ਦੂਜੇ ਨੂੰ ਸਾੜਨਾ ਹੈ, ਪ੍ਰਚਾਰ ਨਹੀਂ। ਜ਼ਿਆਦਾ ਇਕੱਠ ਕਰਨਾ ਚੰਗੀ ਗੱਲ ਹੈ ਪਰ ਦੂਜੇ ਨੂੰ ਸਾੜਨ ਲਈ, ਇਹ ਸਿੱਖੀ ਨਹੀਂ।

ਇਕ ਵਾਰੀ ਇਕ ਕੀਰਤਨ ਦਰਬਾਰ ਦੀ ਸਮਾਪਤੀ ਤੋਂ ਬਾਅਦ ਬਾਹਰ ਸੱਤ-ਅੱਠ ਸਰੀਰ ਸਾਡੇ ਕੋਲ ਆ ਗਏ। ਕਹਿੰਦੇ, ਸਾਡੇ ਵੀ ਗੁਰਦੁਆਰੇ ਹਾਜ਼ਰੀ ਲਾਵੋ। ਉਨ੍ਹਾਂ ਵਿੱਚੋਂ ਹੀ ਇਕ ਬੋਲਿਆ ਇਸ਼ਾਰਾ ਕਰਕੇ, ਕਿ ਇਹ ਗੁਰਦੁਆਰੇ ਦੇ ਮੁਖੀ ਹਨ। ਮੈਂ ਕਿਹਾ, ਪਹਿਲੇ ਤਾਂ ਓਸ ਗੁਰਦੁਆਰੇ ਦੇ ਮੁਖੀ ਕੋਈ ਹੋਰ ਸਨ। ਜੋ ਹੁਣ ਮੁਖੀ ਬਣਿਆ ਸੀ, ਉਮਰ ਤੇ ਹੋਵੇਗੀ ਉਸ ਦੀ ੬੦-੬੫ ਸਾਲ, ਪਰ ਸਿੱਖੀ ਦੀ ਕੱਚੀ ਕਲਾਸ ਵੀ ਨਹੀਂ ਸੀ ਚੜ੍ਹਿਆ। ਉਸ ਦੇ ਲਫਜ਼ ਸਨ, 'ਪਹਿਲੇ ਨੂੰ ਭਜਾ ਦਿੱਤਾ ਹੈ, ਤੁਸੀਂ ਸਮਾਂ ਦਿਓ ਸਾਨੂੰ, ਅਸੀਂ ਉਸ ਨੂੰ ਮਜ਼ਾ ਵਿਖਾਣਾ ਹੈ ਜ਼ਰਾ। ਕੰਮ ਤੇ ਧਾਰਮਿਕ ਹੈ ਪਰ ਅੰਦਰ ਕੀ ਹੈ- ਈਰਖਾ। ਸਿੱਖੀ ਕੀ ਹੈ- ਜੇ ਕੀਰਤਨ ਦਰਬਾਰ ਕਰਾਉਣ ਲੱਗਾ ਹੈਂ ਤਾਂ ਪਹਿਲਾ ਕਾਰਡ ਨੰਗੇ ਪੈਰੀਂ ਜਾ ਕੇ ਪਹਿਲੇ ਪ੍ਰਧਾਨ ਦੇ ਘਰ ਜਾ ਕੇ ਦੇ ਕੇ ਆਵੇ।

ਬਹੁਤ ਸਾਰੀ ਦੁਨੀਆਂ ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਹੀ ਫਸੀ ਪਈ ਹੈ ਕਿ ਮੈਨੂੰ ਸਤਿਕਾਰ ਨਹੀਂ ਮਿਲਿਆ, ਮੇਰੀ ਨਿਰਾਦਰੀ ਹੋਈ ਹੈ, ਮੈਂ ਬਦਲਾ ਕਿਵੇਂ ਲਵਾਂ? ਇਹ ਵੀ ਇਕ ਅਵਸਥਾ ਹੈ। ਜਿਸ 'ਤੇ ਗੁਰੂ ਦੀ ਕ੍ਰਿਪਾ ਹੋਵੇ ਉਸ ਨੂੰ ਪ੍ਰਾਪਤ ਹੁੰਦੀ ਹੈ ਕਿ ਕਿਧਰੇ ਮਾਣ-ਸਤਿਕਾਰ ਨਾ ਵੀ ਮਿਲੇ ਉਸ ਨੂੰ ਜਰਨਾ।

ਇਕ ਵਾਰੀ ਸਾਡਾ ਇਕ ਕੀਰਤਨੀ ਜਥਾ ਲੁਧਿਆਣੇ ਗਿਆ ਪ੍ਰੋਗਰਾਮ ਲਈ। ਜਿਨ੍ਹਾਂ ਸਮਾਗਮ ਕਰਵਾਇਆ ਸੀ ਉਨ੍ਹਾਂ ਦਾ ਕੋਈ ਮੈਂਬਰ ਬਾਹਰ ਸਾਜ਼ ਲੈਣ ਵੀ ਨਾ ਆਇਆ ਕਿ ਸਫਰ ਕਰ ਕੇ ਆਏ ਹੋ, ਬੈਠਣ ਤੋਂ ਪਹਿਲੇ ਕੁਝ ਛਕ ਲਵੋ। ਉਹ ਆਪ ਹੀ ਸਾਜ਼ ਚੁੱਕ ਕੇ ਅੰਦਰ ਚਲੇ ਗਏ। ਅੰਦਰ ਕੀਰਤਨ ਹੋ ਰਿਹਾ ਸੀ। ਸਟੇਜ ਲੱਗੀ ਸੀ। ਕੀਰਤਨ ਦਰਬਾਰ ਸੀ। ਜਾ ਕੇ ਬੈਠ ਗਏ। ਹੁਣ ਬੈਠਿਆਂ ਵੀ ੧੫ ਮਿੰਟ ਹੋ ਗਏ, ਕਿਸੇ ਪ੍ਰਬੰਧਕ ਨੇ ਨਹੀਂ ਪੁੱਛਿਆ, ਕਿੱਥੋਂ ਆਏ ਹੋ, ਕੌਣ ਹੋ, ਕਿਵੇਂ? ਇਨ੍ਹਾਂ ਨੇ ੧੫ ਮਿੰਟ ਬਾਅਦ ਆਪਣਾ ਇਕ ਮੁੰਡਾ

ਭੇਜਿਆ ਕਿ ਸਟੇਜ ਸੈਕਟਰੀ ਨੂੰ ਕਹੋ ਕਿ ਅੰਮ੍ਰਿਤਸਰੋਂ ਜਥਾ ਆਇਆ ਹੈ, ਤੁਸੀਂ ਬੁੱਕ ਕੀਤਾ ਸੀ, ਕਿੰਨੇ ਵਜੇ ਦਾ ਸਮਾਂ ਹੈ, ਕੀ ਪ੍ਰੋਗਰਾਮ ਹੈ? ਉਸ ਮੁੰਡੇ ਨੇ ਅਜੇ ਇਤਨਾ ਹੀ ਕਿਹਾ ਸਟੇਜ ਸੈਕਟਰੀ ਨੂੰ ਕਿ ਅੰਮ੍ਰਿਤਸਰੋਂ ਜਥਾ ਆਇਆ ਹੈ। ਕਿ ਉਹ ਕਹਿੰਦੇ, ਬੈਠ ਜਾਵੋ, ਬੈਠ ਜਾਵੋ, ਪਤਾ ਹੈ ਸਾਨੂੰ ਕਿ ਆਇਆ ਹੈ ਜਥਾ। ੧੦ ਮਿੰਟ ਬਾਅਦ ਤੁਹਾਨੂੰ ਵੀ ਲਾ ਦਿਆਂਗੇ ਅੱਧੇ ਘੰਟੇ ਲਈ। ਕੋਈ ੩ ਘੰਟੇ ਦਾ ਸਫਰ ਕਰ ਕੇ ਆਇਆ ਹੋਵੇ ਤੇ ਲਫਜ਼ਾਂ ਨਾਲ ਹੀ ਪੁੱਛ ਲਿਆ ਜਾਵੇ ਕਿ ਕੋਈ ਜਲ-ਪਾਣੀ ਛਕੋਗੇ, ਤਾਂ ਥਕਾਵਟ ਲੱਥ ਜਾਂਦੀ ਹੈ ਪਰ ਉਨ੍ਹਾਂ ਕੋਈ ਸਤਿਕਾਰ ਨਾ ਕੀਤਾ, ਉਲਟਾ ਨਿਰਾਦਰੀ ਦੇ ਲਫਜ਼ ਬੋਲੇ। ਪਹਿਲਾਂ ਸਮਾਂ ਕਿਹਾ ਗਿਆ ਸੀ ਡੇਢ ਘੰਟਾ ਪਰ ਅਨਾਊਂਸ ਕਰਨ ਲੱਗਿਆਂ ਅੱਧਾ ਘੰਟਾ ਕੀਤਾ। ਉਨ੍ਹਾਂ ਬੈਠਣ ਲੱਗਿਆਂ ਸੋਚਿਆ ਕਿ ਚਲੋ ਅੱਧਾ ਘੰਟਾ ਕਿਹਾ ਹੈ, ਇੰਨੀ ਦੂਰੋਂ ਆਏ ਹਾਂ, ਜੇ ੧੦-੧੫ ਮਿੰਟ ਉੱਪਰ ਹੋ ਵੀ ਜਾਣਗੇ ਤਾਂ ਕੋਈ ਗੱਲ ਨਹੀਂ। ਪਰ ਉਨ੍ਹਾਂ ਦੱਸਿਆ ਕਿ ਅਜੇ ੨੫ ਮਿੰਟ ਹੀ ਹੋਏ ਸਨ ਕਿ ਸਟੇਜ ਸੈਕਟਰੀ ਮਾਈਕ ਲੈ ਕੇ ਖੜ੍ਹਾ ਹੋ ਗਿਆ ਤਾਂ ਕਿ ਪਤਾ ਲੱਗ ਜਾਵੇ ਕਿ ਸਮਾਂ ਹੋ ਗਿਆ ਹੈ। ਇਤਨੀ ਨਿਰਾਦਰੀ! ਜਦੋਂ ਸਮਾਪਤੀ ਤੋਂ ਬਾਅਦ ਵਾਪਸੀ ਲਈ ਗੱਡੀ ਵਿਚ ਬੈਠੇ ਤਾਂ ਉਨ੍ਹਾਂ ਦਾ ਇਕ ਸਾਥੀ ਕਹਿਣ ਲੱਗਾ ਕਿ ਤੁਸੀਂ ਵੀ ਸਟੇਜ 'ਤੇ ਇਨ੍ਹਾਂ ਦੀ ਡੰਡ ਲਾਹੁਣੀ ਸੀ, ਸਟੇਜ ਤੇ ਜ਼ਰਾ ਬੋਲਣਾ ਸੀ ਕਿ ਕਰਾ ਤੇ ਕੀਰਤਨ ਦਰਬਾਰ ਰਹੇ ਨੇ ਤੇ ਹਾਲ ਇਹ ਹੈ, ਸੱਦ ਕੇ ਇੰਨੀ ਨਿਰਾਦਰੀ ਕੀਤੀ ਹੈ! ਪਰ ਜਿਹੜਾ Main ਵਿਚਕਾਰਲਾ ਸੀ, ਉਸ ਨੇ ਬੜਾ ਸੁਹਣਾ ਜਵਾਬ ਦਿੱਤਾ। ਕਹਿਣ ਲੱਗਾ ਕਿ ਕਈ ਜਗ੍ਹਾ ਗੁਰੂ ਵੀ ਚੈੱਕ ਕਰਦਾ ਹੈ ਕਿ ਕਿਧਰੇ ਜੇ ਸਤਿਕਾਰ ਨਾ ਮਿਲੇ ਤਾਂ ਵੀ ਹੈ ਕੁਝ ਤਾਕਤ ਅੰਦਰ ਜਰਨ ਦੀ।

ਸ਼ਿਵ ਜੀ ਦੇ ਸਸੁਰ ਸੀ 'ਦਕਸ਼-ਪਰਜਾਪਤੀ'। ਕਾਫੀ ਮਾਣ-ਸਤਿਕਾਰ ਸੀ ਉਨ੍ਹਾਂ ਦਾ। ਇਕ ਵਾਰੀ ਇਕ ਸਭਾ ਵਿਚ ਆਏ ਤੇ ਸਭ ਦੇਵਤਿਆਂ ਨੇ ਤੇ ਹੋਰ ਸਭ ਨੇ ਖੜ੍ਹੇ ਹੋ ਕੇ ਬੜਾ ਸਤਿਕਾਰ ਕੀਤਾ, ਪਰ ਸ਼ਿਵ ਜੀ ਬੈਠੇ ਰਹੇ ਇਹ ਚੈੱਕ ਕਰਨ ਲਈ ਕਿ ਕਿੱਥੇ ਕੁ ਪਹੁੰਚੇ ਨੇ? ਜੇ ਕਿਧਰੇ ਸਤਿਕਾਰ ਨਾ ਮਿਲੇ ਤਾਂ ਹੈ ਕੋਈ ਗੱਲ ਅੰਦਰ ਜਰਨ ਵਾਲੀ ਕਿ ਨਹੀਂ? ਸ਼ਿਵ ਜੀ ਸਮੇਂ ਦੇ ਅਵਤਾਰ

ਸੀ। ਹੋਏਗੀ ਕੋਈ ਲੀਲ੍ਹਾ ਉਨ੍ਹਾਂ ਦੀ! ਸ਼ਿਵ ਜੀ ਦੇ ਸਸੁਰ ਬਹੁਤ ਗੁੱਸੇ 'ਚ ਆ ਗਏ। ਪਰ ਖੈਰ, ਉਸ ਸਮੇਂ ਤਾਂ ਜਰ ਗਏ, ਪਰ ਗੱਲ ਆਪਣੇ ਅੰਦਰ ਰੱਖੀ।

ਦਕਸ਼-ਪਰਜਾਪਤੀ ਨੇ ਮਹੀਨੇ-ਦੋ ਮਹੀਨੇ ਬਾਅਦ ਯੱਗ ਰੱਖਿਆ, ਇਕ ਬੜਾ ਵੱਡਾ (ਉਸ ਸਮੇਂ ਯੱਗ ਹੁੰਦੇ ਸੀ, ਸਾਡੇ ਲਈ ਨਾਮ ਹੀ ਸਭ ਤੋਂ ਵੱਡਾ ਯੱਗ ਹੈ, ਕਲਜੁਗ ਵਿਚ ਨਾਮ ਹੀ ਸਭ ਕੁਝ ਹੈ)। ਉਸ ਨੇ ਯੱਗ ਰੱਖਿਆ ਤੇ ਯੱਗ ਵਿਚ ਹਰ ਦੇਵਤੇ ਦਾ ਆਸਣ ਰੱਖਿਆ, ਪਰ ਸ਼ਿਵਜੀ ਦਾ ਆਸਣ ਨਾ ਰੱਖਿਆ। ਸੱਦਿਆ ਸਭ ਨੂੰ ਤੇ ਸ਼ਿਵ ਜੀ ਨੂੰ ਵੀ ਸੱਦਿਆ। ਜਦੋਂ ਸ਼ਿਵਜੀ ਆਏ ਤੇ ਖੜ੍ਹੇ ਰਹੇ ਕਿਉਂਕਿ ਉਨ੍ਹਾਂ ਦਾ ਆਸਣ ਨਹੀਂ ਸੀ ਰੱਖਿਆ। ਇਹ ਕੀ ਹੈ? ਸ਼ਿਵਜੀ ਦੇ ਸਸੁਰ ਕਰਾ ਤੇ ਯੱਗ ਰਹੇ ਨੇ, ਕਰਾ ਤੇ ਧਾਰਮਿਕ ਕੰਮ ਰਹੇ ਨੇ, ਪਰ ਪਿੱਛੇ ਮੁੱਢ ਕੀ ਹੈ? ਸ਼ਿਵਜੀ ਦਾ ਆਸਣ ਨਹੀਂ ਰੱਖਣਾ, ਇਨ੍ਹਾਂ ਦੀ ਵੀ ਬੇਸਤੀ ਕਰਨੀ ਹੈ ਕਿਉਂਕਿ ਇਨ੍ਹਾਂ ਮੇਰਾ ਸਤਿਕਾਰ ਨਹੀਂ ਸੀ ਕੀਤਾ! ਯੱਗ ਦਾ ਮੁੱਢ ਈਰਖਾ। ਅਸੀਂ ਆਪਣੇ ਲਈ ਸੇਧ ਲੈਣੀ ਹੈ ਕਿ ਸਾਡੇ ਧਾਰਮਿਕ ਕੰਮਾਂ ਦਾ ਮੁੱਢ? ਜੇ ਇਹ ਚੀਜ਼ ਹੋਵੇਗੀ, ਫੇਰ ਅਸੀਂ ਅੱਗੇ ਨਹੀਂ ਵਧ ਸਕਾਂਗੇ। ਕੁਝ ਭਾਂਡਾ ਭਰਾਂਗੇ, ਕੁਝ ਡੋਲ੍ਹਾਂਗੇ।

ਲੁਧਿਆਣੇ ਵਿਚ ਇਕ ੧੩ ਘੰਟੇ ਦਾ ਸਮਾਗਮ ਹੋਇਆ ਸੀ। ਸਾਨੂੰ ਕੁਦਰਤੀ ਚਾਹ ਦੇ ਜਥੇ ਦੀ ਸੇਵਾ ਮਿਲੀ ਸੀ, ਅਸੀਂ ਗਏ ਸੀ ਉਥੇ। ਤਿੰਨ ਕੁ ਘੰਟੇ ਜਦੋਂ ਪ੍ਰੋਗਰਾਮ ਸਪੀਕਰ ਰਾਹੀਂ ਸੁਣਿਆ ਤੇ ਜਿਹੜਾ ਇਕ ਸੱਜਣ ਬੈਠਾ ਪੌਣਾ ਕੁ ਘੰਟਾ, ਉਸ ਨੇ ਗੁਰੂ ਦੀ ਗੱਲ ਤੇ ਕੋਈ ਨਾ ਸੁਣਾਈ, ਬਲਕਿ ਇਕ ਸੰਪਰਦਾ ਨੂੰ ਲੈ ਕੇ ਰੱਜ ਕੇ ਸਟੇਜ 'ਤੇ ਉਸ ਦੀ ਨਿੰਦਿਆ ਕੀਤੀ। ਉਸ ਤੋਂ ਬਾਅਦ ਦੂਜਾ ਬੈਠਾ। ਉਸ ਨੇ ਵੀ ਇਕ ਟਕਸਾਲ ਦੀ ੩੫-੪੦ ਮਿੰਟ ਪੂਰੀ ਨਿੰਦਿਆ ਕੀਤੀ। ਹੈ ਤੇ ਸਤਿਸੰਗ ਹੀ ਸੀ, ਪਰ ਸਤਿਸੰਗ ਦਾ ਮੁੱਢ ਹੀ ਇਹੋ ਸੰਤਾਂ-ਮਹਾਂ ਪੁਰਸ਼ਾਂ, ਸੰਪ੍ਰਦਾਵਾਂ, ਟਕਸਾਲਾਂ ਦੀ ਨਿੰਦਿਆ। ਮੁੱਢ ਈਰਖਾ। ਸੁਣਨ ਵਾਲਾ ਕੀ ਉਪਦੇਸ਼, ਕੀ ਸਿਖਿਆ ਲੈ ਕੇ ਜਾਵੇਗਾ ਇਹੋ ਜਿਹੇ ਸਤਿਸੰਗ ਤੋਂ, ਜਿਸ ਸਤਿਸੰਗ ਦਾ ਮੁੱਢ ਗੁਰੂ ਦੀ ਵਡਿਆਈ ਨਹੀਂ, ਕੋਈ ਗੁਰੂ ਦੀ ਗੱਲ ਨਹੀਂ ਬਲਕਿ ਮੁੱਢ ਹੈ ਨਿੰਦਿਆ, ਈਰਖਾ, ਦਵੈਸ਼? ਕਿੱਥੇ ਤੇ ਸਤਿਸੰਗ ਕਰਨਾ ਹੈ ਕਿ ਇਹ ਵੈਰ-ਵਿਰੋਧ ਮੁੱਕ ਕੇ ਨਿਰਮਲ ਹੋ ਜਾਈਏ,

ਕਿੱਥੇ ਇਹ ਚੀਜ਼ਾਂ ਹੋਰ ਜਨਮ ਲਈ ਜਾਣ!

ਕੀਰਤਨ ਦਰਬਾਰ ਤੇ ਬਹੁਤ ਹੁੰਦੇ ਨੇ। ਕਿਧਰੇ ਤੇ ਇਹੋ ਜਿਹੇ ਵੀ ਬੈਠ ਜਾਂਦੇ ਹਨ ਪਰ ਕਈ ਇਹੋ ਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੇ ਮਨ ਨੂੰ ਸਾਧਿਆ ਹੈ। ਉਹ ਦੱਸਦੇ ਹਨ ਏਸ ਮਾਰਗ 'ਤੇ ਚੱਲਣ ਦੇ ਰਾਹ, ਕਿਉਂਕਿ ਆਪ ਚੱਲੇ ਹਨ, ਕਹਿ ਕਮਾ ਕੇ ਚੱਲਣ ਵਾਲੇ ਹਨ। ਅਜਿਹੇ ਸਾਧਿਆਂ ਹੋਇਆਂ ਦੇ ਬਚਨ ਫਿਰ ਸੁਣਨ ਵਾਲਿਆਂ 'ਤੇ ਵੀ ਅਸਰ ਕਰਦੇ ਹਨ। ਉਹ ਸਾਡੀ ਕਮਜ਼ੋਰੀਆਂ, ਸਾਡੀਆਂ ਗਲਤੀਆਂ ਨੂੰ ਦੱਸਦੇ ਹਨ। ਦੱਸਦੇ ਹਨ ਕਿ ਏਸ ਰਸਤੇ 'ਚ ਕਿਹੜੇ ਟੋਏ ਹਨ।

ਬਾਬਾ ਈਸ਼ਰ ਸਿੰਘ ਜੀ (ਨਾਨਕਸਰ ਕਲੇਰਾਂ ਵਾਲਿਆਂ) ਨੇ ਅੰਮ੍ਰਿਤਸਰ ਚਾਟੀਵਿੰਡ ਨਹਿਰ 'ਤੇ ਆਉਣਾ ਤੇ ਇੰਝ ਲੱਗਣਾ ਕਿ ਜਿਵੇਂ ਅੱਧਾ ਸ਼ਹਿਰ ਹੀ ਉਥੇ ਪਹੁੰਚ ਗਿਆ ਹੈ ਕਿਉਂਕਿ ਉਨ੍ਹਾਂ ਦੀਆਂ ਆਪਣੀਆਂ ਕਮਾਈਆਂ ਸਨ, ਉਨ੍ਹਾਂ ਨੂੰ ਮਾਇਆ ਨਾਲ ਕੋਈ ਮਤਲਬ ਨਹੀ ਸੀ, ਉਨ੍ਹਾਂ ਸਾਧਿਆ ਸੀ ਮਨ ਨੂੰ।

ਗੁਰੂ-ਘਰ ਦੇ ਜਿੰਨੇ ਵੀ ਇਤਿਹਾਸ ਪੜ੍ਹ ਲਵੋ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੀ ਗਲ ਨਾਲ ਲਾਇਆ, ਉਨ੍ਹਾਂ ਦੇ ਹੀ ਦਸਮ ਦੁਆਰ ਖੋਲ੍ਹੇ, ਦਾਤਾਂ ਵੰਡਣ ਵਾਲੇ ਬਣਾਇਆ ਜਿਨ੍ਹਾਂ ਦੇ ਧਾਰਮਿਕ ਕੰਮਾਂ ਵਿਚ ਦੁਬਿਧਾ ਤੇ ਈਰਖਾ ਨਹੀਂ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਜਦੋਂ ਸੰਪੂਰਨ ਹੋਈ, ਗੁਰੂ ਅਰਜਨ ਦੇਵ ਜੀ ਨੇ ਲੰਗਰ ਵਿਚ ਸਭ ਨੂੰ ਸੱਦਿਆ। ਸਿੱਖਾਂ ਨੇ ਪੁੱਛਿਆ ਗੁਰੂ ਸਾਹਿਬ ਨੂੰ ਕਿ ਅੱਜ ਦਾ ਮੁੱਖ ਪ੍ਰਾਹੁਣਾ ਕੌਣ ਹੈ? ਗੁਰੂ ਸਾਹਿਬ ਕਹਿੰਦੇ, ਪਹਿਲਾ ਥਾਲ ਜਿਸ ਅੱਗੇ ਰੱਖਾਂਗੇ, ਉਹ ਸਾਡਾ ਅੱਜ ਦਾ ਮੁੱਖ ਪ੍ਰਾਹੁਣਾ। ਪਹਿਲਾ ਥਾਲ ਆਪ ਗੁਰੂ ਸਾਹਿਬ ਨੇ ਕਿਸ ਦੇ ਅੱਗੇ ਰੱਖਿਆ? ਭਾਈ ਬੰਨੋ ਜੀ ਅੱਗੇ! ਸਾਰੇ ਕਹਿੰਦੇ, ਸਤਿਗੁਰੂ ਜੀ! ਸੇਵਾ ਤਾਂ ਹੋਰ ਵੀ ਬੜਿਆਂ ਦੀ ਹੈ ਪਰ ਇਨ੍ਹਾਂ ਨੂੰ ਤੁਸੀਂ ਅੱਜ ਬੜਾ ਮਾਣ ਦਿੱਤਾ ਹੈ! ਗੁਰੂ ਸਾਹਿਬ ਕਹਿੰਦੇ, ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿਤਨਾ ਸਮਾਂ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਚੱਲੀ, ਭਾਈ ਬੰਨੋ ਜੀ ਨੇ ਆਪਣੀ ਸੇਵਾ ਦੌਰਾਨ ਕਿਸੇ ਨਾਲ ਈਰਖਾ ਨਹੀਂ ਕੀਤੀ, ਕਿਸੇ ਨਾਲ ਦਵੈਸ਼ ਨਹੀਂ ਰੱਖੀ।

ਭਾਈ ਸ਼ਾਲ੍ਹੋ ਜੀ ਨੂੰ ਕਈ ਵਰ ਪ੍ਰਾਪਤ ਹੋਏ ਗੁਰੂ ਸਾਹਿਬ ਵੱਲੋਂ ਸਿਰਫ

ਇਸੇ ਕਾਰਨ ਕਿ ਉਨ੍ਹਾਂ ਅੰਦਰ ਦਵੈਸ਼ ਨਹੀਂ ਸੀ। ਛੇਵੇਂ ਪਾਤਸ਼ਾਹ ਨੇ ਆਪ ਆਪਣੇ ਮੁਖ 'ਚੋਂ ਕਿਹਾ ਭਾਈ ਜੋਧਕਾ ਸਚਿਆਰ ਨੂੰ, ਕੁਝ ਮੰਗ ਲੈ! ਨਿਰਵੈਰਤਾ ਸੀ ਭਾਈ ਜੋਧਕਾ ਸਚਿਆਰ ਦੀ ਸੇਵਾ ਵਿਚ। ਤੁਹਾਡੇ ਵੀ ਪੰਜ ਬੱਚੇ ਹੋਣ, ਚਾਰ ਹੋਣ, ਤਿੰਨ ਹੋਣ, ਕਈ ਵਾਰੀ ਤੁਸੀਂ ਵੀ ਕਿਸੇ ਦੀਆਂ ਚੰਗੀਆਂ ਆਦਤਾਂ ਵੇਖ ਕੇ ਕਹਿ ਦੇਂਦੇ ਹੋ, ਦੱਸ ਤੈਨੂੰ ਕੀ ਚਾਹੀਦਾ ਹੈ? ਗੁਰੂ ਦੇ ਸਿੱਖ ਗੁਰੂ ਦੇ ਪੁੱਤਰ ਹੀ ਹਨ। ਉਸ ਦਾ ਹਿਰਦਾ ਨਿਰਮਲ ਵੇਖ ਕੇ ਆਪ ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਉਸ ਨੂੰ ਕਿਹਾ, ਕੁਝ ਮੰਗ ਲੈ। ਉਸ ਨੇ ਮੰਗਿਆ ਕੀ? ਕਿ ਜਿੱਥੋਂ ਤਕ ਮੇਰੀ ਕੁਲ ਚੱਲੇ, ਗੁਰੂ ਨਾਨਕ ਦੇ ਘਰ ਦਾ ਵਾਸਾ ਨਾ ਨਿਕਲੇ! ਕਿਸੇ ਨੇ ਪੁੱਛ ਲਿਆ, ਕਿ ਬਾਕੀਆਂ ਨੂੰ ਤਾਂ ਨਹੀਂ ਕਦੀ ਪੁੱਛਿਆ ਇਸ ਤਰ੍ਹਾਂ, ਪਰ ਇਸ ਨੂੰ ਆਪ ਪੁੱਛ ਰਹੇ ਹੋ? ਸਤਿਗੁਰੂ ਕਹਿੰਦੇ, ਇਸ 'ਤੇ ਖੁਸ਼ ਹੋ ਗਏ ਹਾਂ, ਇਹ ਜਿਤਨੀ ਵੀ ਸੇਵਾ ਕਰਦਾ ਹੈ ਕਿਸੇ ਨਾਲ ਈਰਖਾ ਨਹੀਂ ਰੱਖਦਾ। ਇਸ ਦੇ ਧਰਮ ਦੇ ਸਾਰੇ ਕੰਮ ਗੁਰੂ ਦੀ ਖੁਸ਼ੀ ਲੈਣ ਲਈ ਹਨ, ਕਿਸੇ ਨੂੰ ਨੀਵਾਂ ਦਿਖਾ ਕੇ ਆਪਣੇ ਆਪ ਨੂੰ ਉੱਚਾ ਦਿਖਾਉਣ ਲਈ ਨਹੀਂ।

ਇਕ ਵਾਰੀ ਯੁੱਧ ਮੱਚੇ ਵਿਚ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ਿਕਾਇਤ ਆਈ ਕਿ ਭਾਈ ਘਨੱਈਆ ਜੀ ਜੰਗ ਦੇ ਮੈਦਾਨ ਵਿਚ ਜ਼ਖਮੀ ਮੁਸਲਮਾਨਾਂ ਨੂੰ ਵੈਰੀਆਂ ਨੂੰ ਵੀ ਪਾਣੀ ਪਿਲਾਉਂਦਾ ਹੈ, ਉਸ ਨੂੰ ਤਾੜਨਾ ਚਾਹੀਦਾ ਹੈ। ਗੁਰੂ ਸਾਹਿਬ ਹੱਸ ਪਏ। ਭਾਈ ਘਨੱਈਆ ਜੀ ਨੂੰ ਬੁਲਾ ਕੇ ਪੁੱਛਿਆ ਤੇ ਉਸ ਨੇ ਜਵਾਬ ਦਿਤਾ, ਸੱਚੇ ਪਾਤਸ਼ਾਹ! ਮੈਂ ਤਾਂ ਕੇਵਲ ਆਪ ਜੀ ਨੂੰ ਹੀ ਪਾਣੀ ਪਿਲਾਂਦਾ ਹਾਂ, ਮੈਨੂੰ ਤਾਂ ਕੋਈ ਵੈਰੀ ਨਜ਼ਰ ਹੀ ਨਹੀਂ ਆਉਂਦਾ! ਮੈਨੂੰ ਤਾਂ ਸਭ ਵਿਚ ਆਪ ਜੀ ਦਾ ਹੀ ਰੂਪ ਨਜ਼ਰ ਆਉਂਦਾ ਹੈ! ਗੁਰੂ ਸਾਹਿਬ ਉਸ ਦੀ ਇਤਨੀ ਨਿਰਵੈਰ ਦ੍ਰਿਸ਼ਟੀ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਗਲ ਨਾਲ ਲਾ ਲਿਆ ਤੇ ਨਾਲ ਮਲ੍ਹਮ ਦਿੱਤੀ ਤੇ ਕਿਹਾ, ਅੱਗੇ ਤੋਂ ਮਲ੍ਹਮ-ਪੱਟੀ ਵੀ ਕਰਿਆ ਕਰ। ਉਹੋ ਹੀ ਗੁਰੂ-ਘਰ ਤੇ ਉਹੋ ਹੀ ਸਿੱਖ ਇਤਿਹਾਸ। ਜਿਨ੍ਹਾਂ ਦੇ ਅੰਦਰ ਵੈਰ-ਵਿਰੋਧ ਸੀ, ਈਰਖਾ-ਦਵੈਸ਼ ਸੀ, ਗੁਰੂ-ਘਰ ਦੀ ਸੇਵਾ ਕਰਨ ਦੇ ਬਾਵਜੂਦ ਵੀ ਕੋਈ ਪ੍ਰਾਪਤੀ ਨਾ ਕਰ ਸਕੇ।

ਗੁਰੂ ਗੋਬਿੰਦ ਸਿੰਘ ਜੀ ਵੇਲੇ ਇਕ ਬਾਜ, ਕਾਂ ਦਾ ਮਾਸ ਤੋੜ-ਤੋੜ ਕੇ

ਖਾ ਰਿਹਾ ਸੀ ਤੇ ਗੁਰੂ ਸਾਹਿਬ ਹੱਸ ਰਹੇ ਸੀ। ਸੰਗਤਾਂ ਦੇ ਅੰਦਰ ਤਰਕ ਆ ਗਈ ਕਿ ਗੁਰੂ ਨਾਨਕ ਦਾ ਘਰ ਤੇ ਰਹਿਮਤ ਵਾਲਾ ਹੈ, ਤੇ ਗੁਰੂ ਸਾਹਿਬ ਇਕ ਕਾਂ ਨੂੰ ਤੜਫਦਾ ਵੇਖ ਕੇ ਹੱਸ ਰਹੇ ਹਨ। ਗੁਰੂ ਸਾਹਿਬ ਅੰਦਰ ਦੀ ਪੱਟੀ ਪੜ੍ਹਨ ਵਾਲੇ, ਘਟ-ਘਟ ਦੀ ਜਾਣਨ ਵਾਲੇ। ਪੁੱਛ ਲਿਆ, ਤਰਕ ਆ ਗਈ ਹੈ। ਸਤਿਗੁਰੂ ਕਹਿਣ ਲੱਗੇ, ਅੱਜ ਦੀ ਗੱਲ ਦੱਸਣੀ ਤੇ ਨਹੀਂ ਸੀ ਚਾਹੁੰਦੇ, ਪਰ ਤੁਹਾਡੀ ਤਰਕ ਨੂੰ ਵੇਖ ਕੇ ਦੱਸ ਰਹੇ ਹਾਂ। ਕਹਿਣ ਲੱਗੇ, ਇਹ ਕਾਂ ਪਿਛਲੇ ਜਨਮ ਦਾ ਗੁਰੂ ਨਾਨਕ ਦੇ ਘਰ ਦਾ ਲਾਂਗਰੀ ਸੀ। ਸਾਰੇ ਹੈਰਾਨ ਹੋ ਗਏ ਕਿ ਗੁਰੂ ਦੇ ਲੰਗਰ ਦੀ ਸੇਵਾ ਕਰ ਕੇ ਕਾਂ ਦਾ ਜਨਮ? ਤੇ ਫਿਰ ਇਤਨਾ ਕਸ਼ਟ ਵੀ? ਗੁਰੂ ਸਾਹਿਬ ਨੇ ਦੱਸਿਆ ਕਿ ਲਾਂਗਰੀ ਨੇ ਗੁਰੂ ਨਾਨਕ ਦੇ ਘਰ ਦੀ ਸੇਵਾ ਤੇ ਜ਼ਰੂਰ ਕੀਤੀ ਪਰ ਜੇ ਤੇ ਕੋਈ ਇਸ ਦਾ ਮਿੱਤਰ ਜਾਂ ਰਿਸ਼ਤੇਦਾਰ ਹੋਣਾ ਉਸ ਨੂੰ ਤਾਂ ਮਿੱਠਾ ਬੋਲਣਾ, ਪਰ ਬਾਕੀ ਸੰਗਤ ਨੂੰ ਬੜੀ ਕੌੜੀ ਜ਼ੁਬਾਨ ਨਾਲ ਬੋਲਦਾ ਸੀ, ਬੜੇ ਗੁੱਸੇ ਨਾਲ ਪੈਂਦਾ ਸੀ। ਅੰਦਰ ਕੋਈ ਸਮਦ੍ਰਿਸ਼ਟੀ ਵਾਲੀ ਭਾਵਨਾ ਨਹੀਂ ਸੀ। ਅੱਜ ਇਹ ਇਕ-ਇਕ ਕੌੜੇ ਬੋਲੇ ਬਚਨ ਦਾ ਨਿਰੰਕਾਰ ਬਾਜ ਦੀਆਂ ਚੁੰਝਾਂ ਨਾਲ ਲੇਖਾ ਬਰਾਬਰ ਕਰ ਰਿਹਾ ਹੈ।

ਮਿਸਾਲਾਂ ਤੇ ਹੋਰ ਵੀ ਨੇ। ਕਲਗੀਆਂ ਵਾਲੇ ਦੇ ਦਰਬਾਰ ਵਿਚ ਰਿੱਛ ਨੱਚਦਾ ਪਿਆ ਸੀ। ਸਾਰੀ ਸੰਗਤ ਉਸ ਦੇ ਤਮਾਸ਼ੇ ਵੇਖ ਕੇ ਹੱਸ ਰਹੀ ਸੀ। ਗੁਰੂ ਸਾਹਿਬ, ਭਾਈ ਕੀਰਤੀਏ ਨੂੰ ਕਹਿੰਦੇ, ਸਾਰੇ ਭਾਵੇਂ ਹੱਸਣ ਪਰ ਤੂੰ ਨਾ ਹੱਸ। ਉਹ ਕਹਿੰਦਾ, ਮੈਂ ਕਿਉਂ ਨਾ ਹੱਸਾਂ ਰਿੱਛ ਦੇ ਤਮਾਸ਼ੇ ਵੇਖ ਕੇ? ਗੁਰੂ ਸਾਹਿਬ ਕਹਿੰਦੇ, ਤੂੰ ਏਸ ਲਈ ਨਾ ਹੱਸ ਕਿਉਂਕਿ ਇਹ ਰਿੱਛ ਨਹੀਂ ਨੱਚ ਰਿਹਾ, ਇਹ ਤੇਰਾ ਪਿਉ ਭਾਈ ਸੋਭਾ ਰਾਮ ਨੱਚ ਰਿਹਾ ਹੈ। ਕੀਤੀ ਹੋਵੇ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਸੇਵਾ ਪ੍ਰਸ਼ਾਦ ਵੰਡਣ ਕੀ ਤੇ ਹੋਰ ਵੀ ਕਈ ਰੋਜ਼ ਦਰਸ਼ਨ ਵੀ ਕਰਦਾ ਹੋਵੇ ਗੁਰੂ ਤੇਗ ਬਹਾਦਰ ਜੀ ਦੇ ਤੇ ਜਨਮ ਮਿਲ ਜਾਵੇ ਰਿੱਛ ਦਾ? ਫੇਰ ਗੁਰੂ ਗੋਬਿੰਦ ਸਿੰਘ ਜੀ ਨੇ ਦੱਸਿਆ ਕਿ ਇਹ ਸਾਰਿਆਂ ਨਾਲ ਬੜਾ ਹੀ ਕੌੜਾ ਬੋਲਦਾ ਸੀ, ਦਵੈਸ਼ ਰੱਖਦਾ ਸੀ, ਅੰਦਰ ਈਰਖਾ ਸੀ।

ਗੁਰੂ ਅੰਗਦ ਸਾਹਿਬ ਨੇ ਤਾਂ ਭਾਈ ਸੋਹਣਾ ਜੀ ਨੂੰ ਲੰਗਰ ਦੀ ਸੇਵਾ ਤੋਂ ਮੁਕਤ ਕਰ ਦਿੱਤਾ ਸੀ। ਉਨ੍ਹਾਂ ਨੂੰ ਕਿਹਾ ਸੀ, ਤੂੰ ਵਿਦਾਇਗੀ ਲੈ ਲੈ ਕਿਉਂਕਿ

ਉਹ ਲੰਗਰ ਵਿਚ ਲੜਦੇ ਬਹੁਤ ਸੀ, ਦੂਜਿਆਂ ਨੂੰ ਨੀਵਾਂ ਦਿਖਾਉਂਦੇ ਸੀ। ਈਰਖਾ ਵਾਲੇ ਦੇ ਸਾਹਮਣੇ ਤੇ ਜੇ ਰੱਬ ਵੀ ਆ ਜਾਵੇ ਤਾਂ ਵੀ ਉਹ ਖਾਲੀ ਰਹਿ ਜਾਂਦਾ ਹੈ, ਪ੍ਰਾਪਤੀ ਨਹੀਂ ਹੁੰਦੀ।

ਅਜਮੇਰ ਵਿਚ ਕਿਸੇ ਨੇ ਦੇਵਤੇ ਦੀ ਅਰਾਧਨਾ ਕੀਤੀ। ਦੇਵਤਾ ਜੀ ਪ੍ਰਗਟ ਹੋ ਗਏ। ਕਹਿੰਦੇ, ਪ੍ਰਸੰਨ ਹਾਂ, ਕੁਝ ਮੰਗ ਲੈ ਪਰ ਇਕ ਸ਼ਰਤ ਹੈ, ਜੋ ਤੂੰ ਮੰਗੇਂਗਾ ਤੇਰੇ ਭਰਾ ਘਰ ਦੁੱਗਣਾ ਜਾਵੇਗਾ। ਉਹ ਕਹਿਣ ਲੱਗਾ, ਜੇ ਮੈਂ ਇਕ ਪੁੱਤਰ ਮੰਗਾਂਗਾ ਤੇ ਭਰਾ ਘਰ ਦੋ ਹੋਣਗੇ? ਦੇਵਤਾ ਜੀ ਕਹਿੰਦੇ, ਇਹ ਮੇਰੀ ਸ਼ਰਤ ਹੈ। ਉਹ ਕਹਿੰਦਾ, ਜੇ ਮੈਂ ਇਕ ਮਕਾਨ ਮੰਗਾਂਗਾ ਤੇ ਕੀ ਭਰਾ ਨੂੰ ਦੋ ਮਿਲਣਗੇ? ਦੇਵਤਾ ਕਹਿੰਦਾ- ਤੈਨੂੰ ਦੋ ਦੀ ਲੋੜ ਹੈ ਤੇ ਤੂੰ ਦੋ ਮੰਗ ਲੈ ਪਰ ਫਿਰ ਭਰਾ ਨੂੰ ੪ ਮਿਲਣਗੇ। ਉਹ ਕਹਿਣ ਲੱਗਾ, ਭਰਾ ਨੂੰ ਮੇਰੇ ਤੋਂ ਵੱਧ ਮਿਲੇ ਇਹ ਮੈਂ ਬਰਦਾਸ਼ਤ ਨਹੀਂ ਕਰ ਸਕਦਾ। ਸੋਚੀਂ ਪੈ ਗਿਆ, ਕੀ ਕਰਾਂ? ਦੇਵਤੇ ਨੇ ਕਿਹਾ, ਟਾਈਮ ਥੋੜ੍ਹਾ ਹੈ, ਮੰਗਣਾ ਹੈ ਤੇ ਮੰਗ ਲੈ ਨਹੀਂ ਤੇ ਮੈਂ ਚੱਲਿਆ ਹਾਂ। ਉਹ ਕਹਿੰਦਾ, ਚੰਗਾ ਫੇਰ ਦੇਵਤਾ! ਇੰਝ ਕਰ, ਮੈਂ ਕਾਫ਼ੀ ਸੋਚ ਕੇ ਫੈਸਲਾ ਕੀਤਾ ਹੈ, ਮੇਰੀ ਇਕ ਅੱਖ ਅੰਨ੍ਹੀ ਕਰ ਦੇ ਤਾਂ ਕਿ ਮੇਰੇ ਭਰਾ ਦੀਆਂ ਦੋਵੇਂ ਅੰਨ੍ਹੀਆਂ ਹੋ ਜਾਣ। ਵੇਖ ਲਵੋ! ਈਰਖਾ ਦੇ ਕਾਰਨ ਕੁਝ ਪ੍ਰਾਪਤੀ ਦੀ ਥਾਂ ਉਲਟਾ ਆਪਣਾ ਵੀ ਨੁਕਸਾਨ ਕਰਵਾ ਲਿਆ। ਜੇ ਚਾਹੁੰਦੇ ਹੋ ਜਪਿਆ ਹੋਇਆ ਨਾਮ ਸੰਭਾਲਿਆ ਜਾਵੇ ਤਾਂ ਨਾਮ ਜਪਣ ਦੇ ਨਾਲ-ਨਾਲ ਆਪਣੀਆਂ ਆਦਤਾਂ ਨੂੰ ਵੀ ਸੁਧਾਰਨਾ ਹੈ। ਕਦੇ ਜ਼ਿੰਦਗੀ ਵਿਚ ਕਿਸੇ ਦਾ ਬੁਰਾ ਨਾ ਸੋਚੋ। ਭਾਵੇਂ ਭੈਣਾਂ-ਭਰਾਵਾਂ, ਗੁਆਂਢੀਆਂ ਰਿਸ਼ਤੇਦਾਰਾਂ ਤੋਂ ਤੁਹਾਨੂੰ ਕਸਰ ਲੱਗ ਜਾਵੇ, ਫਿਰ ਵੀ ਯਤਨ ਕਰਿਓ, ਤੁਹਾਡੇ ਹੱਥੋਂ ਕਿਸੇ ਦਾ ਬੁਰਾ ਨਾ ਹੋਵੇ।

ਗੁਰੂ ਨਾਨਕ ਦੇਵ ਜੀ ਇਕ ਵਾਰੀ ਕਰਤਾਰਪੁਰ 'ਚ ਲੰਘਦੇ ਪਏ ਸਨ, ਦੇਖਿਆ ਕਿ ਇਕ ੨੦-੨੨ ਸਾਲ ਦਾ ਨੌਜਵਾਨ ਆਪਣੇ ਘਰੋਂ ਕਣਕ ਦਾ ਪੀਪਾ ਭਰਦਾ ਹੈ ਤੇ ਕੋਲ ਹੀ ਇਕ ਘਰ, ਉਥੇ ਢੇਰੀ ਲੱਗੀ ਹੈ ਕਣਕ ਦੀ, ਉਥੇ ਪਾ ਆਉਂਦਾ ਹੈ। ਇਹ ਵੇਖ ਕੇ ਗੁਰੂ ਨਾਨਕ ਸਾਹਿਬ ਰੁਕ ਗਏ ਤੇ ਪੁੱਛਿਆ, ਪੁਰਖਾ! ਇਹ ਕੀ ਕਰ ਰਿਹਾ ਹੈਂ? ਉਹ ਕਹਿੰਦਾ, ਇਹ ਮੇਰੇ ਵੱਡੇ ਭਰਾ ਦਾ ਘਰ ਹੈ। ਜਦੋਂ ਸਾਡੇ ਪਰਵਾਰ ਵਿਚ ਜ਼ਮੀਨਾਂ ਦੀ ਵੰਡ ਹੋਈ ਸੀ, ਵੱਡੇ ਭਰਾ

ਦੇ ਹਿੱਸੇ ਜ਼ਮੀਨ ਘੱਟ ਆਈ ਸੀ। ਜੇ ਮੈਂ ਉਸ ਨੂੰ ਕਹਿੰਦਾ ਹਾਂ ਮਦਦ ਲਈ ਤਾਂ ਉਹ ਮੰਨਦਾ ਨਹੀਂ। ਅੱਜ ਉਹ ਬਾਹਰ ਗਿਆ ਹੈ ਤੇ ਮੈਨੂੰ ਮੌਕਾ ਮਿਲ ਗਿਆ ਹੈ ਭਲਾ ਕਰਨ ਦਾ।

ਅਗਲੇ ਦਿਨ ਫਿਰ ਗੁਰੂ ਨਾਨਕ ਸਾਹਿਬ ਉਧਰੋਂ ਦੀ ਲੰਘੇ ਤੇ ਵੇਖਿਆ, ਅੱਜ ਵੱਡਾ ਭਰਾ, ਪੀਪੇ ਭਰ-ਭਰ ਕੇ ਛੋਟੇ ਦੇ ਢੇਰ 'ਤੇ ਪਾ ਰਿਹਾ ਹੈ। ਜਦੋਂ ਉਸ ਨੂੰ ਗੁਰੂ ਸਾਹਿਬ ਨੇ ਪੁੱਛਿਆ ਤੇ ਉਸ ਨੇ ਜਵਾਬ ਦਿੱਤਾ, ਇਹ ਮੇਰੇ ਛੋਟੇ ਭਰਾ ਦਾ ਘਰ ਹੈ, ਅੱਜ ਉਹ ਬਾਹਰ ਗਿਆ ਹੈ ਤੇ ਸੋਚਿਆ, ਉਸ ਦੀ ਕੁਝ ਮਦਦ ਕਰਾਂ ਕਿਉਂਕਿ ਉਸ ਤਰ੍ਹਾਂ ਉਹ ਮਦਦ ਲਈ ਮੰਨਦਾ ਨਹੀਂ। ਗੁਰੂ ਨਾਨਕ ਸਾਹਿਬ ਕਹਿੰਦੇ, ਅਸੀਂ ਤੇ ਸੁਣਿਆ ਹੈ, ਤੇਰੇ ਹਿੱਸੇ ਜ਼ਮੀਨ ਘੱਟ ਆਈ ਹੈ, ਤੂੰ ਫਿਰ ਵੀ ਉਸ ਦੀ ਮਦਦ ਕਿਉਂ ਕਰ ਰਿਹਾ ਹੈਂ? ਉਹ ਕਹਿੰਦਾ, ਤੁਸੀਂ ਠੀਕ ਸੁਣਿਆ ਹੈ, ਮੇਰੇ ਹਿੱਸੇ ਜ਼ਮੀਨ ਘੱਟ ਆਈ ਹੈ ਪਰ ਜਿਤਨਾ ਵੀ ਆਇਆ-ਗਿਆ ਹੈ ਉਹ ਸਭ ਛੋਟੇ ਦੇ ਘਰ ਠਹਿਰਦਾ ਹੈ, ਉਸ ਦਾ ਖਰਚਾ ਜ਼ਿਆਦਾ ਹੈ। ਮੈਂ ਇਸ ਲਈ ਕਣਕ ਉਸ ਵੱਲ ਪਾ ਰਿਹਾ ਹਾਂ। ਗੁਰੂ ਨਾਨਕ ਸਾਹਿਬ ਜੀ ਪਿਆਰ ਵਿਚ ਕਹਿਣ ਲੱਗੇ, ੨੫੦-੩੦੦ ਸਾਲ ਦੀ ਉਮਰ ਦੇ ਸਿੱਧ ਵੀ ਉਥੇ ਨਹੀਂ ਪਹੁੰਚੇ ਜਿੱਥੇ ਤੁਸੀਂ ਦੋਵੇ ਭਰਾ ਪਹੁੰਚ ਗਏ ਹੋ। ਤੇਰੇ ਭਾਣੇ? ਸਰਬੱਤ ਦਾ ਭਲਾ।

ਵੇਖ ਲਵੋ! ਜਿੱਥੇ ਨਹੀਂ ਸੋਝੀ, ਈਰਖਾ-ਦਵੈਸ਼ ਹੈ। ਉਥੇ ਭਰਾ ਦਾ ਪਰਨਾਲਾ ਵੀ ਇੰਚ ਉੱਪਰ ਲੱਗ ਜਾਵੇ ਤੇ ਤਾੜ-ਫਾੜ ਹੋ ਜਾਂਦੀ ਹੈ। ਜੇ ਕਿਸੇ ਵਾਸਤੇ ਪਿਆਰ ਰੱਖੋਗੇ, ਦੂਜੇ ਪਾਸੇ ਵੀ ਪਿਆਰ ਆ ਜਾਵੇਗਾ। ਥੋੜ੍ਹਾ ਜਿਹਾ ਆਪਾ ਵਾਰ ਕੇ ਦੇਖੀਏ, ਦੂਜੇ ਪਾਸਿਓਂ ਵੀ ਬੁਰਿਆਈ ਨਿਕਲ ਜਾਂਦੀ ਹੈ।

ਇਕ ਵਾਰੀ ਇਕ ਬੀਬੀ ਮਹਾਂ ਪੁਰਸ਼ਾਂ ਕੋਲ ਆਈ ਤੇ ਕਹਿੰਦੀ, ਮੇਰਾ ਘਰ ਵਾਲਾ ਮੈਨੂੰ ਬਹੁਤ ਮਾਰਦਾ ਹੈ ਇਥੋਂ ਤਕ ਕਿ ਸੰਗਤ ਵਿਚ ਵੀ ਨਹੀਂ ਜਾਣ ਦੇਂਦਾ। ਮਹਾਂ ਪੁਰਸ਼ ਕਹਿੰਦੇ, ਤੂੰ ਰੋਜ਼ ਆਪਣੇ ਆਦਮੀ ਦੀਆਂ ਦੋ ਘੰਟੇ ਲੱਤਾਂ ਘੁੱਟਿਆ ਕਰ। ਬੀਬੀ ਬੜੀ ਹੈਰਾਨ ਹੋਈ, ਪਰ ਜਦੋਂ ਮਹਾਂ ਪੁਰਸ਼ਾਂ ਦੇ ਕਹਿਣ ਮੁਤਾਬਕ ਉਸ ਨੇ ਅਜਿਹਾ ਕੀਤਾ ਤਾਂ ਉਸ ਆਦਮੀ ਦੇ ਅੰਦਰੋਂ ਆਪਣੀ ਪਤਨੀ ਪ੍ਰਤੀ ਸਾਰੀ ਮੈਲ ਨਿਕਲ ਗਈ ਤੇ ਉਹ ਆਪ ਵੀ ਸੰਗਤ ਦਾ

ਪ੍ਰੇਮੀ ਬਣ ਗਿਆ।

ਗੁਰੂ ਸਾਹਿਬਾਂ ਦੀਆਂ, ਮਹਾਂ ਪੁਰਸ਼ਾਂ ਦੀਆਂ, ਗੁਰੂ ਦੇ ਲਾਡਲੇ ਸਿੱਖਾਂ ਦੀਆਂ ਗੱਲਾਂ ਪੜ੍ਹਨ ਦਾ ਤਾਂ ਹੀ ਲਾਭ ਹੈ, ਜੇ ਸਾਡੀ ਜ਼ਿੰਦਗੀ ਵਿਚ ਵੀ ਨਿਰਵੈਰਤਾ ਆ ਜਾਵੇ, ਸਾਡੇ ਅੰਦਰੋਂ ਵੀ ਈਰਖਾ ਨਿਕਲ ਜਾਵੇ। ਹੈ ਤੇ ਬਹੁਤ ਔਖਾ ਚੱਲਣਾ, ਪਰ ਯਤਨ ਜ਼ਰੂਰ ਕਰਿਓ! ਸਾਡੇ ਗੁਰੂ ਸਾਹਿਬ ਤੇ ਨਿਰਵੈਰਤਾ ਦੀ ਮੂਰਤ ਹੋਏ ਹਨ। ਜੇ ਉਹ ੧੦੦ ਪੈਸੇ ਨੇ ਤੇ ਅਸੀਂ ੧੦ ਪੈਸੇ ਹੀ ਤੁਰ ਪਈਏ ਤਾਂ ਵੀ ਸ਼ੁਕਰ ਹੈ। ਜੇ ੧੦ ਪੈਸੇ ਚੱਲਾਂਗੇ ਤਾਂ ੧੦ ਪੈਸੇ ਪੈਂਡਾ ਖਤਮ ਹੋ ਜਾਵੇਗਾ। ਕੋਈ ਅੰਮ੍ਰਿਤਸਰ ਤੋਂ ਤੁਰੇ ਹੀ ਨਾ ਕਿ ਹੇਮਕੁੰਟ ਸਾਹਿਬ ਬੜੀ ਦੂਰ ਹੈ ਤੇ ਫਿਰ ਉਹ ਪਹੁੰਚੇਗਾ ਕਿਵੇਂ? ਜੇ ਕੋਈ ਤੁਰ ਪਵੇ ਤੇ ਕਹਿੰਦਾ, ਹੈ, ਇਤਨਾ ਪੈਂਡਾ ਲੰਘ ਆਏ ਹਾਂ। ਮੰਜ਼ਿਲ ਨੇੜੇ ਆਉਣੀ ਸ਼ੁਰੂ ਹੋ ਜਾਂਦੀ ਹੈ।

ਮਹਾਤਮਾ ਬੁੱਧ, ਜਦੋਂ ਕਿਸੇ ਭਿਕਸ਼ੂ ਦੀ ਅਵਸਥਾ ਬਣ ਜਾਵੇ ਤਾਂ ਉਸ ਨੂੰ ੪ ਮਹੀਨੇ ਲਈ ਮਸਾਣਾਂ ਵਿਚ ਭੇਜਦੇ ਸੀ ਤਾਂ ਕਿ ਉਸ ਦੇ ਅੰਦਰ ਇਤਨਾ ਗਿਆਨ ਹੋ ਜਾਵੇ ਕਿ ਕੁਝ ਵੀ ਸਥਿਰ ਨਹੀਂ ਹੈ, ਸਭ ਬਿਨਸ ਜਾਣਾ ਹੈ। ਇਸ ਗਿਆਨ ਨਾਲ ਈਰਖਾ-ਦਵੈਸ਼ ਸਭ ਨਿਕਲ ਜਾਣ ਕਿਉਂਕਿ ਜਿਸ ਨੂੰ ਪਤਾ ਲੱਗ ਜਾਵੇ ਕਿ ਮੈਂ ਸਥਿਰ ਨਹੀਂ ਹਾਂ, ਉਹ ਕਦੀ ਕਿਸੇ ਨਾਲ ਈਰਖਾ ਨਹੀਂ ਕਰੇਗਾ, ਕਦੀ ਕਿਸੇ ਨਾਲ ਦਵੈਸ਼ ਨਹੀਂ ਰੱਖੇਗਾ, ਕਦੇ ਕਿਸੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਨਹੀਂ ਕਰੇਗਾ, ਸਰਬੱਤ ਦੇ ਭਲੇ 'ਚ ਜੀਵੇਗਾ। ਇਤਨੀ ਸ਼ਾਂਤੀ, ਸਹਿਜ ਹੈ ਨਿਰਵੈਰਤਾ ਵਿਚ ਕਿ ਜੇ ਤੁਸੀਂ ਅੰਦਰੋਂ ਨਿਰਵੈਰ ਹੋ ਜਾਵੋਗੇ ਤਾਂ ਹਰ ਵੇਲੇ ਤੁਹਾਡੇ ਅੰਦਰ ਖੁਸ਼ੀ ਤੇ ਖੇੜਾ ਰਹੇਗਾ।

ਇਹ ਸਾਧਕ ਸਰੀਰ ਲਈ ਤੀਸਰੀ ਜੁਗਤੀ ਹੈ ਕਿ ਧਾਰਮਿਕ ਕੰਮ ਗੁਰੂ ਵਾਲੇ, ਰੱਬ ਵਾਲੇ ਪਾਸੇ ਦੇ ਸਾਰੇ ਕੰਮ ਵੈਰ-ਵਿਰੋਧ, ਈਰਖਾ-ਦਵੈਸ਼ ਤੋਂ ਉੱਪਰ ਉੱਠ ਕੇ ਕਰੇ ਗੁਰੂ ਦੀ ਖੁਸ਼ੀ ਲੈਣ ਲਈ। ਗੁਰੂ ਦੀ ਖੁਸ਼ੀ ਲੈਣ ਲਈ ਪੜ੍ਹਦੇ ਤੇ ਰੋਜ਼ ਹਾਂ ਪਰ ਅੰਦਰ ਵੱਸ ਜਾਏ, ਅੰਦਰ ਵੱਸ ਜਾਏ, ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ? ਸਰਬੱਤ ਦਾ ਭਲਾ!

ਚੌਥੀ ਜੁਗਤੀ

੪. ਸਾਧਕ ਬੰਦੇ ਲਈ ਚੌਥੀ ਜੁਗਤੀ ਹੈ ਕਿ ਸਾਧਕ ਬੰਦਾ ਆਪਣੀ ਸਾਧਨਾ ਜਾਂ ਕਿਸੇ ਤਰ੍ਹਾਂ ਦੀ ਵੀ ਪ੍ਰਾਪਤੀ ਨੂੰ ਥਾਂ-ਥਾਂ ਨਾ ਦੱਸੋ।

ਅਸੀਂ ਬਾਣੀ ਵੀ ਪੜ੍ਹਦੇ ਹਾਂ, ਸੇਵਾ-ਸਿਮਰਨ ਵੀ ਕਰਦੇ ਹਾਂ ਪਰ ਨਾਸਮਝੀ ਕਾਰਨ, ਪੱਲੇ ਜੁਗਤੀ ਨਾ ਹੋਣ ਕਾਰਨ, ਸਾਡੇ ਮਨ ਵਿਚ ਇਹ ਇੱਛਾ ਹੁੰਦੀ ਹੈ ਕਿ ਅਸੀਂ ਜੋ ਨਾਮ ਜਪ ਰਹੇ ਹਾਂ, ਸੇਵਾ ਕਰ ਰਹੇ ਹਾਂ, ਦਾਨ-ਪੁੰਨ ਜਾਂ ਕੋਈ ਵੀ ਹੋਰ ਭਲੇ ਕੰਮ ਕਰ ਰਹੇ ਹਾਂ, ਇਸ ਨੂੰ ਲੋਕੀਂ ਵੇਖਣ ਤੇ ਸਾਡੀ ਪ੍ਰਸੰਸਾ ਕਰਨ। ਸਾਡੇ ਮਿੱਤਰ-ਸੱਜਣ, ਰਿਸ਼ਤੇਦਾਰ ਇਹ ਕਹਿਣ ਕਿ ਇਹ ਨਿੱਤ ਗੁਰਦੁਆਰੇ ਜਾਂਦਾ ਹੈ, ਇਹ ਬੜੀ ਬੰਦਗੀ ਕਰਦਾ ਹੈ, ਇਹ ਬੜਾ ਵੱਡਾ ਭਗਤ ਹੈ, ਇਹ ਬੜਾ ਦਾਨੀ ਹੈ। ਅਸੀਂ ਥਾਂ-ਥਾਂ 'ਤੇ ਆਪਣੀ ਬੰਦਗੀ, ਸੇਵਾ, ਭਗਤੀ, ਵਡਿਆਈ, ਭਲੇ ਕਾਰਜਾਂ ਬਾਰੇ ਲੋਕਾਂ ਨੂੰ ਦੱਸ ਕੇ ਲੋਕਾਂ 'ਤੇ ਆਪਣਾ ਪ੍ਰਭਾਵ ਪਾਉਣਾ ਚਾਹੁੰਦੇ ਹਾਂ ਤਾਂ ਕਿ ਲੋਕ ਸਾਡੀ ਵਾਹ-ਵਾਹ ਕਰਨ।

'ਵਾਹ-ਵਾਹ' ਏਸ ਰਸਤੇ ਦੀ ਬੜੀ ਵੱਡੀ ਖਾਈ ਹੈ। ਜਿਸ ਵਿਚ ਕੋਈ ਗੁਣ ਹੈ, ਕੋਈ ਬਾਣੀ ਪੜ੍ਹਦਾ ਹੈ, ਕੋਈ ਸਿਮਰਨ ਕਰਦਾ ਹੈ, ਕਈਆਂ ਦੀ ਜ਼ਿੰਦਗੀ 'ਚ ਹੱਥੀਂ ਸੇਵਾ ਬਹੁਤ ਹੁੰਦੀ ਹੈ, ਕਈ ਜ਼ਿੰਦਗੀ 'ਚ ਦਾਨ-ਪੁੰਨ, ਦਇਆ ਦੇ ਕਾਰਜ ਬਹੁਤ ਕਰਦੇ ਹਨ। ਪਰ ਜੇ ਚਾਹੁੰਦੇ ਹੋ ਮੰਜ਼ਿਲ ਤਕ ਪਹੁੰਚਣਾ ਤਾਂ ਕਦੀ ਵੀ ਪ੍ਰਗਟ ਕਰਨ ਦੀ ਕੋਸ਼ਿਸ਼ ਨਾ ਕਰਿਓ। ਆਪਣੇ ਆਪ ਪ੍ਰਗਟ ਹੋਏ ਤੇ ਕੋਈ ਗੱਲ ਨਹੀਂ ਪਰ ਜਦੋਂ ਅਸੀਂ ਆਪ ਪ੍ਰਗਟ ਕਰਾਂਗੇ ਤਾਂ ਕਮਾਈ ਡੁੱਲ੍ਹ ਜਾਵੇਗੀ।

ਸਿੱਖ ਦਾ ਫਰਜ਼ ਹੀ ਇਹੀ ਹੈ ਕਿ ਬੰਦਗੀ ਕਰੇ, ਵਾਹਿਗੁਰੂ ਨਾਲ ਜੁੜੇ ਪਰ ਗੁਪਤ ਰਹੇ। ਵਾਹਿਗੁਰੂ ਤਾਂ ਆਪ ਆਪਣੇ ਪਿਆਰਿਆਂ ਦੀ ਵਡਿਆਈ

ਕਰਾਉਂਦਾ ਹੈ, ਆਪ ਪ੍ਰਗਟ ਕਰਦਾ ਹੈ। ਹਰੀ ਦਾ ਪਿਆਰਾ ਛੁਪਿਆ ਰਹਿ ਹੀ ਨਹੀਂ ਸਕਦਾ ਜਿਵੇਂ ਕਮਰੇ 'ਚ ਕੋਈ ਲੱਸਣ ਕੱਟਦਾ ਹੋਵੇ ਤੇ ਬਾਹਰੋਂ ਕੋਈ ਆਵੇ ਤੇ ਉਸ ਨੂੰ ਦੱਸਣ ਦੀ ਲੋੜ ਨਹੀਂ ਪੈਂਦੀ ਕਿ ਅੰਦਰ ਲੱਸਣ ਕੱਟਿਆ ਜਾ ਰਿਹਾ ਹੈ, ਲੱਸਣ ਆਪਣੀ ਖੁਸ਼ਬੋ ਆਪੇ ਹੀ ਬਾਹਰ ਦੱਸ ਦੇਂਦਾ ਹੈ। ਇਸੇ ਤਰ੍ਹਾਂ ਹੀ ਭਗਤੀ ਵੀ ਛੁਪੀ ਨਹੀਂ ਰਹਿ ਸਕਦੀ ਪਰ ਸਿੱਖ ਦਾ ਫਰਜ਼ ਇਹੀ ਹੈ ਕਿ ਉਹ ਗੁਪਤ ਹੋ ਕੇ ਵਰਤੇ। ਜਦੋਂ ਅਸੀਂ ਆਪਣੇ ਜਪ-ਤਪ ਜਾਂ ਜਪ-ਤਪ ਰਾਹੀਂ ਹੋਈਆਂ ਪ੍ਰਾਪਤੀਆਂ ਨੂੰ ਹਉਮੈ ਵੱਸ ਹੋ ਕੇ ਪ੍ਰਗਟ ਕਰਨ ਦਾ ਯਤਨ ਕਰਦੇ ਹਾਂ ਤਾਂ ਬਰੇਕ ਲੱਗ ਜਾਂਦੀ ਹੈ, ਅਸੀਂ ਅਗਾਂਹ ਨਹੀਂ ਵਧ ਸਕਦੇ, ਮੰਜ਼ਿਲ 'ਤੇ ਨਹੀਂ ਪਹੁੰਚ ਪਾਉਂਦੇ। ਹਜ਼ਾਰਾਂ ਦੀ ਖੇਡ ਕਈ ਵਾਰੀ ਖਤਮ ਹੋ ਜਾਂਦੀ ਹੈ। ਅਧਿਆਤਮਕਤਾ ਦੀ ਪੜ੍ਹਾਈ ਦੁਨਿਆਵੀ ਪੜ੍ਹਾਈ ਦੀ ਤਰ੍ਹਾਂ ਨਹੀਂ ਕਿ ਦੂਜੀ ਕਲਾਸ ਤੋਂ ਬਾਅਦ ਤੀਜੀ ਤੇ ਤੀਜੀ ਤੋਂ ਬਾਅਦ ਚੌਥੀ ਹੀ ਆਵੇਗੀ, ਇਥੇ ਤੇ ਹਰ ਕਦਮ ਸੋਚ ਕੇ, ਭੈ ਵਿਚ ਪੁੱਟਣਾ ਹੈ ਕਿਉਂਕਿ ਡਬਲ M.A. ਵਾਲਾ ਵੀ ਕੱਚੀ 'ਚ ਵੀ ਡਿੱਗ ਸਕਦਾ ਹੈ।

ਕੁਝ ਸਮੇਂ ਦੀ ਗੱਲ ਹੈ। ਇਕ ਬੀਬੀ ਦਾਸ ਨੂੰ ਕਹਿੰਦੀ, ਨਾਮ ਦੀ ਦਾਤ ਦਿਓ। ਦਾਸ ਨੇ ਕਿਹਾ, ਗੁਰੂ ਸਾਹਿਬ ਤੇ ਆਪ 1430 ਅੰਗਾਂ ਵਿਚ ਅਵਾਜ਼ਾਂ ਮਾਰ ਕੇ ਕਹਿੰਦੇ ਹਨ, ਨਾਮ ਜਪੋ, ਸਿਮਰਨ ਕਰੋ ਤੇ ਤੂੰ ਕਹਿੰਦੀ ਹੈਂ, ਨਾਮ ਦੀ ਦਾਤ ਦਿਓ? ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਕਹਿੰਦੀ, ਮੈਂ ਉੱਤੋਂ ਥੱਲੇ ਡਿੱਗ ਪਈ ਹਾਂ, ਮੇਰਾ ਬੜਾ ਮਨ ਜੁੜਦਾ ਸੀ, ਅੰਮ੍ਰਿਤ ਵੇਲਾ ਵੀ ਬਣਿਆ ਸੀ ਪਰ ਥੱਲੇ ਡਿੱਗ ਪਈ ਹਾਂ। ਭਾਵ ਲੱਖਾਂ ਤੇ ਹਜ਼ਾਰਾਂ ਰੂਹਾਂ ਦਾ ਬਣਿਆ ਹੋਇਆ ਸਿਮਰਨ ਨਾ-ਸਮਝੀ ਕਾਰਨ ਥੱਲੇ ਡਿੱਗ ਪੈਂਦਾ ਹੈ, ਮਿਲੀਆਂ ਹੋਈਆਂ ਦਾਤਾਂ ਖੋਹੀਆਂ ਜਾਂਦੀਆਂ ਹਨ।

ਮਹਿੰਗਾ ਸੌਦਾ ਹੈ। ਕਮਾਈ ਕਰ ਕੇ ਸੰਭਾਲਣੀ ਵੀ ਜੁਗਤੀ ਦਾ ਕਾਰਜ ਹੈ। ਆਮ ਬੰਦਾ ਕਮਾਈ ਕਰਦਾ ਵੀ ਹੈ ਤੇ ਨਾਸਮਝ ਹੋਣ ਕਾਰਨ ਨਾਲ-ਨਾਲ ਡੋਲ੍ਹਦਾ ਵੀ ਹੈ ਤੇ ਮੰਜ਼ਿਲ ਦੂਰ ਹੋਈ ਜਾਂਦੀ ਹੈ। ਜੇ ਸ਼ੌਕ ਜੇ ਭਗਤੀ ਦੇ ਮਾਰਗ 'ਤੇ ਚੱਲਣ ਦਾ ਤਾਂ ਚੌਥੀ ਜੁਗਤੀ ਦਾ ਵੀ ਧਿਆਨ ਰੱਖਣ ਦੀ ਬਹੁਤ ਲੋੜ ਹੈ। ਕਈ ਵਾਰੀ ਅਸੀਂ ਥੋੜ੍ਹੀ ਜਿਹੀ ਪ੍ਰਾਪਤੀ ਵੀ ਥਾਂ-ਥਾਂ ਦੱਸਣ ਲੱਗ ਪੈਂਦੇ ਹਾਂ।

ਫਿਰ ਇਹੋ ਜਿਹੀ ਬਰੇਕ ਲੱਗਦੀ ਹੈ ਕਿ ਕਈ-ਕਈ ਸਾਲ ਉਹ ਬਰੇਕ ਨਹੀਂ ਖੁੱਲ੍ਹਦੀ। ਪਤਾ ਨਹੀਂ ਕਿਤਨੀਆਂ ਕੁ ਜੋਦੜੀਆਂ ਦੇ ਬਾਅਦ ਸ਼ਾਇਦ ਉਹ ਬਰੇਕ ਖੁੱਲ੍ਹੇ ਜਾਂ ਨਾ। ਇਹ ਵੀ ਉਸ ਦੀ ਮੌਜ ਹੈ। ਦਾਸ ਆਪਣੀ ਜ਼ਿੰਦਗੀ ਦੀ ਵੀ ਗੱਲ ਡਿਟੇਲ ਵਿਚ ਤੇ ਨਹੀਂ ਦੱਸ ਸਕਦਾ ਪਰ ਜਦੋਂ ਨਹੀਂ ਸੀ ਸਮਝ, ਕਾਫੀ ਸਾਲ ਪਹਿਲੇ, ਇਹ ਬਚਪਨੇ ਸਾਡੇ ਕੋਲੋਂ ਵੀ ਹੋਏ ਹਨ, ਉਹ ਚੀਜ਼ ਫਿਰ ਅੱਜ ਤਕ ਵਾਪਸ ਨਹੀਂ ਆਈ ਕਿਉਂਕਿ ਨਹੀਂ ਸੀ ਸਮਝ।

ਅਸੀਂ ਜ਼ਰਾ ਜਿਹਾ ਅੰਮ੍ਰਿਤ ਵੇਲੇ ਉਠਣਾ ਸ਼ੁਰੂ ਕਰ ਦੇਈਏ, ਅਖੰਡ ਪਾਠ ਕਰਾ ਲਈਏ, ਘਰ ਸਹਿਜ ਪਾਠਾਂ ਦੇ ਭੋਗ ਪਾ ਲਈਏ, ਜਦ ਤਕ ੧੦ ਬੰਦਿਆਂ ਨੂੰ ਦੱਸ ਨਾ ਦੇਈਏ ਠੰਢ ਨਹੀਂ ਪੈਂਦੀ। ੧੦-੨੦ ਬੰਦਿਆਂ ਨੂੰ ਤੜੀ ਲਾ ਕੇ ਗੱਲ ਕਰਾਂਗੇ ਕਿ ਮੈਂ ਤੇ ਫਲਾਣਾ ਕੰਮ ਕਰਦਾ ਹਾਂ। ਮਹਾਂ ਪੁਰਸ਼ ਦੱਸਦੇ ਸੀ ਕਿ ਇਤਨੀ ਕੁ ਗੱਲ ਵੀ ਤੇਰੀ ਕਮਾਈ ਡੋਲ੍ਹ ਦੇਂਦੀ ਹੈ, ਤੇਰੇ ਨੰਬਰ ਘਟਾ ਦੇਂਦੀ ਹੈ, ਤੇਰੇ ਪੁੰਨਾਂ ਨੂੰ ਸਾੜ ਦੇਂਦੀ ਹੈ। ਤੁਹਾਡੇ ਵਿੱਚੋਂ ਕੋਈ ਉਠਦਾ ਹੋਵੇ ੨ ਵਜੇ, ੩ ਵਜੇ ਅੰਮ੍ਰਿਤ ਵੇਲੇ ਤੇ ਆਪਣੀ ਚੀਜ਼ ਨੂੰ ਪ੍ਰਗਟ ਕਰਨ ਲਈ ਕਹੇ, ਮੈਂ ਤਾਂ ਇੰਨੇ ਵਜੇ ਉੱਠਦਾ ਹਾਂ, ਜੇ ਅਗਲੇ ਦਿਨ ਹੀ ਉਠ ਜਾਵੋਗੇ ਤੇ ਕਹਿਣਾ! ਅਗਲੇ ਦਿਨ ਹੀ ਉਹ ਕੰਮ ਨਹੀਂ ਰਹਿੰਦਾ।

ਇਕ ਵਾਰੀ ਦਿੱਲੀ ਰਕਾਬਗੰਜ ਗੁਰਦੁਆਰੇ ਅਸੀਂ ਕੀਰਤਨ ਕਰ ਕੇ ਬਾਹਰ ਨਿਕਲੇ ਕਿ ਇਕ ਗੁਰਮੁਖ ਸਾਡੇ ਨਾਲ ਹੀ ਤੁਰਿਆ ਆਵੇ। ਤੁਰਦੇ-ਤੁਰਦੇ ਹੀ ਨਾਲ-ਨਾਲ ਕਹਿਣ ਲੱਗਾ, ਮੈਂ ਦਿੱਲੀ 'ਚ ਮਾਡਲ ਟਾਊਨ ਰਹਿੰਦਾ ਹਾਂ, ਉਥੋਂ ਦੇ ਗੁਰਦੁਆਰੇ 'ਚ ਰੋਜ਼ ੩ ਵਜੇ ਪ੍ਰਕਾਸ਼ ਕਰਨ ਦੀ Duty ਮੇਰੀ ਹੈ, ਮੈਂ ਕਰਦਾ ਹਾਂ ਪ੍ਰਕਾਸ਼। ਅਸੀਂ ਸੁਣੀ ਗਏ। ਫਿਰ ਕਹਿੰਦਾ, ਪ੍ਰਕਾਸ਼ ਤੋਂ ਬਾਅਦ ਮੈਂ ੧੩ ਮਾਲਾ ਵੱਡੀਆਂ ਪਹਿਲੀ ਪਉੜੀ ਦੀਆਂ, ਗੁਰਦੁਆਰੇ 'ਚ ਹੀ ਕਰਦਾ ਹਾਂ, ਫੇਰ ਘਰ ਜਾ ਕੇ ਮੈਂ ਕੁਝ ਅਰਾਮ ਕਰ ਕੇ ਫੇਰ ੨ ਘੰਟੇ 'ਵਾਹਿਗੁਰੂ' ਦਾ ਸਿਮਰਨ ਕਰਦਾ ਹਾਂ। ਦੁਬਾਰਾ ਫਿਰ ਇਹੀ ਗੱਲ ਮੁੱਢ ਤੋਂ ਦੁਹਰਾਉਣ ਲੱਗ ਪਿਆ। ਤੀਜੀ ਵਾਰੀ ਫੇਰ ਜਦੋਂ ਇਹੀ ਗੱਲ ਦੁਹਰਾਉਣ ਲੱਗਾ ਤੇ ਮੇਰੇ ਕੋਲੋਂ ਰਿਹਾ ਨਾ ਗਿਆ। ਦਾਸ ਨੇ ਕਿਹਾ 'ਕੱਲ੍ਹ ਪ੍ਰਕਾਸ਼ ਕਰਨਾ ਜੇ ਕਿ ਨਹੀਂ? ਕੱਲ੍ਹ ਮਾਲਾ ਫੇਰਨੀ ਜੇ ਕਿ ਨਹੀਂ? ਦਾਸ ਨੇ ਕਿਹਾ, ਇਹ ਬਚਨ ਭਾਵੇਂ ਤੈਨੂੰ ਕੌੜਾ

ਲੱਗੇ ਪਰ ਤੇਰੇ ਭਲੇ ਲਈ ਹੈ। ਜੇ ਚਾਹੁੰਦਾ ਹੈਂ ਕਿ ਇਹ ਕੰਮ ਨਿਰੰਤਰ ਜਾਰੀ ਰਹੇ, ਆਪਣੇ ਨੇਮ ਨੂੰ ਪ੍ਰਗਟ ਨਾ ਕਰ! ਇਹ ਨਾ ਹੋਵੇ ਤੇਰਾ ਪ੍ਰਗਟ ਕਰਨਾ ਕੱਲ੍ਹ ਤੇਰੇ ਲਈ ਬ੍ਰੇਕ ਲਗਵਾ ਦੇਵੇ।

ਇਕ ਜਗ੍ਹਾ ਕਿਸੇ ਘਰ 'ਚ ਲੜੀਆਂ ਚਲ ਰਹੀਆਂ ਸੀ ਪਾਠਾਂ ਦੀਆਂ। ੧੩ ਦਿਨ ਦੀ ਲੜੀ ਸੀ। ੧੨ਵੇਂ ਦਿਨ ਦੀ ਗੱਲ ਹੈ। ਅਸੀਂ ਖੜ੍ਹੇ ਸੀ। ਨਾਲ ੨-੪ ਗੁਰਮੁਖ ਪਿਆਰੇ ਹੋਰ ਵੀ ਖੜ੍ਹੇ ਸਨ। ੮-੧੦ ਕਦਮ ਪਿੱਛੇ ੩-੪ ਬੀਬੀਆਂ ਖੜ੍ਹੀਆਂ ਆਪਸ ਵਿਚ ਗੱਲਾਂ ਕਰ ਰਹੀਆਂ ਸਨ। ਇਕ ਦੂਜੀ ਨੂੰ ਕਹਿੰਦੀ, ਕੀ ਤੇਰਾ ਕੋਈ ਨਾਗਾ ਪਿਆ ਹੈ ਲੜੀਆਂ ਦੇ ਪਾਠਾਂ ਦੀ ਰੌਲ ਦੇਣ ਦਾ? ਉਹ ਕਹਿੰਦੀ, ਮੇਰੇ ਦੋ ਨਾਗੇ ਪਏ ਹਨ। ਪਹਿਲੀ ਕਹਿੰਦੀ, ਵੇਖਿਆ! ਮੇਰਾ ਇਕ ਵੀ ਨਾਗਾ ਨਹੀਂ ਪਿਆ। ਜਦੋਂ ਦਾਸ ਨੇ ਉਸ ਬੀਬੀ ਦੀ ਇੰਨੀ ਗੱਲ ਸੁਣੀ ਤਾਂ ਦਾਸ ਨੇ ਆਪਣੇ ਕੋਲ ਖੜ੍ਹੇ ਗੁਰਮੁਖਾਂ ਨੂੰ ਕਿਹਾ, ਇਹ ਬੀਬੀ ਕੱਲ੍ਹ ਨਹੀਂ ਆ ਸਕੇਗੀ, ਭਾਵੇਂ ਵਾਹਿਗੁਰੂ ਕੋਈ ਪਰਚਾ ਪਾਵੇ, ਕੋਈ ਕਿਸੇ ਤਰ੍ਹਾਂ ਦੀ ਰੁਕਾਵਟ ਪਾਵੇ, ਕਿਉਂਕਿ ਇਸ ਨੇ ਦਮ ਵਿਚ ਆ ਕੇ ਆਪਣੀ ਚੀਜ਼ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਈ ਵਾਰੀ ਅਸੀਂ ਗੱਲ ਨੂੰ ਘੁਮਾ ਕੇ ਆਪਣੀ ਚੀਜ਼ ਨੂੰ ਪ੍ਰਗਟ ਕਰਨ ਦਾ ਯਤਨ ਕਰਦੇ ਹਾਂ। ਆਪਣੇ ਆਪ ਪ੍ਰਗਟ ਹੋਵੇ ਕੋਈ ਗੁਨਾਹ ਨਹੀਂ ਪਰ ਜਦੋਂ ਆਪ ਪ੍ਰਗਟ ਕਰਾਂਗੇ ਤਾਂ ਕਮਾਈ ਡੁੱਲ੍ਹ ਜਾਵੇਗੀ।

ਇਕ ਗੁਰਮੁਖ ਪਿਆਰੇ ਦੇ ਅਸੀਂ ਸਵੇਰੇ ੮ ਵਜੇ ਘਰ ਗਏ ਤੇ ਉਹ ਸੁੱਤਾ ਪਿਆ ਸੀ। ਸਾਨੂੰ ਵੇਖ ਕੇ ਕਹਿਣ ਲੱਗਾ, ਜੇ ਕੋਈ ੨ ਵਜੇ ਰਾਤ ਉਠੇ ਤੇ ਨੇਮ ਕਰ ਕੇ ਫੇਰ ਸੌਂ ਜਾਵੇ, ਲੋਕਾਂ ਨੇ ਤਾਂ ਇਹੀ ਸੋਚਣਾ ਹੈ ਨਾ ਕਿ ਇਹ ਇੰਨੀ ਦੇਰ ਤਕ ਸੁੱਤਾ ਪਿਆ ਹੈ। ਇਹ ਕੀ ਹੈ? ਉਹ ਪ੍ਰਗਟ ਕਰਨਾ ਚਾਹੁੰਦਾ ਸੀ ਆਪਣੀ ਚੀਜ਼ ਨੂੰ ਕਿ ਮੈਂ ੨ ਵਜੇ ਉਠਦਾ ਹਾਂ।

ਇਕ ਹੋਰ ਸੱਜਣ ਦਾਸ ਨੂੰ ਕਹਿੰਦਾ, ਮੈਂ ਰਾਤ ੧੦ ਤੋਂ ੧੨ ਵਹੀਆਂ ਲਿਖਦਾ ਹਾਂ, ਕੋਈ ਗੱਲ ਤਾਂ ਨਹੀਂ? ਮੈਂ ਬੜਾ ਹੈਰਾਨ ਕਿ ਰਾਤ ੧੦ ਤੋਂ ੧੨ ਵਹੀਆਂ, ਇਹ ਕਿਉਂ? ਉਸ ਦੇ ਨਾਲ ਹੀ ਲਫਜ਼ ਸੀ। ਕਹਿੰਦਾ, ਮੈਂ ਨਾਲ ਹੀ ੧੨ ਵਜੇ ਇਸ਼ਨਾਨ ਕਰ ਲੈਂਦਾ ਹਾਂ। ਫੇਰ ਮੈਂ ੪ ਵਜੇ ਤਕ ਜਪ-ਤਪ ਕਰਦਾ ਹਾਂ। ਹੁਣ ਇਹ ਸਭ ਕੀ ਸੀ? ਗੱਲ ਨੂੰ ਘੁਮਾ ਕੇ ਆਪਣਾ ਨੇਮ ਦੱਸਣਾ ਚਾਹੁੰਦਾ

ਸੀ। ਮੇਰੀ ਜੇਬ 'ਚ ਗੁਟਕਾ ਸੀ। ਦਾਸ ਨੇ ਕਿਹਾ, ਹੱਥ ਤੇ ਨਹੀਂ ਰਖਾਂਦਾ ਗੁਟਕੇ 'ਤੇ ਪਰ ਗੁਟਕੇ ਵੱਲ ਵੇਖ ਕੇ ਹੀ ਸਚਾਈ ਦੱਸ ਦੇ ਕਿ ਜਿਹੜੀ ਗੱਲ ਅੱਜ ਦਾਸ ਨੂੰ ਪੁੱਛੀ ਹੈ, ਕਿਸੇ ਹੋਰ ਨੂੰ ਵੀ ਪੁੱਛੀ ਹੈ? ਹੁਣ ਬਾਣੀ ਦਾ ਡਰ ਸੀ। ਕਹਿਣ ਲੱਗਾ, ੧੨-੧੩ ਨੂੰ ਪੁੱਛ ਬੈਠਾ ਹਾਂ। ਇਹ ਕੀ ਸੀ? ਗੱਲ ਕਿਸੇ ਤਰੀਕੇ ਛੇੜਨੀ ਤੇ ਦੱਸਣਾ ੧੨ ਤੋਂ ੪ ਮੈਂ ਰਾਤੀ ਨੇਮ ਕਰਦਾ ਹਾਂ। ਇਸ ਤਰ੍ਹਾਂ ਬੰਦਾ ਜਦੋਂ ਥਾਂ-ਥਾਂ ਆਪਣੇ ਨੇਮ ਨੂੰ, ਗੱਲ ਨੂੰ ਘੁਮਾ ਕੇ ਜਾਂ ਉਸ ਤਰ੍ਹਾਂ ਸ਼ੌਕ ਨਾਲ ਦੱਸਦਾ ਹੈ ਤਾਂ ਅਗਲੇ ਦਿਨ ਹੀ ਉਹ ਨੇਮ ਨਹੀਂ ਰਹਿੰਦਾ ਜਾਂ ਕੁਝ ਦਿਨਾਂ ਵਿਚ ਉਹ ਚੀਜ਼ ਖਤਮ ਹੋ ਜਾਂਦੀ ਹੈ।

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਸਵੇਰੇ ਆਸਾ ਦੀ ਵਾਰ ਦੇ ਪ੍ਰੋਗਰਾਮ ਹੁੰਦੇ ਸਨ। ਇਸੇ ਤਰ੍ਹਾਂ ਹੀ ਇਕ ਗੁਰਮੁਖ ਪਿਆਰਾ ਜਿਸ ਦਾ ਸਵੇਰੇ ਆਸਾ ਦੀ ਵਾਰ 'ਤੇ ਪਹੁੰਚਣ ਦਾ ਨੇਮ ਸੀ, ਇਕ ਦਿਨ ਦਾਸ ਨੂੰ ਕਹਿਣ ਲੱਗਾ, ਮੈਂ ਅੱਜ-ਕੱਲ੍ਹ ਆਸਾ ਦੀ ਵਾਰ 'ਤੇ ਨਹੀਂ ਆਉਂਦਾ। ਮੈਂ ਰਾਤ ੧੨ ਵਜੇ ਤਕ ਆਪਣੀ ਦੁਕਾਨ 'ਤੇ ਲਿਖਤ-ਪੜ੍ਹਤ ਦੇ ਕੰਮ ਕਰਦਾ ਹਾਂ ਤੇ ੧੨ ਵਜੇ ਇਸ਼ਨਾਨ ਕਰ ਕੇ ਸਿਮਰਨ-ਬੰਦਗੀ ਕਰਦਾ ਹਾਂ ਫੇਰ ਸਵੇਰੇ ਸੌਂ ਜਾਂਦਾ ਹਾਂ ਇਸ ਕਰਕੇ ਸਵੇਰੇ ਆਸਾ ਦੀ ਵਾਰ ਦੇ ਪ੍ਰੋਗਰਾਮ 'ਤੇ ਨਹੀਂ ਪਹੁੰਚ ਪਾਂਦਾ। ਮੈਂ ਉਸ ਨੂੰ ਕਿਹਾ, ਜੇ ਮੈਂ ਤੈਨੂੰ ਪੁੱਛਦਾ ਕਿ ਤੂੰ ਸਵੇਰੇ ਆਸਾ ਦੀ ਵਾਰ 'ਤੇ ਨਹੀਂ ਆਉਂਦਾ ਤਾਂ ਤੂੰ ਜਵਾਬ ਦੇਂਦਾ ਤਾਂ ਤੇ ਹੋਰ ਗੱਲ ਸੀ ਪਰ ਮੈਂ ਪੁੱਛਿਆ ਹੀ ਨਹੀਂ ਤੈਨੂੰ, ਤੂੰ ਆਪਣੇ ਆਪ ਦੱਸ ਰਿਹਾ ਹੈਂ ਕਿ ਮੈਂ ਰਾਤ ੧੨ ਵਜੇ ਇਸ਼ਨਾਨ ਕਰ ਕੇ ਸਿਮਰਨ ਕਰਦਾ ਹਾਂ। ਤੂੰ ਰਹਿ ਨਹੀਂ ਸਕਿਆ। ਤੇਰੇ ਅੰਦਰ ਇਹ ਲਾਲਸਾ ਸੀ ਕਿ ਕਿਸੇ ਤਰੀਕੇ ਮੇਰੀ ਚੀਜ਼, ਮੇਰਾ ਨੇਮ ਪ੍ਰਗਟ ਹੋ ਜਾਵੇ। ਦਾਸ ਨੇ ਕਿਹਾ, ਜੇ ਦਾਸ ਤੈਨੂੰ ਪੁੱਛਦਾ ਵੀ ਤਾਂ ਵੀ ਜੇ ਤੇਰੇ ਅੰਦਰ ਪ੍ਰਗਟ ਕਰਨ ਦੀ ਲਾਲਸਾ ਨਾ ਹੁੰਦੀ, ਤਾਂ ਤੇਰਾ ਇਹ ਜਵਾਬ ਹੋਣਾ ਸੀ ਕਿ ਗੁਰੂ ਕੋਈ ਹੋਰ ਨੇਮ ਕਰਾ ਲੈਂਦਾ ਹੈ, ਏਸ ਕਰਕੇ ਨਹੀਂ ਆਉਂਦਾ। ਇਹ ਇਕ ਬੜਾ ਵੱਡਾ ਔਗਣ ਜੇ, ਆਪਣੀ ਭਗਤੀ ਨੂੰ ਪ੍ਰਗਟ ਕਰਨਾ। ਇਸ ਤਰ੍ਹਾਂ ਭਗਤੀ ਥਾਂਇ ਨਹੀਂ ਪੈਂਦੀ।

ਜੇ ਚਾਹੁੰਦੇ ਹੋ, ਜਪਿਆ ਨਾਮ ਸੰਭਾਲਿਆ ਜਾਵੇ, ਕੋਈ ਵੀ ਚੰਗੇ ਤੋਂ ਚੰਗਾ ਕੰਮ ਕਰ ਕੇ ਪ੍ਰਗਟ ਨਾ ਕਰਿਓ! ਬਾਬਾ ਨੰਦ ਸਿੰਘ ਜੀ ਦੇ ਬਚਨ ਹਨ,

ਨਾਮ ਜਪਣਾ ਔਖਾ ਹੈ। ਨਾਮ ਜਪ ਕੇ, ਘਾਲਣਾ ਕਰ ਕੇ, ਬੰਦਗੀ ਕਰਕੇ ਜਾਂ ਸਰੀਰ ਕਰਕੇ ਕੋਈ ਗੁਰੂ-ਘਰ ਦੀ ਸੇਵਾ ਕਰ ਕੇ ਜਾਂ ਦਾਨ-ਪੁੰਨ ਕਰ ਕੇ, ਕਮਾਈ ਕਰ ਕੇ, ਕਮਾਈ ਨੂੰ ਸੰਭਾਲਣ ਦੀ ਵੀ ਜੁਗਤੀ ਚਾਹੀਦੀ ਹੈ। ਸੰਭਾਲਦਾ ਉਹੀ ਹੈ ਜਿਸ ਨੂੰ ਜੁਗਤੀਆਂ ਪਤਾ ਹੋਣ। ਜਿਹੜਾ ਜੁਗਤੀਆਂ ਨੂੰ ਸਮਝ ਕੇ ੧੦-੨੦ ਪੈਸੇ ਵੀ ਚਲਦਾ ਹੈ, ਯਤਨ ਕਰਦਾ ਹੈ ਕਮਾਈ ਨੂੰ ਸੰਭਾਲਣ ਦਾ ਉਹੀ ਅਗਾਂਹ ਵਧ ਸਕਦਾ ਹੈ। ਜਿਸ ਨੂੰ ਨਹੀਂ ਸਮਝ ਉਹ ਨਾਲ-ਨਾਲ ਭਾਂਡਾ ਭਰਦਾ ਹੈ ਤੇ ਨਾਲ-ਨਾਲ ਡੁੱਲ੍ਹਦਾ ਜਾਂਦਾ ਹੈ, ਜਿਵੇਂ ਕਿ ਗੁਰਬਾਣੀ ਵਿੱਚ ਫਰਮਾਣ ਹੈ:

ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ ॥

(ਅੰਗ ੪੪੯-੪੫੦)

ਕਈਆਂ ਦੀ ਜ਼ਿੰਦਗੀ 'ਚ ਹੱਥੀਂ ਸੇਵਾ ਬਹੁਤ ਹੁੰਦੀ ਹੈ। ਅਸੀਂ ਇਕ ਜਗ੍ਹਾ ਕੀਰਤਨ ਦਰਬਾਰ 'ਤੇ ਗਏ। ਰਾਤ ਦੇ ੧੦.੩੦, ੧੧ ਦਾ ਸਮਾਂ ਸੀ। ਅਸੀਂ ਵਾਪਸ ਆਉਣ ਲੱਗੇ ਤਾਂ ਇਕ ਬਜ਼ੁਰਗ ਜਿਸ ਦੀ ਉਮਰ ੭੦ ਸਾਲ ਦੇ ਲਗਭਗ ਹੋਵੇਗੀ, ਲੱਤ ਵੀ ਇਕ ਉਸ ਦੀ ਖਰਾਬ (**Handicapped**) ਸੀ, ਸੋਟੀ ਦੇ ਸਹਾਰੇ ਤੁਰਦਾ ਆ ਰਿਹਾ ਸੀ, ਪਿੱਛੋਂ ਸਾਨੂੰ ਆਵਾਜ਼ ਮਾਰ ਨੇ ਕਹਿਣ ਲੱਗਾ, ਠਹਿਰ ਜਾਓ। ਅਸੀਂ ਕਾਰ 'ਚ ਬੈਠਣ ਲੱਗੇ ਸੀ ਕਿ ਉਸ ਦੀ ਆਵਾਜ਼ ਸੁਣ ਕੇ ਰੁਕ ਗਏ। ਸੋਚਿਆ, ਕੋਈ ਕੰਮ ਹੋਵੇਗਾ। ਕੋਲ ਆ ਕੇ ਕਹਿਣ ਲੱਗਾ, ਚੱਲੇ ਹੋ? ਦਾਸ ਨੇ ਕਿਹਾ, ਹਾਂ ਜੀ, ਕਾਫੀ ਸਮਾਂ ਹੋ ਗਿਆ ਹੈ, ਜਾ ਰਹੇ ਹਾਂ। ਦਾਸ ਨੂੰ ਪੁੱਛਣ ਲੱਗਾ, ਲੰਗਰ ਛਕਿਆ ਹੈ? ਅਸੀਂ ਸੋਚਿਆ, ਸੁਭਾਵਿਕ ਪੁੱਛ ਰਹੇ ਨੇ। ਕਿਹਾ, ਹਾਂ ਜੀ, ਛਕ ਲਿਆ। ਇਤਨੀ ਗੱਲ ਕਹਿ ਕੇ ਅਸੀਂ ਕਾਰ 'ਚ ਬੈਠਣ ਲੱਗੇ ਤਾਂ ਉਸ ਨੇ ਫਿਰ ਪੁੱਛਿਆ, ਦਾਲ ਕਿਹੋ ਜਿਹੀ ਲੱਗੀ ਹੈ? ਦਾਸਾਂ ਨੂੰ ਥੋੜ੍ਹੀ ਜਿਹੀ ਖੁਸ਼ਬੋ ਆਈ ਹਉਮੈ ਦੀ ਪਰ ਸ਼ੋਅ ਨਾ ਕੀਤਾ ਅਸੀਂ। ਦਾਸ ਨੇ ਕਿਹਾ, ਜੀ ਬਹੁਤ ਸੁਆਦ ਸੀ। ਫੇਰ ਕਹਿਣ ਲੱਗਾ, ਜੀ ਮੈਂ ਬਣਾਈ ਹੈ। ਉਮਰ ੭੦ ਸਾਲ, ਪਰ ਸ਼ਾਇਦ ਕਿਸੇ ਮਹਾਂ ਪੁਰਸ਼ ਦੀ ਸੰਗਤ ਨਹੀਂ ਮਿਲੀ। ਦਾਸ ਨੇ ਸੋਚਿਆ ਕਿ ਜਿਸ ਤਰ੍ਹਾਂ ਇਸ ਨੇ ਕਿਹਾ ਹੈ ਕਿ ਦਾਲ ਮੈਂ ਬਣਾਈ ਹੈ, ਜੋ ਸੇਵਾ ਦਾ ਮਹਾਤਮ ਇਕੱਠਾ ਹੋਇਆ ਸੀ, ਉਸ ਵਿੱਚੋਂ ੪੦

ਪੈਸੇ ਡੁੱਲ੍ਹ ਗਿਆ ਹੈ:

"ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥"

(ਅੰਗ ੫੬੦)

ਵਿੱਚੋਂ ਕੋਟਾ ਬਿਰਥਾ ਹੋ ਜਾਂਦਾ ਹੈ। ਖੈਰ ੬੦ ਪੈਸੇ ਸੰਭਾਲ ਲੈਂਦਾ, ਤਾਂ ਵੀ ਸ਼ੁਕਰ ਸੀ। ਉਸ ਦੇ ਅਗਲੇ ਬਚਨ ਸਨ, ਮੈਂ ੩ ਵਜੇ ਦਾ ਖੜ੍ਹਾ ਹਾਂ ਲੰਗਰ ਵਿਚ, ੧੧ ਵੱਜ ਚੁਕੇ ਹਨ। ਗਿਣੋ, ਕਿੰਨੇ ਘੰਟੇ ਹੋ ਗਏ? ਲੱਤ ਵੀ ਮੇਰੀ ਖ਼ਰਾਬ (Handicapped)। ਮੰਨਦੇ ਹੋ? ਦਾਸ ਨੇ ਕਿਹਾ, ਪੂਰਾ ਮੰਨਦਾ ਹਾਂ ਕਿ ੮੦ ਪੈਸੇ ਕੰਮ ਖਤਮ। ਜੇ ੧੦੦ ਪੈਸੇ ਕਮਾਈ ਕੀਤੀ ਤੇ ਵਿੱਚੋਂ ੮੦ ਪੈਸੇ ਤੇ ਕੰਮ ਖਤਮ ਹੋ ਗਿਆ। ਦਾਸ ਨੇ ਸੋਚਿਆ, ਹੁਣ ਪੂਰਾ ਹੀ ਥਰਮਾਮੀਟਰ ਲਾ ਲਈਏ? ਦਾਸ ਗੱਡੀ ਵਿੱਚੋਂ ਬਾਹਰ ਨਿਕਲਿਆ ਅਤੇ ਦਾਸ ਨੇ ਉਸ ਦੇ ਦੋਵੇਂ ਮੋਢੇ ਫੜ ਲਏ ਤੇ, ਦਾਸ ਨੇ ਕਿਹਾ, ਦਾਲ ਬੜੀ ਸੁਆਦ ਸੀ, ਤੁਸੀਂ ਬਣਾਈ ਸੀ, ੮ ਘੰਟੇ ਸੇਵਾ ਕੀਤੀ, ਬੜੀ ਵੱਡੀ ਗੱਲ ਹੈ ਪਰ ਇਕ ਗੱਲ ਦਾਸ ਨੂੰ ਦੱਸੋ ਕਿ ਇਹ ਜੋ ਕੁਝ ਦਾਸ ਨੂੰ ਦੱਸਿਆ ਜੇ, ਸਿੱਧਾ ਮੇਰੇ ਕੋਲ ਹੀ ਆਏ ਹੋ ਕਿ ਕਿਸੇ ਹੋਰ ਨੂੰ ਵੀ ਦੱਸਿਆ ਹੈ? ਕਹਿੰਦਾ, ਤੁਸੀਂ ੭ਵੇਂ ਹੋ। ੬ ਨੂੰ ਪਹਿਲੇ ਦੱਸ ਚੁੱਕਾ ਹਾਂ। ਦਾਸ ਨੇ ਮਨ 'ਚ ਕਿਹਾ, ੮੦ ਪੈਸੇ ਨਹੀਂ ਹੁਣ ਤੇ ੧੦ ਪੈਸੇ ਪੱਲਿਓਂ ਵੀ ਗਏ। ਕਈ ਵਾਰੀ ਇੰਝ ਵੀ ਹੁੰਦਾ ਹੈ ਕਿ ਕਮਾਇਆ ਤੇ ੧੦੦ ਤੇ ਗਿਆ ਸਵਾ ਸੌ।

ਕਈਆਂ ਦੀ ਜ਼ਿੰਦਗੀ 'ਚ ਦਾਨ-ਪੁੰਨ ਬਹੁਤ ਹੁੰਦਾ ਹੈ। ਕਈ ਸੇਵਾ ਕਰਾਉਂਦੇ ਹਨ ਧਨ ਦੀ, ਪਰ ਅੰਦਰ ਚਾਅ ਹੁੰਦਾ ਹੈ ਕਿ ਸੰਗਮਰਮਰ 'ਤੇ ਮੇਰਾ ਨਾਂ ਲਿਖਿਆ ਜਾਵੇ, ਮੇਰਾ ਨਾਂ ਸਪੀਕਰ 'ਤੇ ਅਨਾਊਂਸ ਹੋਵੇ, ਮੇਰੀ ਲੋਕਾਂ ਵਿਚ ਟੌਹਰ ਹੋਵੇ। ਰਿਸ਼ਤੇਦਾਰਾਂ ਨੂੰ, ਲੋਕਾਂ ਨੂੰ ਪਤਾ ਲੱਗੇ ਕਿ ਮੈਂ ਇਤਨੀ ਸੇਵਾ ਕੀਤੀ ਹੈ। ਇਸ ਤਰ੍ਹਾਂ ਪ੍ਰਗਟ ਕਰਨ ਨਾਲ ਸੇਵਾ 'ਚ ਫਲ ਘਟ ਜਾਂਦਾ ਹੈ।

ਇਕ ਭਾਈ ਗੁਰਮੁਖ ਸਿੰਘ, 'ਅਨੰਦ ਚਮਤਕਾਰ' ਦੇ ਲਿਖਾਰੀ, ਆਪਣੀ ਹੱਡ ਬੀਤੀ ਲਿਖਦੇ ਹਨ ਕਿ ਇਕ ਵਾਰੀ ਲੁਧਿਆਣੇ ਦੇ ਕਿਸੇ ਗੁਰਦੁਆਰੇ 'ਚ ਕਿਸੇ ਨੂੰ ਸਮਾਂ ਦਿੱਤਾ ਸੀ। ਮੀਟਿੰਗ ਸੀ ਕੋਈ, ਉਸ ਨੂੰ ਮਿਲਣ ਗਏ। ਜਿਸ ਨੂੰ ਸਮਾਂ ਦਿੱਤਾ ਸੀ, ਉਸ ਨੂੰ ਉਡੀਕ ਰਹੇ ਸੀ ਕਿ ਇਕ ਬਜ਼ੁਰਗ ਆਇਆ।

ਐਨਕ ਲਾਈ ਹੋਈ ਸੀ। ਹੱਥ 'ਚ ਝੋਲਾ ਫੜਿਆ ਹੋਇਆ ਸੀ। ਉਸ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਵੀ ਨਾ ਕੀਤੀ, ਮੱਥਾ ਵੀ ਨਾ ਟੇਕਿਆ, ਅੰਦਰ ਵੜਦਿਆਂ ਹੀ ਕਦੇ ਸੱਜੇ ਤੇ ਕਦੇ ਖੱਬੇ, ਕਦੇ ਥੱਲੇ ਤੇ ਕਦੇ ਉੱਤੇ ਵੇਖੇ।

ਭਾਈ ਗੁਰਮੁਖ ਸਿੰਘ ਜੀ ਕਹਿੰਦੇ, ਮੈਂ ਬਾਬੇ ਕੋਲ ਚਲਾ ਗਿਆ ਤੇ ਪੁੱਛਿਆ, ਬਾਬਾ ਜੀ ਤੁਹਾਡਾ ਕੀ ਗੁਆਚਾ ਹੈ? ਮੈਂ ਲੱਭ ਦੇਂਦਾ ਹਾਂ। ਉਹ ਕਹਿੰਦਾ, ਮੇਰਾ ਗੁਆਚਾ ਕੁਝ ਨਹੀਂ। ਪਰ ਮੈਂ ਜਦੋਂ ਪਿਛਲੇ ਸਾਲ ਇਸ ਗੁਰਦੁਆਰੇ 'ਚ ਆਇਆ ਸੀ ਤੇ ਇਕ ਹਜ਼ਾਰ ਰੁਪਏ ਦੀ ਸੇਵਾ ਦਿੱਤੀ ਸੀ। ਮੈਨੇਜਰ ਨੇ ਕਿਹਾ ਸੀ, ਦਲਹੀਜ਼ ਦੇ ਮੂਹਰੇ ਤੇਰਾ ਨਾਮ ਲਿਖਵਾ ਦੇਵਾਂਗੇ। ਮੈਂ ਤਾਂ ਆਪਣਾ ਨਾਂ ਲੱਭ ਰਿਹਾ ਹਾਂ ਕਿ ਕਿੱਥੇ ਲਿਖਿਆ ਹੈ। ਇਹ ਹਾਲ ਹੈ ਸੋਝੀ ਤੋਂ ਬਿਨਾਂ।

ਇਕ ਜ਼ਿਕਰ ਪ੍ਰਿੰਸੀਪਲ ਸਤਬੀਰ ਸਿੰਘ ਜੀ ਵੀ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਗੁਰੂ ਰਾਮਦਾਸ ਜੀ ਦੇ ਘਰ ਵਿਚ ਕਾਲੇ ਕਾਂ ਆਉਂਦੇ ਹਨ ਤੇ ਚਿੱਟੇ ਹੰਸ ਹੋ ਕੇ ਜਾਂਦੇ ਹਨ ਪਰ ਗੁਰੂ ਰਾਮਦਾਸ ਜੀ! ਕਈ ਸਰੀਰਾਂ ਨੇ ਤੇਰੇ ਦਰ 'ਤੇ ਆਪਣੇ ਨਾਂ ਲਿਖਾ-ਲਿਖਾ ਕੇ ਤੇਰੇ ਚਿੱਟੇ ਘਰ ਨੂੰ ਕਾਲਾ ਕਰ ਦਿੱਤਾ ਹੈ। ਮਹਾਂ ਪੁਰਸ਼ ਸੁਮੱਤ ਦੇਂਦੇ ਸੀ ਕਿ ਕਦੀ ਵੀ ਦਾਨ ਦੇ ਕੇ ਇਹ ਨਾ ਆਖੀਂ ਕਿ ਆਪਣਾ ਨਾਮ ਸੰਗਮਰਮਰ 'ਤੇ ਲਿਖਾਵਾਂ, ਇਹ ਨਾ ਆਖੀਂ ਕਿ ੪ ਬੰਦਿਆਂ ਨੂੰ ਪਤਾ ਲੱਗੇ ਕਿ ਮੈਂ ਦਾਨ ਦਿੱਤਾ ਹੈ।

ਦਾਸ ਨਾਲ ਤੇ ਐਸੀਆਂ ਘਟਨਾਵਾਂ ਬਹੁਤ ਬੀਤਦੀਆਂ ਹਨ। ਇਕ ਵਾਰੀ ਕਿਸੇ ਦੇ ਘਰ ਕੀਰਤਨ ਕਰ ਰਹੇ ਸੀ। ਪਿੰਡ ਦੀ ਜਗ੍ਹਾ ਸੀ। ਇਕ ਸਿੱਖ ਆਇਆ। ਉਸ ਨੇ ਵਾਜੇ 'ਤੇ ੨ ਰੁਪਏ ਰੱਖੇ ਤੇ ਮੇਰੇ ਕੰਨ ਵਿਚ ਕੁਝ ਕਹੀ ਜਾਵੇ। ਮੈਨੂੰ ਪਤਾ ਨਾ ਲੱਗੇ ਕਿ ਕੀ ਕਹਿ ਰਿਹਾ ਹੈ, ਅਸੀਂ ਸਮਝਿਆ ਕਿ ਸ਼ਾਇਦ ਕਹਿ ਰਿਹਾ ਹੈ ਕਿ ਕੀਰਤਨ ਦੀ ਸਮਾਪਤੀ ਕਰ ਦਿਓ। ਅਸੀਂ ਸ਼ਬਦ ਰੋਕ ਕੇ ਪੁੱਛਿਆ, ਕੀ ਕਹਿੰਦੇ ਹੋ? ਉਸ ਨੇ ਕਿਹਾ, ਮੇਰਾ ਨਾਮ ਜਗਤਾਰ ਸਿੰਘ ਹੈ। ਅਨਾਊਂਸ ਕਰੋ ਕਿ ਇਸ ਨੇ ਦੋ ਰੁਪਏ ਦਿੱਤੇ ਹਨ। ਵੇਖੋ! ਇਹੋ ਜਿਹੀ ਬਿਰਤੀ ਵਾਲੇ ਲੋਕ ਵੀ ਧਰਤੀ 'ਤੇ ਹੈ ਨੇ ਕਿ ਮੇਰਾ ਨਾਂ ਅਨਾਊਂਸ ਹੋਵੇ। ਮਹਾਂ ਪੁਰਸ਼ ਬਚਨ ਕਰਦੇ ਸੀ ਕਿ ਜਿਹੜਾ ਬੀਜ ਜ਼ਮੀਨ ਵਿਚ ਪਾਈਏ, ਜੇ

ਨੰਗਾ ਰਹਿ ਜਾਵੇ ਤਾਂ ਪੂਰਾ ਪੌਦਾ ਨਹੀਂ ਬਣਦਾ ਤੇ ਫਲ ਵੀ ਘੱਟ ਦੇਂਦਾ ਹੈ। ਪਰ ਜਿਹੜਾ ਬੀਜ਼ ਮਿੱਟੀ ਵਿਚ ਦੱਬਿਆ ਹੋਵੇ, ਉਹ ਪੌਦਾ ਵੀ ਪੂਰਾ ਬਣਦਾ ਹੈ ਤੇ ਫਲ ਵੀ ਪੂਰਾ ਲੱਗਦਾ ਹੈ ਤੇ ਅਨੰਤ ਦਾਣੇ ਦਿੰਦਾ ਹੈ। ਇਸੇ ਤਰ੍ਹਾਂ ਜੇ ਦਾਨ ਛੁਪਾ ਕੇ ਦਿਓਗੇ ਤਾਂ ਛਿਪੇ ਹੋਏ ਬੀਜ਼ ਵਾਂਗ ਕਈ ਗੁਣਾ ਵੱਧ ਫਲ ਲੱਗ ਕੇ ਤੁਹਾਡੀ ਝੋਲੀ 'ਚ ਪਵੇਗਾ।

ਇਕ ਵਾਰੀ ਅਸੀਂ ਪਟਿਆਲੇ ਕੀਰਤਨ ਕਰ ਕੇ ਬਾਹਰ ਨਿਕਲੇ ਕਿ ਇਕ ਬੀਬੀ ਆਈ ਸਾਡੇ ਕੋਲ ਤੇ ਕਹਿੰਦੀ, ਮੇਰੇ ਭਾਈ ਸਾਹਿਬ ਜਰਮਨ ਤੋਂ ਆਏ ਹਨ, ਉਨ੍ਹਾਂ ਨੇ ਸੇਵਾ ਦੇਣੀ ਹੈ। ਅਸੀਂ ਰੁਕ ਗਏ। ਉਸ ਆਦਮੀ ਨੇ ਨੋਟ ਕੱਢੇ ਤੇ ਇੰਝ ਗਿਣਨ ਲੱਗਾ ਜਿਵੇਂ ਦੁਕਾਨਦਾਰ ਗਿਣਦੇ ਹਨ। ਮੈਂ ਮਨ 'ਚ ਕਿਹਾ, ਦੇਂਦਾ ਤੇ ਸੇਵਾ ਪਿਆ ਹੈ ਪਰ ਅਜੇ ਕੱਚੀ 'ਚ ਵੀ ਨਹੀਂ ਚੜ੍ਹਿਆ। ਤੂੰ ਸੇਵਾ ਦੇਣੀ ਹੈ ਤੇ ਕਿਸੇ ਲਿਫਾਫੇ 'ਚ ਪਾ ਕੇ ਦੇ। ਕਿਉਂ ਗਿਣ ਰਿਹਾ ਸੀ? ਤਾਂ ਕਿ ਜਿਹੜੇ ਕੋਲ ੮੦-੯੦ ਸਰੀਰ ਖੜ੍ਹੇ ਹਨ ਉਨ੍ਹਾਂ ਨੂੰ ਪਤਾ ਲੱਗੇ! ਇਕ ਵਾਰੀ ਗਿਣ ਕੇ ਦੁਬਾਰਾ ਫਿਰ ਗਿਣਨ ਲੱਗ ਪਿਆ ਕਿ ਜਿਹੜੇ ਰਹਿ ਗਏ ਨੇ, ਉਹ ਵੀ ਵੇਖ ਲੈਣ! ਜਦੋਂ ਉਸ ਨੇ ਫਿਰ ਤੀਜੀ ਵਾਰੀ ਗਿਣਨੀ ਸ਼ੁਰੂ ਕਰ ਦਿੱਤੀ ਤੇ ਦਾਸ ਕੋਲੋਂ ਰਿਹਾ ਨਾ ਗਿਆ। ਦਾਸ ਨੇ ਉਸ ਦਾ ਹੱਥ ਫੜ ਲਿਆ ਤੇ ਕਿਹਾ, ਤੁਸੀਂ ਸੇਵਾ ਦੇਣੀ ਹੈ। ਇਹ ਸੇਵਾ ਜੇਬ 'ਚ ਰੱਖੋ, ਜਰਮਨ ਆ ਕੇ ਹੀ ਲਵਾਂਗੇ! ਹੁਣ ਕਿਨ੍ਹੇ ਜਰਮਨ ਜਾਣਾ ਤੇ ਕਿਨ੍ਹੇ ਸੇਵਾ ਲੈਣੀ? ਕਾਰਨ ਤੇ ਇਹ ਸੀ ਕਿ ਸੇਵਾ ਦੇਣ ਦੀ ਵੀ ਜਾਚ ਨਹੀਂ। ਜੇ ਚਾਹੁੰਦੇ ਹੋ ਜਪਿਆ ਨਾਮ, ਕੀਤੀ ਸੇਵਾ, ਕੀਤਾ ਦਾਨ-ਪੁੰਨ ਥਾਂਇ ਪਵੇ ਤੇ ਕਦੇ ਵੀ ਉਸ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਨਾ ਕਰਿਓ! ਆਪੇ ਹੋ ਜਾਵੇ ਤਦ ਕੋਈ ਗੱਲ ਨਹੀਂ।

ਗੁਰੂ ਸਾਹਿਬ ਕਹਿੰਦੇ ਹਨ, ਗੁਣਾਂ ਦੇ ਹੁੰਦਿਆਂ ਵੀ ਔਗੁਣਿਆਰੇ ਬਣ ਕੇ ਰਹੀਏ। ਪਰ ਅੱਜ ਦਾ ਮਨੁੱਖ ਔਗੁਣਾਂ ਦੇ ਹੁੰਦਿਆਂ ਵੀ ਗੁਣ ਪੇਸ਼ ਕਰਨਾ ਚਾਹੁੰਦਾ ਹੈ। ਬਿਲਕੁਲ ਉਲਟ ਲੇਖਾ ਹੈ। ਅਸੀਂ ਥੋੜ੍ਹਾ ਜਿਹਾ ਭਲਾ ਕਰ ਕੇ, ਉਸ ਨੂੰ ਦੁਨੀਆਂ ਨੂੰ ਦੁੱਗਣਾ, ਚੌਗੁਣਾ ਕਰ ਕੇ ਦਿਖਾਉਣਾ ਚਾਹੁੰਦੇ ਹਾਂ। ਥੋੜ੍ਹਾ ਜਿਹਾ ਭਲਾ ਕੰਮ ਕਰ ਕੇ ਉਸ ਉੱਤੇ ਆਪਣੇ ਨਾਮ ਦੀ ਪੱਟੀ ਲਿਖਵਾਣੀ ਚਾਹੁੰਦੇ ਹਾਂ ਤਾਂ ਕਿ ਥੋੜ੍ਹਾ-ਬਹੁਤ ਨਜ਼ਰ ਆਵੇ ਜਦ ਕਿ ਗੁਰੂ ਸਾਹਿਬ ਕਹਿੰਦੇ

ਹਨ, ਜੋ ਹੈ ਉਹ ਵੀ ਨਜ਼ਰ ਨਾ ਆਵੇ। ਗੁਰੂ ਸਾਹਿਬਾਂ ਦੇ, ਗੁਰੂ ਦੇ ਲਾਡਲੇ ਸਿੱਖਾਂ ਦੇ, ਮਹਾਂ ਪੁਰਸ਼ਾਂ ਦੇ ਜੀਵਨ ਤੋਂ ਸੇਧ ਲੈਣੀ ਹੈ।

ਗੁਰੂ ਅੰਗਦ ਦੇਵ ਜੀ ਨੂੰ ਜਦੋਂ ਗੱਦੀ ਮਿਲੀ ਤਾਂ ਸਿਧ ਆ ਗਏ। ਕਹਿੰਦੇ, ਅਸੀਂ ਸੁਣਿਆ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਤੁਹਾਨੂੰ ਮੱਥਾ ਟੇਕਿਆ ਹੈ (ਗੱਦੀ ਦੇਣ ਵੇਲੇ ੩ ਪੈਸੇ ਤੇ ਨਾਰੀਆਲ ਰੱਖ ਕੇ ਮੱਥਾ ਟੇਕਿਆ)। ਪਰ ਦੇਖੋ! ਧੰਨ ਗੁਰੂ ਅੰਗਦ ਸਾਹਿਬ ਜੀ ਨੇ ਕੀ ਜਵਾਬ ਦਿੱਤਾ? ਕਹਿੰਦੇ, ਜੇ ਬੱਚਾ ਮਾਂ ਦੀ ਗੋਦ ਵਿਚ ਪਿਆ ਹੋਵੇ ਤਾਂ ਮਾਂ ਦਾ ਦਿਲ ਕਰੇ ਬੱਚੇ ਦਾ ਮੂੰਹ ਚੁੰਮਣਾ ਹੈ ਤਾਂ ਮਾਂ ਨੂੰ ਬੱਚੇ ਦੇ ਮੂੰਹ ਨੂੰ ਚੁੰਮਣ ਲਈ ਝੁਕਣਾ ਪੈਂਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਤਾਂ ਸਾਨੂੰ ਚੁੰਮਿਆ ਹੈ, ਪਿਆਰ ਕੀਤਾ ਹੈ, ਸਾਨੂੰ ਇਹ ਨਹੀਂ ਪਤਾ ਕਿ ਮੱਥਾ ਟੇਕਿਆ ਹੈ ਕਿ ਕੀ ਕੀਤਾ ਹੈ। ਵੇਖੋ! ਆਪਣੀ ਵਡਿਆਈ ਨਹੀਂ ਪ੍ਰਗਟ ਕੀਤੀ।

ਜਦੋਂ ਗੁਰੂ ਅਮਰਦਾਸ ਜੀ, ਦਾਤੂ ਦੀ ਈਰਖਾ ਕਾਰਨ ਅਲੋਪ ਹੋ ਗਏ ਤਾਂ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਬਹੁਤ ਬਿਹਬਲ ਹੋ ਗਈਆਂ ਤਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਪਾਸ ਜਾ ਕੇ ਬੇਨਤੀ ਕੀਤੀ ਕਿਉਂਕਿ ਬਾਬਾ ਬੁੱਢਾ ਜੀ ਨੂੰ ਵਰ ਪ੍ਰਾਪਤ ਸੀ ਕਿ 'ਤੈਥੋਂ ਓਹਲੇ ਨਾ ਹੋਸਾਂ' ਪਰ ਬਾਬਾ ਬੁੱਢਾ ਜੀ ਆਪਣੀ ਵਡਿਆਈ ਨਹੀਂ ਸਨ ਦੱਸਣਾ ਚਾਹੁੰਦੇ। ਉਨ੍ਹਾਂ ਨੇ ਕਿਹਾ, ਅਸੀਂ ਗੁਰੂ ਸਾਹਿਬ ਜੀ ਦੀ ਘੋੜੀ ਅਰਦਾਸ ਕਰਕੇ ਅੱਗੇ-ਅੱਗੇ ਤੋਰਦੇ ਹਾਂ, ਪਤਾ ਸੀ ਆਪ ਨੂੰ ਸਭ ਕੁਝ, ਪਰ ਪ੍ਰਗਟ ਨਹੀਂ ਕੀਤਾ, ਵਡਿਆਈ ਘੋੜੀ ਨੂੰ ਦੇ ਦਿੱਤੀ। ਇਹ ਹੈ ਸਿੱਖੀ ਤੇ ਗੁਰੂ ਸਾਹਿਬ ਦੀ ਘੋੜੀ ਨੂੰ ਹੀ ਅੱਗੇ ਤੋਰ ਕੇ ਗੁਰੂ ਸਾਹਿਬ ਨੂੰ ਲੱਭਿਆ।

ਬਾਬਾ ਨੰਦ ਸਿੰਘ ਜੀ ਦੀ ਕਿੰਨੀ ਕਮਾਈ, ਕਿੱਡੀ ਵੱਡੀ ਅਵਸਥਾ! ਪਰ ਆਪਣੇ ਆਪ ਨੂੰ ਪ੍ਰਗਟ ਨਹੀਂ ਸਨ ਕਰਦੇ। ਟੋਇਆ ਪੁੱਟ ਕੇ ਬੈਠਣਾ ਕਿ ਜਿਹੜੀ ਸੰਗਤ ਲੰਘਦੀ ਹੈ ਉਸ ਦੀ ਧੂੜੀ ਮੇਰੇ 'ਤੇ ਪੈ ਜਾਵੇ। ਕਿਸੇ ਨੇ ਇਕ ਵਾਰੀ ਮਿਹਣਾ ਮਾਰ ਦਿੱਤਾ ਕਿ ਤੁਸੀਂ ਲੁੱਕ ਕੇ ਕਿਉਂ ਬੈਠਦੇ ਹੋ ਤੇ ਕਹਿੰਦੇ, ਜਿਸ ਕੁੱਤੇ ਨੂੰ ਕੀੜੇ ਪਏ ਹੋਣ ਉਹ ਲੁੱਕ ਕੇ ਰਹਿੰਦਾ ਹੈ।

ਜੇ ਬਾਬਾ ਦੀਪ ਸਿੰਘ ਜੀ ਦੇ ਜੀਵਨ ਵੱਲ ਝਾਤੀ ਪਾਈਏ ਤੇ ਉਨ੍ਹਾਂ ਨੇ

ਵੀ ਆਪਣੇ ਆਪ ਨੂੰ ਜਣਾਇਆ ਨਹੀਂ। ਅੰਮ੍ਰਿਤਸਰ ਵਿਚ ਕਈਆਂ ਦੇ ਨਾਂ ਦੇ ਕਟੜੇ ਬਣੇ ਹਨ, ਕਟੜਾ ਜੈਮਲ ਸਿੰਘ, ਕਟੜਾ ਆਹਲੂਵਾਲੀਆਂ ਤੇ ਹੋਰ ਕਈ। ਇਕ ਵਾਰੀ ਪੰਥ ਨੇ ਬਾਬਾ ਦੀਪ ਸਿੰਘ ਜੀ ਨੂੰ ਕਿਹਾ ਕਿ ਤੁਹਾਡੀ ਪੰਥ ਵਿਚ ਬਹੁਤ ਸੇਵਾ ਹੈ, ਇਕ ਤੁਹਾਡੇ ਨਾਂ ਦਾ ਵੀ ਕਟੜਾ ਬਣਾਉਣਾ ਹੈ ਤਾਂ ਬਾਬਾ ਦੀਪ ਸਿੰਘ ਜੀ ਨੇ ਕਿਹਾ, ਅਸੀਂ ਆਪਣੇ ਨਾਂ ਦਾ ਕਟੜਾ ਨਹੀਂ ਬਣਵਾਉਣਾ ਕਿਉਂਕਿ ਉਹ ਆਪਣੇ ਆਪ ਨੂੰ ਜਤਾਉਣਾ ਨਹੀਂ ਸਨ ਚਾਹੁੰਦੇ, ਪ੍ਰਗਟ ਨਹੀਂ ਸਨ ਕਰਨਾ ਚਾਹੁੰਦੇ।

ਅੱਜ ਆਮ ਬੰਦੇ ਦੀ ਇਹ ਹਾਲਤ ਹੈ ਜਿਸ ਨੂੰ ਨਹੀਂ ਸੋਝੀ, ਉਹ ਚਾਹੁੰਦਾ ਹੈ, ਥੋੜ੍ਹਾ ਜਿਹਾ ਕੁਝ ਕਰ ਕੇ ਉਸ ਦੀ ਟੌਹਰ ਹੋਵੇ, ਲੋਕਾਂ ਵਿਚ ਇੱਜ਼ਤ ਹੋਵੇ। ਇਕ ਸ਼ਹਿਰ ਵਿਚ ਸਾਡਾ ਹੀ ਇਕ ਬੰਦਾ ਪ੍ਰੋਗਰਾਮ ਦੀ ਬੁਕਿੰਗ ਕਰਦਾ ਹੈ। ਇਕ ਸੁਸਾਇਟੀ ਨੂੰ ਉਸ ਨੇ ਪਿਛਲੇ ਸਾਲ ੨ ਪ੍ਰੋਗਰਾਮ ਦਿੱਤੇ। ਅਗਲੇ ਸਾਲ ਉਹ ਫੇਰ ਦੋ ਪ੍ਰੋਗਰਾਮ ਮੰਗਣ ਆਏ ਤਾਂ ਉਸ ਨੇ ਅੱਗੋਂ ਕਿਹਾ, ਪਿਛਲੇ ਸਾਲ ਤੁਹਾਨੂੰ ਦੋ ਪ੍ਰੋਗਰਾਮ ਦਿੱਤੇ ਸੀ, ਤੁਸੀਂ ਕਿਹੜਾ ਮੈਨੂੰ ਸਟੇਜ 'ਤੇ ਸਿਰੋਪਾ ਦਿਵਾਇਆ ਸੀ? ਵੇਖੋ! ਇਲਾਕੇ ਦਾ ਮੁਖੀ ਹੈ ਤੇ ਅੰਦਰ ਕੀ ਹੈ ਕਿ ਮੇਰੀ ਟੌਹਰ ਹੋਣੀ ਚਾਹੀਦੀ ਹੈ, ਲੋਕੀਂ ਮੈਨੂੰ ਜਾਣਨ!

ਆਮ ਬੰਦਾ, ਥੋੜ੍ਹੀ ਜਿਹੀ ਪ੍ਰਾਪਤੀ ਹੋ ਜਾਵੇ ਤਾਂ ਦੱਸਦਾ ਹੈ ਕਿ ਅਗਲਾ ਕਹੇ, ਤੂੰ ਇਥੇ ਪਹੁੰਚ ਗਿਆ ਹੈਂ? ਆਪਣੀ ਚੀਜ਼ ਨੂੰ ਪ੍ਰਗਟ ਕਰਨ ਲਈ ਕਹੇਗਾ, ਮੈਂ ਅੱਜ ਬੈਠਾ ਸੀ, ਮੈਨੂੰ ਲਾਈਟ ਨਜ਼ਰ ਆਈ। ਇਹ ਕਿਸ ਲਈ? ਤਾਂ ਕਿ ਦੂਜਾ ਕਹੇ, ਮੈਨੂੰ ਤੇ ਕਦੀ ਨਜ਼ਰ ਨਹੀਂ ਆਈ, ਤੂੰ ਏਥੇ ਪਹੁੰਚ ਗਿਆ ਹੈਂ, ਤੇਰੀ ਇੰਨੀ ਕਮਾਈ ਹੈ, ਤੇਰੀ ਇੰਨੀ ਉੱਚੀ ਅਵਸਥਾ ਹੈ! ਤੁਸੀਂ ਅੰਮ੍ਰਿਤ ਵੇਲੇ ਜਾਗ ਕੇ ਸ਼ਬਦ ਦੀ ਕਮਾਈ ਕਰੋ, ਏਸ ਰਾਹ 'ਤੇ ਤੁਰੋ, ਕਈ ਕੁਝ ਨਜ਼ਰ ਆਉਂਦਾ ਹੈ, ਅਵਸਥਾ ਵੀ ਮਿਲਦੀ ਹੈ, ਬਚਨ ਵੀ ਸਤ ਹੋਣਾ ਸ਼ੁਰੂ ਹੋ ਜਾਂਦਾ ਹੈ।

ਫਰੀਦ ਜੀ ਨੂੰ ਅਵਸਥਾ ਮਿਲ ਗਈ, ਚਿੜੀਓ! ਮਰ ਜਾਵੋ! ਮਰ ਗਈਆਂ। ਚਿੜੀਓ! ਜੀਅ ਪਵੋ! ਜੀਅ ਪਈਆਂ। ਕਈ ਵਾਰੀ ਤੁਹਾਨੂੰ ਵੀ ਅਵਸਥਾ ਮਿਲ ਜਾਵੇ, ਕਿਸੇ ਦੀ ਅਰਦਾਸ ਕਰ ਦਿੱਤੀ, ਪੂਰੀ ਹੋ ਗਈ, ਹੁਣ

ਥਾਂ-ਥਾਂ ਦੱਸ ਦਿੱਤਾ, ਅਵਸਥਾ ਖਤਮ। ਬਾਬਾ ਨੰਦ ਸਿੰਘ ਜੀ ਦੇ ਸਮੇਂ ਦੀ ਗੱਲ ਹੈ ਕਿ ਸੰਗਤ ਭੁਗਤ ਰਹੀ ਸੀ। ਇਕ ਪਿੰਡ ਦੀ ਬੀਬੀ। ਨਾਲ ਘਰ ਵਾਲਾ। ਉਨ੍ਹਾਂ ਵੀ ਬਾਬਾ ਜੀ ਨੂੰ ਨਮਸਕਾਰ ਕੀਤੀ। ਉਥੇ ਹੀ ਕੋਲ ਇਕ ਸਿਧ ਵੀ ਬੈਠਾ ਸੀ। ਓਸ ਬੀਬੀ ਨੂੰ ਵੇਖ ਕੇ ਦੂਜੇ ਨੂੰ ਕਹਿੰਦਾ, ਏਸ ਬੀਬੀ ਨੂੰ ਮੁੰਡਾ ਮੈਂ ਲੈ ਕੇ ਦਿੱਤਾ ਹੈ। (ਇਹ ਅਵਸਥਾ ਪ੍ਰਾਪਤ ਸੀ ਓਸ ਸਿਧ ਨੂੰ ਕਿ ਕਿਸੇ ਦੀ ਬੇਨਤੀ ਕਰਨੀ ਤੇ ਪੂਰੀ ਹੋ ਜਾਣੀ)। ਜਦੋਂ ਉਸ ਦੀ ਇਹ ਗੱਲ ਬਾਬਾ ਨੰਦ ਸਿੰਘ ਜੀ ਨੇ ਸੁਣੀ ਤਾਂ ਬਾਬਾ ਜੀ ਹੱਸ ਪਏ। ਕਹਿੰਦੇ, ਸਿਧ ਜੀ, ਓਸ ਬੀਬੀ ਦਾ ਕੁਝ ਗਿਆ ਨਹੀਂ ਤੇ ਤੁਹਾਡਾ ਕੁਝ ਰਿਹਾ ਨਹੀਂ ਕਿਉਂਕਿ ਤੁਸੀਂ ਹਉਮੈ ਵੱਸ ਹੋ ਕੇ, ਆਪਣੀ ਵਡਿਆਈ ਨੂੰ, ਆਪਣੀ ਅਵਸਥਾ ਨੂੰ ਪ੍ਰਗਟ ਕਰਨ ਲਈ ਦੱਸਿਆ ਹੈ।

ਇਕ ਨੌਜਵਾਨ ਆਇਆ ਸੀ ਦਾਸ ਕੋਲ। ਬੜੀ ਕਿਰਪਾ ਉਸ ਉੱਤੇ। ਕਹਿੰਦਾ, ਜੀ, ਗੱਲ ਕਰਨੀ ਹੈ। ਦਾਸ ਨੇ ਕਿਹਾ, ਦੱਸੋ! ਉਸ ਦੀ ਗੱਲ ਕੋਈ ਦੁਨਿਆਵੀ ਨਹੀਂ ਸੀ, ਸੱਚੇ ਧਨ ਦੀ ਗੱਲ ਸੀ। ਉਸ ਨੇ ਆਖਿਆ, ਅੱਜ ਤੋਂ ੩ ਸਾਲ ਪਹਿਲੇ ਮੇਰੀ ਇਹ ਅਵਸਥਾ ਬਣ ਗਈ ਸੀ ਕਿ ਮੈਂ ਜਦੋਂ ਸਾਧਨਾ 'ਚ ਬੈਠਦਾ ਸੀ, ਮੇਰੇ ਅਸਥੂਲ ਸਰੀਰ 'ਚੋਂ ਸੂਖਮ ਸਰੀਰ ਨਿਕਲ ਜਾਂਦਾ ਸੀ। ਜੇ ਮੈਨੂੰ ਕੋਈ ਹਿਲਾਵੇ ਨਾ ਤਾਂ ਪਤਾ ਨਹੀਂ ਸੀ ਲੱਗਦਾ, ਜਦੋਂ ਕੋਈ ਹਿਲਾਵੇ ਫਿਰ ਵਾਪਸੀ। ਇਹ ਵੀ ਇਕ ਅਵਸਥਾ ਹੈ। ਕਿਸੇ ਦੇ ਦਿਮਾਗ ਵਿਚ 'ਕਿੰਤੂ' ਨਾ ਆ ਜਾਵੇ, ਵਹਿਮ ਨਾ ਆ ਜਾਵੇ!

ਤੁਹਾਨੂੰ ਪਤਾ ਹੋਵੇਗਾ ਕਿ ਗੁਰੂ ਅਰਜਨ ਦੇਵ ਜੀ ਵੇਲੇ ਵੀ ਇਕ ਕਾਬਲ ਤੋਂ ਮਾਈ ਰੋਜ਼ ਆਉਂਦੀ ਸੀ ਹਰਿਮੰਦਰ ਸਾਹਿਬ ਸੇਵਾ ਲਈ। ਇਹ ਕੀ ਸੀ? ਸੂਖਮ ਸਰੀਰ 'ਚ ਸੇਵਾ ਕਰਨ ਆਉਂਦੀ ਸੀ।

ਸਿੰਧੀ ਧਰਮ ਵਿਚ ਇਕ ਮਾਤਾ ਜੀ ਮਾਤਾ ਰਾਧਿਕਾ ਬਾਈ ਜੀ ਹੋਏ ਹਨ ਜੋ ਬਾਅਦ ਵਿਚ ਅੰਮ੍ਰਿਤ ਛਕ ਕੇ ਮਾਤਾ ਜੈ ਕੌਰ ਸੱਜੇ। ਉਹ ਵੀ ਏਸ ਅਵਸਥਾ ਦੇ ਮਾਲਕ ਸਨ। ਬੰਬਈ ਬੈਠੇ ਹੁੰਦੇ ਸੀ ਤੇ ਸ਼ਬਦ ਲਗਵਾਉਂਦੇ ਸੀ ਵਾਜੇ 'ਤੇ ਗੁਰੂ ਰਾਮਦਾਸ ਜੀ ਦੀਆਂ ਸਿਫਤਾਂ ਦਾ। ਸ਼ਬਦ ਲਗਾਉਣ ਵਾਲੇ ਨੂੰ ਕਹਿਣਾ, ਜਦ ਤਕ ਮੈਂ ਰੋਕਾਂ ਨਾ, ਬੋਲੀ ਜਾਣਾ ਹੈ। ਦੋ-ਦੋ ਘੰਟੇ ਸਮਾਧੀ

ਲੱਗਣੀ। ਜਦੋਂ ਅੱਖਾਂ ਖੋਲ੍ਹਣੀਆਂ ਤੇ ਕਹਿਣਾ, ਅੱਜ ਤੂੰ ਸਾਨੂੰ ਗੁਰੂ ਰਾਮਦਾਸ ਜੀ ਦੇ ਘਰ ਦੀ ਯਾਤਰਾ ਕਰਾਈ ਹੈ। ਇਹ ਵੀ ਇਕ ਅਵਸਥਾ ਹੈ ਕੀਰਤਨ ਦੇ ਸਿਮਰਨ ਦੇ ਮੰਡਪ 'ਚ ਬੈਠਿਆਂ ਅਸਥੂਲ ਸਰੀਰ 'ਚ ਸੂਖਮ ਸਰੀਰ ਨਾਲ ਦੂਜੀ ਜਗ੍ਹਾ 'ਤੇ।

ਇਕ 'ਗਿਆਨੀ ਸਰੂਪ ਸਿੰਘ ਜੀ' ਦੀ ਵੀ ਕਿਤਾਬ ਹੈ ਹਰਿਮੰਦਰ ਸਾਹਿਬ ਦੀ ਵਡਿਆਈ ਉੱਤੇ। ਕਿਤਾਬ ਦਾ ਨਾਂ ਹੈ, 'ਹਰਿਮੰਦਰ ਦਰਸ਼ਨ'। ਗੁਰੂ ਰਾਮਦਾਸ ਜੀ ਦੇ ਅਸਥਾਨ ਦੀਆਂ ਵਡਿਆਈਆਂ ਨੇ ਉਸ ਵਿਚ। ਉਸ ਵਿਚ ਇਕ ਜ਼ਿਕਰ ਲਿਖਿਆ ਹੈ ਕਿ ਅਮਰੀਕਾ ਦਾ ਇਕ ਸਰੀਰ ਜਿਸ ਨੂੰ ਗੁਰੂ ਰਾਮਦਾਸ ਦੇ ਘਰ ਨਾਲ ਬਹੁਤ ਪਿਆਰ ਸੀ, ਉਸ ਨੇ ਗਿਆਨੀ ਸਰੂਪ ਸਿੰਘ ਜੀ ਨੂੰ ਦੱਸਿਆ ਕਿ ਮੇਰੇ 'ਤੇ ਗੁਰੂ ਰਾਮਦਾਸ ਜੀ ਦੀ ਬਖਸ਼ਿਸ਼ ਹੈ ਕਿ ਮੈਂ ੭ ਮਿੰਟ ਤਕ ਆਪਣੇ ਘਰ ਹਰਿਮੰਦਰ ਸਾਹਿਬ ਦੇ ਸਰੂਪ ਸਾਮ੍ਹਣੇ ਚੌਕੜੀ ਮਾਰ ਕੇ ਬੈਠ ਜਾਵਾਂ, ਤੇ ਮੈਂ ਇਥੇ ਅਮਰੀਕਾ 'ਚ ਬੈਠਾ ਦੱਸ ਸਕਦਾ ਹਾਂ ਕਿ ਹਰਿਮੰਦਰ ਸਾਹਿਬ ਅੰਦਰ ਰਾਗੀ ਸਿੰਘ ਕਿਹੜਾ ਸ਼ਬਦ ਪੜ੍ਹ ਰਹੇ ਹਨ। ਇਹ ਇਕ ਗੱਲ ਦੱਸ ਰਿਹਾ ਹਾਂ ਕਿ ਰੱਬ ਦੀ ਦੁਨੀਆਂ ਪਰ੍ਹੇ ਤੋਂ ਪਰ੍ਹੇ ਹੈ। ਜਿਉਂ-ਜਿਉਂ ਸ਼ੀਸ਼ਾ ਸਾਫ ਹੁੰਦਾ ਜਾਂਦਾ ਹੈ ਅਗਲੀਆਂ ਮੰਜ਼ਿਲਾਂ ਮਿਲਦੀਆਂ ਜਾਂਦੀਆਂ ਹਨ। ਓਸ ਨੌਜਵਾਨ ਨੇ ਗੱਲ ਸੁਣਾਈ ਕਿ ਮੈਂ ਜਦੋਂ ਸਿਮਰਨ 'ਚ ਬੈਠਣਾ, ਨਾ ਪੈਰ ਹਿੱਲਣਾ, ਨਾ ਗੋਡਾ, ਲੰਮੇ ਪਿਆਂ ਵੀ ਇਹ ਅਵਸਥਾ ਮਿਲ ਗਈ। ਉਸ ਨੇ ਦੱਸਿਆ ਕਿ ਕੁਝ ਸਾਲ ਪਹਿਲੇ ਮੈਨੂੰ ਇਹ ਅਵਸਥਾ ਮਿਲੀ ਸੀ। ਬੜਾ ਰਸ ਭਰਿਆ ਜੀਵਨ ਸੀ। ਪਰ ਅੱਜ ਉਹ ਨਹੀਂ ਰਿਹਾ। ਉਹ ਅਵਸਥਾ ਨਹੀਂ ਰਹੀ। ਉਹ ਅਵਸਥਾ ਟੁੱਟ ਗਈ ਹੈ, ਖਤਮ ਹੋ ਗਈ ਹੈ।

ਉਸ ਨੇ ਜਦੋਂ ਬਚਨ ਸੁਣਾਇਆ ਤਾਂ ਦਾਸ ਨੇ ਉਸ ਨੂੰ ਪੁੱਛਿਆ ਕਿ ਇਹ ਅਵਸਥਾ ਜਦੋਂ ਤੈਨੂੰ ਮਿਲੀ ਉਹ ਕਿੰਨੀ ਕੁ ਦੇਰ ਰਹੀ। ਉਸ ਨੇ ਦੱਸਿਆ, ੬ ਕੁ ਮਹੀਨੇ। ਮੈਂ ਪੁੱਛਿਆ, ਤੁਸੀਂ ਜ਼ਰੂਰ ਏਸ ਚੀਜ਼ ਦਾ ਜ਼ਿਕਰ ਥਾਂ-ਥਾਂ ਕੀਤਾ ਹੋਵੇਗਾ ਤਾਂ ਹੀ ਚਲੀ ਗਈ। ਉਹ ਕਹਿਣ ਲੱਗਾ ਕਿ ੧੦-੧੨ ਬੰਦਿਆਂ ਅੱਗੇ ਮੈਂ ਜ਼ਿਕਰ ਕਰ ਬੈਠਾ ਕਿ ਮੈਨੂੰ ਇਹ ਅਵਸਥਾ ਮਿਲੀ ਹੈ। ਹੁਣ ਧਿਆਨ ਦੇਣਾ ਕਿ ਇਧਰ ਜ਼ਿਕਰ ਹੋਇਆ ਤੇ ਉਧਰ ਬਰੇਕ ਲੱਗ ਗਈ। ਅੱਜ ਉਹ ਸਰੀਰ

੨੬ ਪਾਠ ਜਪੁਜੀ ਸਾਹਿਬ ਰੋਜ਼ ਕਰ ਰਿਹਾ ਹੈ ਕਿ ਸਤਿਗੁਰੂ! ਕਿਰਪਾ ਕਰੋ, ਬਰੇਕ ਖੋਲ੍ਹ ਦਿਓ! ਸੋ ਸਾਧਕ ਬੰਦੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਕਿਸੇ ਕਿਸਮ ਦੇ ਵੀ ਨੇਮ, ਪ੍ਰਾਪਤੀ ਜਾਂ ਅਵਸਥਾ ਨੂੰ ਥਾਂ-ਥਾਂ ਨਾ ਦੱਸੇ।

ਇਕ ਵਾਰੀ ਕੋਈ ਬਾਬਾ ਨੰਦ ਸਿੰਘ ਜੀ ਕੋਲ ਆਇਆ। ਕਹਿੰਦਾ, ਮੈਨੂੰ ਨਾਮ 'ਚ ਰਸ ਨਹੀਂ ਆਉਂਦਾ, ਮੈਨੂੰ ਕੋਈ ਮੰਤ੍ਰ ਦਿਓ। ਬਾਬਾ ਜੀ ਨੇ ਕਿਹਾ, ਤੂੰ ਮੁਸਲਮਾਨ ਹੈਂ, ਜਿਥੋਂ ਤੂੰ ਮੰਤ੍ਰ ਲਿਆ ਹੈ ਮੰਤ੍ਰ ਵਿਚ ਕੋਈ ਕਮੀ ਨਹੀਂ, ਤੂੰ ਸਹੀ ਢੰਗ ਨਾਲ ਜਪਿਆ ਨਹੀਂ। ਬਾਬਾ ਜੀ ਨੇ ਉਸ ਨੂੰ ਜੁਗਤੀ ਦੱਸੀ। ਜਦੋਂ ਉਸ ਨੇ ਜੁਗਤੀ ਮੁਤਾਬਕ ਜਪਿਆ ਤਾਂ ਕੁਝ ਸਮੇਂ ਬਾਅਦ ਹੀ ਰਸ ਆਉਣਾ ਸ਼ੁਰੂ ਹੋ ਗਿਆ। ਉਹ ਫੇਰ ਆਇਆ ਬਾਬਾ ਜੀ ਕੋਲ ਸ਼ੁਕਰਾਨਾ ਕਰਨ ਤਾਂ ਬਾਬਾ ਜੀ ਨੇ ਉਸ ਨੂੰ ਜੋ ਸੁਮੱਤ ਬਖਸ਼ੀ ਉਸ ਤੋਂ ਅਸੀਂ ਵੀ ਸੇਧ ਲੈ ਲਈਏ। ਬਾਬਾ ਜੀ ਕਹਿੰਦੇ, ਜਦੋਂ ਤੈਨੂੰ ਕੋਈ ਮਿਲਣ ਆਵੇ, ਤਾਂ ਇਹ ਨਾ ਸ਼ੋਅ ਕਰੀਂ ਕਿ ਮੈਂ ਕੁਝ ਬਣ ਗਿਆ ਹਾਂ, ਇੰਝ ਸਿੱਧੇ-ਸਾਦੇ ਢੰਗ ਨਾਲ ਗੱਲ ਕਰੀਂ ਕਿ ਜਿਵੇਂ ਤੇਰੇ ਕੋਲ ਹੈ ਹੀ ਕੁਝ ਨਹੀਂ, ਸਿੱਧਾ-ਸਾਦਾ ਹੀ ਬਣਿਆ ਰਹੀਂ!

ਹੁਣ ਇਥੇ ਇਕ ਬਾਰੀਕੀ ਵੀ ਹੈ। ਆਪਣੇ ਤੋਂ ਕਿਸੇ ਉੱਚੀ ਕਮਾਈ ਵਾਲੇ ਨਾਲ ਇਕੱਲਿਆਂ ਗੱਲ ਕਰਨੀ ਕਿ ਸਾਧਨਾ ਵਿਚ ਕੋਈ ਮੁਸ਼ਕਲ ਆ ਰਹੀ ਹੋਵੇ, ਜਾਂ ਸਲਾਹ ਲੈਣੀ ਕਿ ਮੈਂ ਇਥੇ ਪਹੁੰਚਿਆ ਹਾਂ, ਅਗਾਂਹ ਕੀ ਹੈ, ਇਹ ਅਲੱਗ ਗੱਲ ਹੈ। ਬਾਬਾ ਨੰਦ ਸਿੰਘ ਜੀ ਦੇ ਸਮੇਂ ਇਕ ਭਾਈ ਭਗਤ ਸਿੰਘ ਹੋਏ ਹਨ। ਉਨ੍ਹਾਂ ਨੇ ਬਾਬਾ ਜੀ ਕੋਲੋਂ ਸਮਾਂ ਲਿਆ ਕਿ ਮੈਂ ਇਕੱਲਿਆਂ ਇਕ-ਅੱਧਾ ਮਿੰਟ ਸਮਾਂ ਚਾਹੁੰਦਾ ਹਾਂ, ਮੈਨੂੰ ਇਕ ਮੁਸ਼ਕਲ ਆ ਗਈ ਹੈ ਸਾਧਨਾ ਵਿਚ। ਬਾਬਾ ਜੀ ਕਹਿੰਦੇ, ਦੱਸੋ! ਉਹ ਕਹਿੰਦੇ, ਮੇਰੀ ਅਵਸਥਾ ਇਥੇ ਪਹੁੰਚ ਗਈ ਹੈ ਕਿ ਸਰੀਰ ਸੁੰਨ ਹੋ ਜਾਂਦਾ ਹੈ, ਜ਼ੁਬਾਨ ਵੀ ਨਹੀਂ ਹਿੱਲਦੀ, ਬੁੱਲ੍ਹ ਵੀ ਨਹੀਂ ਹਿੱਲਦੇ। ਕੀ ਮੇਰੇ ਅੰਦਰ ਸਿਮਰਨ ਚਲ ਵੀ ਰਿਹਾ ਹੈ ਕਿ ਨਹੀਂ, ਇਹ ਮੇਰਾ ਬੈਠਣਾ ਪਰਵਾਨ ਵੀ ਹੈ ਕਿ ਨਹੀਂ, ਮੈਂ ਕਿਧਰੇ ਥੱਲੇ ਤੇ ਨਹੀਂ ਡਿੱਗ ਪਿਆ? ਜਦ ਉਸ ਨੇ ਇਹ ਪੁੱਛਿਆ, ਬਾਬਾ ਜੀ ਨੇ ਨੇਤ੍ਰ ਬੰਦ ਕੀਤੇ। ਜਦੋਂ ਅੱਖਾਂ ਖੁੱਲ੍ਹੀਆਂ ਤਾਂ ਮਹਾਂ ਪੁਰਸ਼ ਉਸ ਨੂੰ ਕਹਿਣ ਲੱਗੇ, ਸਿਮਰਨ ਟਾਂਕਾ ਹੈ

ਟਾਂਕਾ। ਜਿਵੇਂ ਲੋਹੇ ਨੂੰ ਲੋਹੇ ਨਾਲ ਜੋੜਨਾ ਹੋਵੇ ਤਾਂ ਟਾਂਕੇ ਦੀ ਲੋੜ ਹੈ। ਜਦੋਂ ਟਾਂਕਾ ਲੱਗ ਗਿਆ, ਲੋਹੇ ਨਾਲ ਲੋਹਾ ਜੁੜ ਗਿਆ, ਅਭੇਦਤਾ ਹੋ ਗਈ। ਤੁਸੀਂ ਏਸ ਅਵਸਥਾ ਵਿਚ ਪਹੁੰਚ ਗਏ ਹੋ ਕਿ ਜਿਸ ਦਾ ਧਿਆਨ ਕਰਦੇ ਹੋ 'ਧਿਆਨ-ਧਿਆਨੀ-ਧੇ' ਇਕ ਹੋ ਗਏ। ਤੁਹਾਡੇ ਸਿਮਰਨ ਨੇ, ਕਮਾਈ ਨੇ ਜੋੜ ਦਿੱਤਾ ਹੈ ਤੁਹਾਨੂੰ। ਹੁਣ ਸੁੰਨ ਅਵਸਥਾ ਦੱਸ ਕੇ ਪੁੱਛਣਾ ਕਿ ਮੇਰੀ ਅਵਸਥਾ ਠੀਕ ਜਾ ਰਹੀ ਹੈ ਕਿ ਨਹੀਂ, ਕੋਈ ਬਰੇਕ ਤੇ ਨਹੀਂ ਲੱਗ ਰਹੀ? ਇਸ ਤਰ੍ਹਾਂ ਨਾਲ ਰੁਕਾਵਟ ਨਹੀਂ ਪੈਂਦੀ, ਬਰੇਕ ਨਹੀਂ ਲੱਗਦੀ। ਜਦੋਂ ਓਸ ਚੀਜ਼ ਨੂੰ ਪ੍ਰਗਟ ਕਰਨ ਲਈ ਦੱਸਦੇ ਹਾਂ, ਫੇਰ ਬਰੇਕ ਲੱਗਦੀ ਹੈ।

ਮਹਾਂ ਪੁਰਸ਼ਾਂ ਦੇ ਛੁਪਣ ਵਾਲਿਆਂ ਦੀਆਂ ਜੀਵਨ ਦੀਆਂ ਗੱਲਾਂ ਤੋਂ ਅਸੀਂ ਵੀ ਸੇਧਾ ਲੈਣੀ ਹੈ। ਇਕ ਸੰਤ ਸੇਵਾ ਰਾਮ ਹੋਏ ਹਨ। ਉਨ੍ਹਾਂ ਕੋਲ ਇਕ ਵਾਰੀ ਇਕ ਮਾਈ ਆਈ ਸੀ ਜਿਸ ਨੇ ਆਖਿਆ ਸੀ, ਮਹਾਂ ਪੁਰਸ਼ੋ! ਮੇਰੇ ਬੱਚੇ ਦੀ ਅੱਖਾਂ ਦੀ ਜੋਤ ਚਲੀ ਗਈ ਹੈ। ਪਤਾ ਨਹੀਂ ਉਹ ਕਿਸ Mood 'ਚ ਬੈਠੇ ਸੀ! ਕਈ ਵਾਰੀ ਬੰਦਾ ਦੁਨਿਆਵੀ ਗੱਲਾਂ ਸੁਣ ਕੇ ਅੱਕਿਆ ਹੁੰਦਾ ਹੈ। ਇਕ ਦਮ ਕਹਿ ਦਿੱਤਾ, ਮਿਰਚਾਂ ਘੋਲ ਕੇ ਪਾਣੀ ਵਿਚ, ਅੱਖਾਂ ਵਿਚ ਛਿੱਟਾ ਮਾਰ ਦੇ। ਉਨ੍ਹਾਂ ਤਾਂ ਗੁੱਸੇ ਵਿਚ ਕਿਹਾ ਸੀ ਪਰ ਉਹ ਮਾਈ ਸਿੱਧੇ-ਸਾਦੇ ਸੁਭਾਅ ਦੀ ਸੀ। ਉਹ ਉਠ ਕੇ ਗਈ ਤੇ ਘਰ ਜਾ ਕੇ ਉਸ ਨੇ ਇਸੇ ਤਰ੍ਹਾਂ ਹੀ ਕੀਤਾ। ਦੋ-ਢਾਈ ਸਾਲ ਦਾ ਬੱਚਾ ਸੀ, ਜਦੋਂ ਉਸ ਦੀਆਂ ਅੱਖਾਂ 'ਚ ਮਿਰਚਾਂ ਵਾਲੇ ਪਾਣੀ ਦੇ ਛਿੱਟੇ ਮਾਰੇ ਤੇ ਉਸ ਨੇ ਬੜੀਆਂ ਚੀਕਾਂ ਮਾਰੀਆਂ, ਉਸ ਦੇ ਘਰ ਦੇ ਵੀ ਸਾਰੇ ਓਸ ਦੇ ਮਗਰ ਪੈ ਗਏ ਕਿ ਇਹ ਕੀ ਕਰ ਰਹੀ ਹੈਂ! ਉਸ ਨੇ ਕੀਤਾ ਸੀ ਭੋਲੇ-ਭਾਅ। ੭-੮ ਮਿੰਟ ਤਾਂ ਓਸ ਬੱਚੇ ਨੇ ਬੜੀਆਂ ਚੀਕਾਂ ਮਾਰੀਆਂ ਪਰ ਅੱਠ ਕੁ ਮਿੰਟ ਬਾਅਦ ਉਸ ਨੂੰ ਨਜ਼ਰ ਆਉਣਾ ਸ਼ੁਰੂ ਹੋ ਗਿਆ। ਉਹ ਮਾਈ ਭੱਜੀ ਗਈ ਮਹਾਂ ਪੁਰਸ਼ਾਂ ਕੋਲ ਮਿਠਾਈ ਦਾ ਡੱਬਾ ਲੈ ਕੇ। ਜਾ ਕੇ ਕਹਿੰਦੀ, ਬੜੀ ਕਿਰਪਾ ਹੋਈ, ਮੇਰੇ ਬੱਚੇ ਦੀਆਂ ਅੱਖਾਂ ਦੀ ਜੋਤ ਆ ਗਈ ਹੈ।

ਸੰਤ ਸੇਵਾ ਰਾਮ ਜੀ ਹੈਰਾਨ ਰਹਿ ਗਏ ਕਿ ਅਸੀਂ ਤਾਂ ਗਲੋਂ ਲਾਹੁਣ ਲਈ ਕਿਹਾ ਸੀ ਕਿ ਪਾਣੀ 'ਚ ਮਿਰਚਾਂ ਘੋਲ ਕੇ ਛਿੱਟੇ ਮਾਰ। ਕਹਿਣ ਲੱਗੇ-ਮਾਈ! ਚੰਗਾ ਹੋਇਆ, ਤੂੰ ਗੱਲ ਕੀਤੀ ਹੈ ਤੇ ਮੈਂ ਇਕੱਲਾ ਹਾਂ। ਹੁਣ ਇਕ ਗੱਲ

ਹੈ, ਜੋ ਕੁਝ ਵੀ ਅਸੀਂ ਤੈਨੂੰ ਕਿਹਾ ਤੇ ਤੇਰੇ ਨਾਲ ਹੋਇਆ, ਹੁਣ ਇਹ ਸ਼ਰਤ ਹੈ ਕਿ ਕਿਸੇ ਨੂੰ ਦੱਸਣਾ ਨਹੀਂ। ਇਹ ਗੱਲ ਪਕੜਿਓ! ਜੇ ਹੋਵੇ ਕੋਈ ਕੱਚਾ ਸੰਤ, ਨਕਲੀ ਸੰਤ, ਸ਼ੁਕਰ ਕਰਦਾ ਹੈ ਕਿ ਗੱਲ ਫੈਲੇ ਤੇ ਵਾਹ-ਵਾਹ ਹੋਵੇ ਪਰ ਉਹ ਕੀ Ban ਲਾ ਰਹੇ ਹਨ ਕਿ ਕਿਸੇ ਨੂੰ ਦੱਸੀਂ ਨਾ! ਤੇ ਜੇ ਤੂੰ ਦੱਸਿਆ, ਤਾਂ ਅੱਖਾਂ ਦੀ ਜੋਤ ਫਿਰ ਚਲੀ ਜਾਵੇਗੀ!

ਇਹ ਕੀ ਹੈ ਕਿ ਜੇ ਸਹਿਜ ਸੁਭਾਅ ਕੋਈ ਬਚਨ ਸਤ ਹੋ ਵੀ ਗਿਆ ਹੈ ਪਰ ਅਸੀਂ ਛੁਪਣਾ ਚਾਹੁੰਦੇ ਹਾਂ। ਸਾਖੀ ਤਾਂ ਅੱਗੇ ਵੀ ਹੈ ਕਿ ੧੦ ਕੁ ਸਾਲ ਬਾਅਦ ਮਹਾਂ ਪੁਰਸ਼ ਚੋਲਾ ਬਦਲ ਗਏ। ਓਸ ਬੱਚੇ ਦੀ ਉਮਰ ਜਦੋਂ ੧੮ ਕੁ ਸਾਲ ਦੀ ਹੋ ਗਈ, ਉਸ ਮਾਈ ਦੀ ਗੁਆਂਢਣ ਦੇ ਬੱਚੇ ਦੀਆਂ ਅੱਖਾਂ 'ਚ ਮੋਤੀਆ ਆ ਗਿਆ। ਉਸ ਬੀਬੀ ਨੇ ਉਸ ਮਾਈ ਨੂੰ ਕਿਹਾ, ਕੋਈ ਡਾਕਟਰ ਦੱਸ, ਮੇਰੇ ਬੱਚੇ ਨੂੰ ਘੱਟ ਨਜ਼ਰ ਆਂਦਾ ਹੈ। ਓਸ ਮਾਈ ਨੇ ਸੋਚਿਆ ਕਿ ਹੁਣ ਤਾਂ ਮਹਾਂ ਪੁਰਸ਼ ਚੋਲਾ ਬਦਲ ਗਏ ਹਨ, ਹੁਣ ਦੱਸਣ ਵਿਚ ਕੀ ਹਰਜ ਹੈ? ਉਸ ਨੇ ਕਿਹਾ, ਮੈਂ ਸੰਤ ਸੇਵਾ ਰਾਮ ਜੀ ਕੋਲ ਗਈ ਸੀ। ਉਨ੍ਹਾਂ ਕਿਹਾ ਸੀ, ਪਾਣੀ 'ਚ ਮਿਰਚਾਂ ਲਾਲ ਘੋਲ ਕੇ ਛਿੱਟੇ ਮਾਰਨ ਨੂੰ। ਮੈਂ ਤੇ ਇੰਝ ਹੀ ਕੀਤਾ ਸੀ ਤੇ ਮੇਰੇ ਬੱਚੇ ਦੀਆਂ ਅੱਖਾਂ ਦੀ ਜੋਤ ਆ ਗਈ ਸੀ। ਉਸ ਮਾਈ ਨੇ ਇਤਨੀ ਗੱਲ ਹੀ ਕੀਤੀ, ਕਿ ਤੇ ਜਦੋਂ ਬੱਚਾ ਘਰ ਆਇਆ ਤਾਂ ਕਹਿੰਦਾ, ਮੈਨੂੰ ਨਜ਼ਰ ਆਉਣਾ ਬੰਦ ਹੋ ਗਿਆ ਹੈ। ਇਹ ਕੀ ਸੀ ਕਿ ਮਹਾਂ ਪੁਰਸ਼ ਧਰਤੀ ਤੋਂ ਜਾ ਚੁਕੇ ਨੇ ਪਰ ਨਿਰੰਕਾਰ ਬਚਨ ਸਤ ਕਰਾ ਰਿਹਾ ਹੈ ਕਿਉਂਕਿ ਅਭੇਦਤਾ ਸੀ। ਸਾਡਾ ਮਕਸਦ ਸਿਰਫ ਇੰਨਾ ਹੀ ਹੈ, ਅਸੀਂ ਇਹ ਸੇਧ ਲੈਣੀ ਹੈ ਕਿ ਆਮ ਕੱਚਾ ਬੰਦਾ ਹੋਵੇ ਤੇ ਕਹਿੰਦਾ ਹੈ, ਗੱਲ ਫੈਲੇ, ਲੋਕੀਂ ਮੈਨੂੰ ਧੰਨ ਕਹਿਣ! ਲੇਕਿਨ ਸੰਤ ਸੇਵਾ ਰਾਮ ਜੀ, ਇੰਨੀ ਉੱਚੀ ਅਵਸਥਾ, ਐਸੀ ਅਭੇਦਤਾ ਪ੍ਰਮੇਸ਼ਰ ਨਾਲ ਕਿ ਸਰੀਰ ਕਰਕੇ ਚਲੇ ਵੀ ਗਏ ਤਾਂ ਵੀ ਬਚਨ ਸਤ ਹੋ ਰਿਹਾ ਹੈ ਪਰ ਕੀ ਕਿਹਾ ਮਾਈ ਨੂੰ ਕਿ ਦੱਸੀਂ ਨਾ ਕਿਸੇ ਨੂੰ, Ban ਲਗਾ ਦਿੱਤਾ। ਕਿਸ ਲਈ ਕਿ ਅਸੀਂ ਆਪਣੀ ਪ੍ਰਾਪਤੀ ਦੀ ਵਡਿਆਈ ਨੂੰ ਥਾਂ-ਥਾਂ ਨਹੀਂ ਦੱਸਣਾ ਚਾਹੁੰਦੇ।

ਇਸ ਦੇ ਉਲਟ ਵੀ ਇਕ ਸਾਖੀ ਹੈ। ਭਾਈ ਸ਼ਾਲ੍ਹੋ ਜੀ ਵੇਲੇ ਇਕ ਫਕੀਰ ਹੋਇਆ ਹੈ ਜਿਸ ਨੇ ਸਾਧਨਾ ਕਰ ਕੇ ਸਿਧੀ ਪ੍ਰਾਪਤ ਕੀਤੀ ਸੀ। ਕੀ

ਸਿਧੀ ਸੀ? ਕਹਿੰਦਾ ਸੀ, ਭੁੱਖ ਲੱਗੀ ਹੈ ਤੇ ਆਪਣਾ ਖੱਪਰ ਅੱਗੇ ਕਰਦਾ ਸੀ, ਖੱਪਰ ਵਿਚ ਜੋ ਮਰਜ਼ੀ ਪਾਈ ਜਾਵੋ, ਖੱਪਰ ਨਹੀਂ ਸੀ ਭਰਦਾ। ਇਹ ਸਿਧੀ ਪ੍ਰਾਪਤ ਕੀਤੀ ਸੀ। ਇਸ ਨਾਲ ਵਡਿਆਈ ਕਰਵਾਉਣੀ ਥਾਂ-ਥਾਂ 'ਤੇ। ਵੇਖੋ! ਕਿੰਨੀਆਂ Negative-Positive ਕਥਾਵਾਂ ਨੇ ਦੋਵੇਂ। ਇਕ ਇਹ ਤੇ ਇਕ ਪਹਿਲੀ ਸੰਤ ਸੇਵਾ ਰਾਮ ਜੀ ਦੀ। ਉਸ ਵਿਚ ਕਿਵੇਂ ਆਪਣੇ ਆਪ ਨੂੰ ਛੁਪਾਉਣ ਦਾ ਯਤਨ ਕੀਤਾ ਹੈ ਤੇ ਇਸ ਵਿਚ ਆਪਣੀ ਵਡਿਆਈ ਨੂੰ ਪ੍ਰਗਟ ਕਰਨ ਦਾ ਯਤਨ ਹੈ।

ਇਕ ਵਾਰੀ ਇਹ ਸਿਧ ਗੁਰੂ ਰਾਮਦਾਸ ਜੀ ਦੇ ਲੰਗਰ 'ਚ ਆ ਗਿਆ। ਕਹਿੰਦਾ, ਅੱਜ ਗੁਰੂ ਰਾਮਦਾਸ ਜੀ ਦੇ ਘਰ ਦਾ ਤਮਾਸ਼ਾ ਦੇਖਦੇ ਹਾਂ! ਸੋਚਿਆ, ਖੱਪਰ ਅੱਗੇ ਕਰਾਂਗੇ, ਤੇ ਉਹ ਪਾਈ ਜਾਣਗੇ, ਮੇਰੇ ਕੋਲ ਸਿਧੀ ਹੈ। ਖੱਪਰ ਭਰੇਗਾ ਨਹੀਂ। ਜਦੋਂ ਲੰਗਰ ਮੁੱਕ ਜਾਵੇਗਾ ਤੇ ਮੈਂ ਕਹਾਂਗਾ, ਤੁਹਾਡੇ ਕੋਲੋਂ ਇਕ ਬੰਦੇ ਨੂੰ ਲੰਗਰ ਨਹੀਂ ਛਕਾਇਆ ਗਿਆ? ਤੇ ਗੁਰੂ ਰਾਮਦਾਸ ਜੀ ਦੇ ਲੰਗਰ ਦੀ ਬੇਅਦਬੀ ਹੋਵੇਗੀ। ਕੁਦਰਤੀ ਭਾਈ ਸ਼ਾਲ੍ਹੋ ਜੀ ਲੰਗਰ ਵਰਤਾਉਣ ਦੀ ਸੇਵਾ ਨਿਭਾ ਰਹੇ ਸੀ। ਬੜੀ ਕਮਾਈ ਸੀ ਉਨ੍ਹਾਂ ਦੀ। ਉਨ੍ਹਾਂ ਉਸ ਸਮੇਂ ਕੱਪੜੇ ਦੀ ਪੋਟਲੀ ਮੋਢੇ 'ਤੇ ਪਾਈ ਹੋਈ ਸੀ ਤੇ ਚਾਵਲ ਵਰਤਾ ਰਹੇ ਸੀ। ਸਿਧ ਨੇ ਇਹ ਸੋਚ ਕੇ ਖੱਪਰ ਅੱਗੇ ਕੀਤਾ ਕਿ ਇਨ੍ਹਾਂ ਦੀ ਪੋਟਲੀ ਵਿਹਲੀ ਹੋ ਜਾਵੇਗੀ ਪਰ ਮੇਰ੍ਹਾ ਖੱਪਰ ਨਹੀਂ ਭਰੇਗਾ। ਪਰ ਭਾਈ ਸ਼ਾਲ੍ਹੋ ਜੀ ਦੀ ਇੰਨੀ ਕਮਾਈ ਸੀ, ਉਨ੍ਹਾਂ ਅੱਧੀ ਕੁ ਬੁੱਕ ਚਾਵਲ ਪਾਏ ਤੇ ਖੱਪਰ ਭਰ ਗਿਆ। ਉਹ ਸਿੱਧ ਬੜਾ ਹੈਰਾਨ ਤੇ ਸਮਝ ਗਿਆ ਕਿ ਇਹ ਤਾਂ ਮੇਰੇ ਤੋਂ ਵੀ ਅਗਾਂਹ ਦੀ ਗੱਲ ਹੈ। ਗੁਰੂ ਤਾਂ ਅਜੇ ਪਰ੍ਹੇ ਹੈ, ਗੁਰੂ ਦੇ ਸਿੱਖ ਹੀ ਨਹੀਂ ਮਾਣ! ਉਹ ਡਰ ਗਿਆ ਕਿ ਕਿਧਰੇ ਮੈਨੂੰ ਕੋਈ ਸਰਾਪ ਨਾ ਦੇ ਦੇਣ। ਉਸ ਨੇ ਭਾਈ ਸ਼ਾਲ੍ਹੋ ਜੀ ਦੇ ਚਰਨ ਫੜ ਲਏ। ਭਾਈ ਸ਼ਾਲ੍ਹੋ ਜੀ ਕਹਿੰਦੇ, ਗੁਰੂ ਰਾਮਦਾਸ ਜੀ ਦੇ ਲੰਗਰ 'ਚ ਵੀ ਸ਼ਕਤੀਆਂ ਦਿਖਾਉਣ ਆ ਗਿਆ ਹੈਂ? ਉਹ ਕਹਿਣ ਲੱਗਾ, ਮੈਨੂੰ ਬਖਸ਼ ਦਿਓ। ਭਾਈ ਸ਼ਾਲ੍ਹੋ ਜੀ ਕਹਿੰਦੇ, ਬਖਸ਼ਣਾ ਤਾਂ ਗੁਰੂ ਨੇ ਹੈ ਪਰ ਤੂੰ ਅੱਗੇ ਤੋਂ ਸ਼ਹਿਰ ਦੀ ਚਾਰ-ਦੀਵਾਰੀ 'ਚ ਨਹੀਂ ਵੜਨਾ (ਤਾਂ ਕਿ ਕਿਧਰੇ ਫਿਰ ਐਸੀ ਹਰਕਤ ਨਾ ਕਰੇ) ਤੈਨੂੰ ਰੋਟੀਆਂ ਦੀ ਘਾਟ ਨਹੀਂ ਰਹੇਗੀ। ਪਰ ਤੂੰ ਚਾਰ-ਦੀਵਾਰੀ ਅੰਦਰ

ਨਹੀਂ ਵੜਨਾ ਅੱਜ ਤੋਂ।

ਅਸੀਂ ਕੀ ਸੇਧ ਲੈਣੀ ਹੈ ਕਿ ਸਾਧਨਾ ਵਿਚ ਕਿਸੇ ਕਿਸਮ ਦੀ ਵੀ ਕੋਈ ਪ੍ਰਾਪਤੀ ਹੋ ਜਾਵੇ, ਅਵਸਥਾ ਮਿਲ ਜਾਵੇ, ਜੇ ਚਾਹੁੰਦੇ ਹੋ ਸੰਭਾਲੀ ਰਹੇ, ਜੇ ਚਾਹੁੰਦੇ ਹੋ ਅਗਾਂਹ ਵਧਣਾ, ਮੰਜ਼ਿਲ 'ਤੇ ਪਹੁੰਚਣਾ ਤੇ ਥਾਂ-ਥਾਂ ਨਾ ਦੱਸਿਓ, ਆਪਣੇ ਆਪ ਨੂੰ ਕਦੀ ਜਤਾਉਣ ਦੀ ਜਾਂ ਆਪਣੀ ਵਡਿਆਈ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਨਾ ਕਰਿਓ!

ਦੇਵਤੇ ਆਏ ਸੀ ਇਕ ਸਾਧੂ ਕੋਲ, ਉਸ ਦੀ ਮਹਿਮਾ ਨੂੰ ਸੁਣ ਕੇ, ਜਿਸ ਨੇ ਮਨ ਨੂੰ ਸਾਧਿਆ ਸੀ। ਨਕਲੀ ਨਹੀਂ ਸੀ। ਉਸ ਦੇ ਦਰਸ਼ਨ ਕਰਨ ਆਏ। ਉਸ ਨੂੰ ਕਹਿੰਦੇ, ਮਾਇਆ ਲੈ ਲੈ। ਉਹ ਕਹਿੰਦਾ, ਕੀ ਪਤਾ ਮੈਂ ਕਦੋਂ ਬਿਨਸ ਜਾਣਾ ਹੈ, ਮੈਂ ਕੀ ਕਰਨੀ ਹੈ ਮਾਇਆ? ਦੇਵਤੇ ਕਹਿੰਦੇ, ਸਾਡੇ ਕੋਲੋਂ ਇਹ ਵਰ ਲੈ ਲੈ ਕਿ ਜਿਸ ਦੇ ਵੀ ਚਾਹੇਂ, ਉਸ ਦੇ ਰੋਗ ਰਾਜ਼ੀ ਕਰ ਦੇਵੇਂ ਪਰ ਦੇਖੋ! ਕੋਈ ਲਾਲਚ ਨਹੀਂ ਅੰਦਰ ਆਪਣੀ ਸੋਭਾ ਦਾ। ਕਹਿੰਦਾ, ਸੰਸਾਰ ਹੈ, ਆਪੇ ਕਰਮ ਬੀਜਦਾ ਹੈ, ਆਪੇ ਰੋਗ ਭੋਗੇ, ਮੈਨੂੰ ਕੀ ਲੋੜ ਹੈ? ਉਹ ਕਹਿੰਦੇ, ਰਾਜ-ਭਾਗ ਲੈ ਲੈ। ਸਾਧੂ ਕਹਿੰਦਾ, ਮੈਂ ਬੜੇ ਅਨੰਦ ਵਿਚ ਹਾਂ, ਮੈਂ ਉਹ ਵੀ ਨਹੀਂ ਚਾਹੁੰਦਾ। ਕਹਿੰਦੇ, ਫੇਰ ਇਹ ਵਰ ਲੈ ਲੈ ਕਿ ਜਿਸ ਦਾ ਜੋ ਵੀ ਕੰਮ ਰਸਨਾ ਤੋਂ ਕਹੇਂਗਾ ਸੌਰ ਜਾਵੇਗਾ। ਉਹ ਕਹਿੰਦਾ, ਰਸਨਾ ਤੋਂ ਕਹਾਂਗਾ ਅਤੇ ਜੇਕਰ ਕਿਸੇ ਦਾ ਕੰਮ ਹੋ ਜਾਵੇਗਾ ਤਾਂ ਮੇਰੀ ਵਡਿਆਈ ਹੋਵੇਗੀ। ਮੈਨੂੰ ਆਪਣੀ ਵਡਿਆਈ ਦੀ ਕੋਈ ਚਾਹ ਨਹੀਂ। ਦੇਵਤੇ ਕਹਿੰਦੇ, ਜੇ ਤੂੰ ਨਹੀਂ ਮੰਨੇਂਗਾ, ਅਸੀਂ ਆਪਣੇ ਆਪ ਤੇਰੇ 'ਤੇ ਵਰ ਥੋਪ ਦੇਵਾਂਗੇ। ਉਹ ਕਹਿੰਦਾ, ਕੀ ਵਰ ਥੋਪੋਗੇ? ਉਹ ਦੇਵਤੇ ਕਹਿੰਦੇ, ਇਹ ਤੇਰੇ 'ਤੇ ਵਰ ਠੋਸ ਦੇਵਾਂਗੇ ਕਿ ਤੂੰ ਜੋ ਵੀ ਰਸਨਾ ਤੋਂ ਕਹੇਂਗਾ ਉਹ ਕੰਮ ਸੌਰ ਜਾਵੇਗਾ। ਸਾਧੂ ਕਹਿੰਦਾ, ਮੈਨੂੰ ਕੁਝ ਨਹੀਂ ਚਾਹੀਦਾ, ਪਰ ਜੇ ਤੁਸੀਂ ਧਈਆ ਕਰ ਕੇ ਆਏ ਹੋ ਕਿ ਜ਼ਰੂਰ ਕੁਝ ਦੇਣਾ ਹੈ ਤੇ ਫੇਰ ਇਹ ਦੇ ਦਿਓ ਕਿ ਮੇਰੇ ਰਾਹੀਂ ਲੋਕਾਂ ਦੇ ਕੰਮ ਸੌਰਨ, ਪਰ ਮੈਨੂੰ ਇਸ ਚੀਜ਼ ਦਾ ਗਿਆਨ ਨਾ ਹੋਵੇ ਕਿ ਕਿਸੇ ਦਾ ਕੰਮ ਸੌਰਿਆ ਹੈ। ਦੇਵਤਿਆਂ ਨੂੰ ਇਹ ਵਰ ਦੇਣਾ ਪਿਆ ਕਿ ਤੂੰ ਜਿੱਧਰੋਂ ਲੰਘੇਂਗਾ, ਤੇਰਾ ਪਰਛਾਵਾਂ ਵੀ ਜਿਸ 'ਤੇ ਪਵੇਗਾ ਉਸ ਦੇ ਮਸਤਕ ਦੀਆਂ ਰੇਖਾਵਾਂ ਬਦਲ ਜਾਣਗੀਆਂ, ਪਰ ਤੈਨੂੰ ਨਹੀਂ ਪਤਾ ਲੱਗੇਗਾ

ਕਿ ਪਰਛਾਵਾਂ ਕਿਸ 'ਤੇ ਪਿਆ ਹੈ। ਭਾਵ ਅੰਦਰ ਕੀ ਕਿ ਮੈਨੂੰ ਸੋਭਾ ਨਾ ਮਿਲੇ।

ਇਸ ਦੇ ਉਲਟ ਗੁਰੂ ਅਰਜਨ ਦੇਵ ਜੀ ਵੇਲੇ ਇਕ ਜੋਗੀ ਸੀ ਜਿਸ ਨੇ ਸ਼ਿਵਜੀ ਨੂੰ ਪ੍ਰਸੰਨ ਕਰ ਕੇ ਵਰ ਮੰਗਿਆ ਸੀ ਕਿ ਜਿਹੜਾ ਮੇਰੇ ਦਰਸ਼ਨ ਕਰੇ ਉਸ ਨੂੰ ੧ ਸਾਲ ਦਾ ਸਵਰਗ ਮਿਲੇ ਤੇ ਜਿਸ ਨੂੰ ਮੈਂ ਚਾਹਾਂ ੧੦੦ ਸਾਲ ਦਾ ਸਵਰਗ ਦੇ ਦੇਵਾਂ। ਇਹ ਕੀ ਹੈ? ਆਪਣੀ ਸੋਭਾ ਦੀ, ਆਪਣੀ ਵਾਹ-ਵਾਹ ਦੀ, ਆਪਣੇ ਆਪ ਨੂੰ ਜਤਾਉਣ ਦੀ, ਪ੍ਰਗਟ ਕਰਨ ਦੀ ਲਾਲਸਾ। ਬਾਬਾ ਨੰਦ ਸਿੰਘ ਜੀ ਦੇ ਬਚਨ ਹਨ ਕਿ ਵਾਹ-ਵਾਹ ਇਸ ਰਸਤੇ ਦੀ ਇਕ ਬੜੀ ਵੱਡੀ ਖਾਈ ਹੈ। **ਸਾਧਕ ਬੰਦੇ ਲਈ ਇਹ ਬਹੁਤ ਹੀ ਸਮਝਣਯੋਗ ਜੁਗਤੀ ਹੈ ਕਿ ਆਪਣੀ ਸਾਧਨਾ ਨੇਮ, ਚੰਗੇ ਕੰਮ, ਨੇਕ ਕੰਮ, ਸੇਵਾ, ਤੇ ਪ੍ਰਾਪਤੀ ਨੂੰ ਥਾਂ-ਥਾਂ ਨਾ ਦੱਸੇ, ਇਹ ਜੁਗਤੀ ਸਾਡੇ ਜੀਵਨ ਦਾ ਆਧਾਰ ਬਣੇ, ਗੁਰੂ ਸਾਹਿਬ ਸਭ 'ਤੇ ਮਿਹਰ ਕਰਨ!**

☺☺☺☺

ਪੰਜਵੀਂ ਜੁਗਤੀ

੫. ਸਾਧਕ ਬੰਦੇ ਲਈ ਪੰਜਵੀਂ ਜੁਗਤੀ ਹੈ, "ਕਿਸੇ ਤਰ੍ਹਾਂ ਦੇ ਘਰੇਲੂ ਮਾਹੌਲ ਦੀ ਰੁਕਾਵਟ ਦਾ ਨਿਮਰਤਾ ਪੂਰਵਕ ਜੁਗਤੀ ਨਾਲ ਮੁਕਾਬਲਾ ਕਰੀ ਜਾਵੇ ਪਰ ਸਾਧਨਾ ਨਾ ਛੱਡੋ।"

95% ਝੂਠ ਦਾ ਪਸਾਰਾ ਹੈ। ਸੱਚੇ ਮਾਰਗ 'ਤੇ ਚੱਲਣਾ ਬਹੁਤ ਹੀ ਔਖਾ ਹੈ। ਜ਼ਰਾ ਜਿਹਾ ਕੋਈ ਏਸ ਬੰਨੇ ਤੁਰੇ, ਘਰ ਵਿੱਚੋਂ ਹੀ ਰੁਕਾਵਟਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਵੱਡੇ-ਵੱਡੇ ਭਗਤਾਂ ਦੇ ਰਸਤੇ ਵਿਚ ਵੀ ਰੁਕਾਵਟਾਂ ਆਈਆਂ ਹਨ। ਕੋਈ ਭਗਤ ਬਣ ਜਾਵੇ, ਸੰਸਾਰ ਉਸ ਦਾ ਜੀਣਾ ਔਖਾ ਕਰ ਦੇਂਦਾ ਹੈ। ਸੰਸਾਰੀਆਂ ਨਾਲ ਭਗਤਾਂ ਦੀ ਸੁਰ ਨਹੀਂ ਰਲਦੀ। ਜਦੋਂ ਤੁਸੀਂ ਏਸ ਰਾਹ 'ਤੇ ਤੁਰੋਗੇ, ਤਹਾਨੂੰ ਰੋਕਣ ਵਾਲੇ ਬਹੁਤ ਮਿਲਣਗੇ। ਬਹੁਤ ਹਿੰਮਤ ਤੇ ਧੀਰਜ ਦੀ ਲੋੜ ਹੈ।

ਕਈ ਢੇਰੀ ਢਾਹ ਕੇ ਬੈਠ ਜਾਂਦੇ ਹਨ। ਢੇਰੀ ਨਹੀਂ ਢਾਉਣੀ। ਨਦੀ ਤੋਂ ਸੇਧ ਲੈਣੀ ਹੈ। ਨਦੀ ਦੀ ਮੰਜ਼ਿਲ ਹੈ ਸਮੁੰਦਰ। ਨਦੀ ਨੂੰ ਸਮੁੰਦਰ 'ਚ ਮਿਲਣ ਦੇ ਰਸਤੇ ਵਿਚ ਕਈ ਰੁਕਾਵਟਾਂ ਆਉਂਦੀਆਂ ਹਨ ਪਰ ਉਹ ਰੁਕਦੀ ਨਹੀਂ, ਚਲਦੀ ਜਾਂਦੀ ਹੈ। ਜਿੱਥੇ ਕੋਈ ਰੁਕਾਵਟ ਆਵੇ, ਉਸ ਦਾ ਬਹਾਵ ਹੋਰ ਤੇਜ਼ ਹੋ ਜਾਂਦਾ ਹੈ। ਸਾਡੇ ਲਈ ਪ੍ਰੇਰਨਾ ਹੈ ਕਿ ਸਾਨੂੰ ਵੀ ਅਧਿਆਤਮਕ ਮਾਰਗ 'ਚ ਰੁਕਾਵਟਾਂ ਆਉਣ ਤਾਂ ਗੁਰੂ ਦੀ ਓਟ ਲੈ ਕੇ, ਗੁਰੂ ਅੱਗੇ ਜੋਦੜੀਆਂ ਕਰ ਕੇ ਚੱਲਦੇ ਜਾਣਾ ਹੈ। ਗੁਰੂ ਅੱਗੇ ਬੇਨਤੀਆਂ ਕਰਨ ਨਾਲ, ਗੁਰੂ ਦੇ ਚਰਨਾਂ 'ਚ ਸਾਡੀ ਬੇਨਤੀ ਪਹੁੰਚਣ ਦੀ ਦੇਰ ਹੈ ਗੁਰੂ ਬਿਧ ਬਣਾਉਂਦਾ ਹੈ। ੩੩ ਕਰੋੜ ਦੇਵਤਾ ਹੱਥ ਬੰਨ੍ਹ ਕੇ ਖੜ੍ਹਾ ਹੈ ਉਸ ਦੇ ਚਰਨਾਂ 'ਚ, ਜਿਸ ਦੀ Duty ਲੱਗ ਜਾਂਦੀ ਹੈ ਬਿਧ ਬਣਾਉਣ ਦੀ। ਘਰ-ਪਰਵਾਰ ਦੇ ਕਿਸੇ ਮੈਂਬਰ ਵੱਲੋਂ ਕੋਈ ਐਸੀ ਰੁਕਾਵਟ ਬਣੇ ਵੀ ਤੇ ਰੁਕਣਾ ਨਹੀਂ! ਢੇਰੀ ਨਹੀਂ ਢਾਉਣੀ! ਘਰ 'ਚ

ਕਲੇਸ਼ ਵੀ ਨਹੀਂ ਪਾਉਣਾ! ਜੁਗਤੀ ਨਾਲ ਚੱਲਦੇ ਜਾਣਾ ਹੈ। ਇਸ ਦਾ ਮੁਕਾਬਲਾ ਨਿਮਰਤਾ ਨਾਲ ਕਰਨਾ ਹੈ, ਕ੍ਰੋਧ ਨਾਲ ਨਹੀਂ, ਨਹੀਂ ਤੇ ਘਰ ਵਿਗੜ ਜਾਂਦਾ ਹੈ।

ਦੁਨੀਆਂ ਹੁਸ਼ਿਆਰ ਤੇ ਅਕਲਮੰਦ ਹੈ। ਉਹ ਆਪਣੇ ਆਪ ਨੂੰ ਦਰੁੱਸਤ ਮੰਨ ਕੇ ਚੱਲਦੀ ਹੈ। ਦੁਨੀਆਂ ਏਸ ਰੰਗ ਨੂੰ ਸਮਝ ਨਹੀਂ ਪਾਂਦੀ ਤੇ ਕਈ ਤਰ੍ਹਾਂ ਨਾਲ ਏਸ ਰਾਹ 'ਤੇ ਚੱਲਣ ਵਾਲੇ ਨੂੰ ਰੋਕਣ ਦਾ ਯਤਨ ਕਰਦੀ ਹੈ। ਕਿਧਰੇ ਪਤੀ ਏਸ ਬੰਨੇ ਲੱਗਾ ਹੈ ਤੇ ਪਤਨੀ ਰੋਕਦੀ ਹੈ। ਕਿਧਰੇ ਪਤਨੀ ਲੱਗੀ ਹੈ ਤੇ ਪਤੀ ਰੋਕਦਾ ਹੈ। ਕਈ ਜਗ੍ਹਾ 'ਤੇ ਮਾਂ ਲੱਗੀ ਹੈ ਤੇ ਪੁੱਤਰ ਰੋਕਦਾ ਹੈ ਤੇ ਕਿਧਰੇ ਪੁੱਤਰ ਲੱਗਾ ਹੈ ਤੇ ਮਾਂ ਰੋਕਦੀ ਹੈ। ਕਿਧਰੇ ਪਿਉ ਲੱਗਾ ਹੈ ਤੇ ਪੁੱਤਰ ਰੋਕਦਾ ਹੈ ਤੇ ਕਿਧਰੇ ਪੁੱਤਰ ਲੱਗਾ ਹੈ ਤੇ ਪਿਉ ਰੋਕਦਾ ਹੈ।

ਪ੍ਰਹਿਲਾਦ ਭਗਤ ਹੈ, ਰੱਬ ਨੂੰ ਮੰਨਦਾ ਹੈ, ਧਰਮ ਦੇ ਰਾਹ 'ਤੇ ਤੁਰ ਰਿਹਾ ਹੈ ਪਰ ਪਿਤਾ ਚਾਹੁੰਦਾ ਹੈ ਕਿ ਪੁੱਤਰ ਮੇਰੇ ਨਕਸ਼ੇ-ਕਦਮ 'ਤੇ ਚੱਲੇ, ਮੈਨੂੰ ਰੱਬ ਮੰਨੇ। ਪਿਤਾ ਨੇ ਕਈ ਤਰ੍ਹਾਂ ਦੀਆਂ ਸਜ਼ਾਵਾਂ ਵੀ ਦਿੱਤੀਆਂ ਕਿ ਪੁੱਤਰ ਇਹ ਰਾਹ ਛੱਡ ਦੇਵੇ। ਹੁਣ ਪ੍ਰਹਿਲਾਦ ਨੇ ਇਹ ਵੀ ਨਹੀਂ ਕਿ ਹੰਕਾਰ ਨਾਲ ਜਾਂ ਗਾਲ੍ਹਾਂ ਨਾਲ ਮੁਕਾਬਲਾ ਕੀਤਾ ਹੋਵੇ, ਸਾਰੇ ਮਾਹੌਲ ਦਾ ਮੁਕਾਬਲਾ ਨਿਮਰਤਾ ਨਾਲ ਕੀਤਾ ਪਰ 'ਰਾਮ' ਕਹਿਣਾ ਵੀ ਨਹੀਂ ਛੱਡਿਆ। ਜਿਨ੍ਹਾਂ ਨੂੰ ਇਸ਼ਕ ਲੱਗ ਗਿਆ, ਜਿਹੜੇ ਮੁਸ਼ਕੇ ਗਏ, ਉਨ੍ਹਾਂ ਨਾਮ ਨਹੀਂ ਛੱਡਿਆ। ਮਨਮੁਖ ਚਾਹੁੰਦਾ ਹੈ ਕਿ ਉਹ ਮੇਰੇ ਰਾਹ 'ਤੇ ਚੱਲੇ ਪਰ ਨਿਰਭਓ ਨੂੰ ਜਪਣ ਵਾਲਾ ਦੁਨਿਆਵੀ ਭੈ ਵਿਚ ਨਹੀਂ ਆਉਂਦਾ। ਉਹ ਡਰਦਾ ਨਹੀਂ। ਉਹ ਕਹਿੰਦਾ ਹੈ, ਮੈਂ ਨਾਮ ਨਹੀਂ ਛੱਡਣਾ, ਕਿਉਂਕਿ ਇਹ ਨਾਮ ਹੀ ਤਾਂ ਹੈ ਜੋ ਮੇਰੀ ਰਾਖੀ ਕਰਦਾ ਹੈ। ਮੈਂ ਇਸ ਨੂੰ ਕਿਵੇਂ ਛੱਡ ਦਿਆਂ? ਜਿੱਤ ਅਖੀਰ ਗੁਰਮੁਖ ਦੀ ਹੈ।

ਦੁਨੀਆਂ ਨਾਮ ਜਪਣ ਵਾਲੇ ਨੂੰ ਕਸ਼ਟ ਦੇਣ ਤੇ ਬਦਨਾਮ ਕਰਨ 'ਚ ਕੋਈ ਕਸਰ ਨਹੀਂ ਛੱਡਦੀ ਪਰ ਜਿਸ ਦਾ ਮਦਦਗਾਰ ਬਣ ਕੇ ਵਾਹਿਗੁਰੂ ਆਪ ਰਖਵਾਲੀ ਕਰਦਾ ਹੈ, ਉਸ ਦਾ ਸੰਸਾਰ ਕੁਝ ਨਹੀਂ ਵਿਗਾੜ ਸਕਦਾ। ਚਾਹੇ ਕਿੰਨੇ ਵੀ ਲੋਕ ਕੁਬਚਨ ਬੋਲ ਕੇ ਰੱਬ ਨਾਲੋਂ ਤੋੜਨ ਦਾ ਯਤਨ ਕਰਦੇ ਹਨ ਪਰ ਭਗਤ ਸਹਾਰ ਲੈਂਦੇ ਹਨ, ਪਰ ਆਪਣੇ ਧਰਮ ਦਾ ਤਿਆਗ ਨਹੀਂ ਕਰਦੇ।

ਪ੍ਰਮੇਸ਼ਰ ਦੇ ਪਿਆਰਿਆਂ ਦੀ ਨਾਸਮਝ ਲੋਕ, ਇਥੋਂ ਤਕ ਕਿ ਆਪਣੇ ਮਾਤਾ-ਪਿਤਾ, ਸਨਬੰਧੀ ਵੀ ਨਿੰਦਿਆ ਕਰਦੇ ਹਨ, ਉਨ੍ਹਾਂ ਨਾਲ ਟਿਚਕਰਾਂ ਕਰਦੇ ਹਨ, ਈਰਖਾ ਕਰਦੇ ਹਨ, ਉਨ੍ਹਾਂ 'ਤੇ ਜ਼ੁਲਮ ਕਰਦੇ ਹਨ। ਪਰ ਇਕ ਗੱਲ ਜਾਣ ਲੈਣਾ ਕਿ ਜਿਹੜਾ ਨਾਮ ਜਪਣ ਵਾਲੇ ਦੇ ਰਸਤੇ ਵਿਚ ਰੁਕਾਵਟ ਬਣਦਾ ਹੈ, ਉਸ ਦੇ ਪੁੰਨ ਸੜੀ ਜਾਂਦੇ ਹਨ, ਤਦ ਤਕ ਹੀ ਬਚਦਾ ਹੈ ਜਦ ਤਕ ਪੁੰਨ ਨੇ! ਪੁੰਨ ਖਤਮ ਹੁੰਦਿਆਂ ਹੀ ਰੱਬ ਵੱਲੋਂ ਪਰਚਾ ਪਵੇਗਾ ਹੀ ਪਵੇਗਾ। ਪਰ ਗੁਰਮੁਖ ਨੇ ਰੋਕਣ ਵਾਲੇ ਨਾਲ ਕਲੇਸ਼ ਵੀ ਨਹੀਂ ਕਰਨਾ ਤੇ ਆਪਣੇ ਨੇਮ ਨੂੰ ਵੀ ਨਹੀਂ ਛੱਡਣਾ, ਆਪਣਾ ਰਸਤਾ ਵੀ ਨਹੀਂ ਛੱਡਣਾ!

ਜੇ ਜੀਵਨ ਵਿਚ ਵਿਚਰਦਿਆਂ, ਕਿਧਰੇ ਵੀ ਤੁਹਾਨੂੰ ਦੋਵੇਂ ਜੀਅ ਪਤੀ-ਪਤਨੀ ਗੁਰੂ-ਘਰ ਵੱਲ ਲੱਗੇ ਮਿਲਣ ਤੇ ਸਮਝ ਲੈਣਾ ਕਿ ਇਨ੍ਹਾਂ ਦੀ ਪਿਛਲੇ ਜਨਮ ਦੀ ਬੜੀ ਕਮਾਈ ਹੈ, ਦੋਵੇਂ ਹੀ ਲੱਗੇ ਨੇ। ਜੇ ਕਿਧਰੇ ਜ਼ਿੰਦਗੀ ਵਿਚ ਚੱਲਦਿਆਂ ਪੂਰੀ Family ਗੁਰੂ-ਘਰ ਵੱਲ ਲੱਗੀ ਨਜ਼ਰ ਆਵੇ ਤਾਂ ਹੋਰ ਵੀ ਵੱਡੇ ਭਾਗ। ਸਾਰਾ ਟੱਬਰ ਹੀ ਲੱਗਾ ਹੈ, ਪੁੱਤਰ ਵੀ ਲੱਗਾ ਹੈ, ਧੀ ਵੀ ਲੱਗੀ ਹੈ, ਪਤਨੀ ਵੀ ਲੱਗੀ ਹੈ। ਦੋਵੇਂ ਜੀਅ ਗੁਰੂ-ਘਰ ਵੱਲ ਲੱਗੇ ਹੋਣ, ਉਨ੍ਹਾਂ ਵਰਗਾ ਸੁਖੀ ਕੋਈ ਨਹੀਂ, ਪਰ ਜਿਸ ਦਾ ਜੀਵਨ-ਸਾਥੀ ਨਾ ਲੱਗਾ ਹੋਵੇ, ਮਰਦ ਤੇ ਉਹ ਹੈ ਜਿਹੜਾ ਆਪਣਾ ਨੇਮ ਵੀ ਨਹੀਂ ਛੱਡਦਾ ਤੇ ਯਤਨ ਕਰ ਰਿਹਾ ਹੈ ਉਸ ਨੂੰ ਵੀ ਜੋੜਨ ਦਾ।

ਮਹਾਂ ਪੁਰਸ਼ ਦੱਸਦੇ ਸੀ ਕਿ ਕੋਈ ਪਤੀ ਗੁਰੂ-ਘਰ ਵੱਲ ਲੱਗਾ ਹੋਵੇ, ਪਤਨੀ ਰੋਕੇ ਨਾ, ਉਸ ਨੂੰ ਵੀ ਫਲ ਮਿਲਦਾ ਹੈ। ਘਰ ਬੈਠਿਆਂ ੫੦% ਮਹਾਤਮ ਮਿਲਦਾ ਹੈ। ਜੇ ਪਤਨੀ ਗੁਰੂ-ਘਰ ਵੱਲ ਲੱਗੀ ਹੋਵੇ ਤੇ ਪਤੀ ਰੋਕਦਾ ਨਹੀਂ, ਉਸ ਨੂੰ ਵੀ ਫਲ ਮਿਲਦਾ ਹੈ।

ਅੰਮ੍ਰਿਤਸਰ ਦੀ ਇਕ ਬੀਬੀ ਹੈ। ਸਾਰੀ ਰਾਤ ਜਾਗਦੀ ਹੈ। ਦਸ ਵਜੇ ਇਸ਼ਨਾਨ ਕਰ ਲੈਂਦੀ ਹੈ ਤੇ ਸਾਰੀ ਰਾਤ ਨਾਮ ਸਿਮਰਨ ਵਿਚ ਜੁੜਦੀ ਹੈ ਪਰ ਘਰ ਵਾਲੇ ਦਾ ਧਿਆਨ ਇੰਨਾ ਗੁਰਬਾਣੀ ਵੱਲ ਨਹੀਂ ਪਰ ਉਸ ਨੂੰ ਰੋਕਦਾ ਵੀ ਨਹੀਂ, ਉਸ ਦਾ ਪੂਰਾ ਸਾਥ ਦੇਂਦਾ ਹੈ। ਮੈਂ ਜਦੋਂ ਉਨ੍ਹਾਂ ਨੂੰ ਵੇਖਦਾ ਹਾਂ ਤੇ ਸੋਚਦਾ ਹਾਂ ਕਿ ਬੀਬੀ ਸਿਮਰਨ ਕਰਦੀ ਹੈ ਪਰ ਪਤੀ ਨਹੀਂ, ਇਸ ਨੂੰ ਵੀ ਜ਼ਰੂਰ ਹਿੱਸਾ

ਮਿਲੇਗਾ ਕਿਉਂਕਿ ਇਹ ਰੋਕਦਾ ਤਾਂ ਨਹੀਂ ਹੈ ਨਾ ਪਤਨੀ ਨੂੰ ਕਿ ਗੁਰਬਾਣੀ ਨਾ ਪੜ੍ਹ!

ਕਈ ਐਹੋ ਜਿਹੇ ਪਰਵਾਰ ਵੀ ਨੇਤ੍ਰਾਂ 'ਚੋਂ ਹੰਝੂ ਕੇਰਦੇ ਮਿਲਦੇ ਹਨ ਕਿ ਪਤੀ ਉਠਦਾ ਹੈ ਕਿ ਇਸ਼ਨਾਨ ਕਰ ਕੇ ਸਿਮਰਨ ਨੂੰ ਚਿਤ ਕਰਦਾ ਹੈ, ਨਾਮ ਜਪਣ 'ਤੇ ਚਿਤ ਕਰਦਾ ਹੈ ਪਰ ਪਤਨੀ ਕਹਿੰਦੀ ਹੈ ਜੇ ਇੰਝ ਅੰਮ੍ਰਿਤ ਵੇਲੇ ਉਠਣਾ ਸੀ ਤੇ 'ਬਾਬਾ' ਬਣ ਜਾਣਾ ਸੀ, ਮੇਰੇ ਨਾਲ ਸ਼ਾਦੀ ਨਹੀਂ ਸੀ ਕਰਾਉਣੀ!

ਇਕ ਜੋੜੇ-ਘਰ ਦਾ ਸਰੀਰ ਹੈ। ਸੇਵਾ ਕਰਦਾ ਹੈ ਜੋੜੇ-ਘਰ ਵਿਚ। ਉਸ ਦੇ ਘਰ ਵਿਚ ਵੀ ਇਸ ਤਰ੍ਹਾਂ ਹੀ ਮੁਸ਼ਕਲਾਂ। ਉਸ ਵਿਚਾਰੇ ਨੂੰ ਇਸ਼ਕ ਲੱਗ ਚੁੱਕਾ ਸੀ ਗੁਰੂ ਨਾਲ। ਉਸ ਦਾ ਦਿਲ ਕਰੇ, ਉੱਠਾਂ 1 ਵਜੇ, ਉੱਠਾਂ 2 ਵਜੇ, 2½ ਵਜੇ। ਰਿਹਾ ਨਾ ਜਾਵੇ। ਇਹ ਵੀ ਇਕ ਅਵਸਥਾ ਹੈ। ਇਸ ਨੂੰ ਕਹਿੰਦੇ ਹਨ 'ਮੁਸ਼ਕਿਆ ਗਿਆ'। ਜਿਸ ਨੂੰ ਇਸ਼ਕ ਲੱਗ ਗਿਆ, ਹੁਣ ਉਹ ਰਹਿ ਹੀ ਨਹੀਂ ਸਕਦਾ ਸਿਮਰਨ ਬਗੈਰ, ਬਾਣੀ ਬਗੈਰ। ਲਗਨ ਲੱਗ ਗਈ।

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ: ਸਭ ਤੋਂ ਔਖਾ ਵੀ ਨਾਮ ਜਪਣਾ ਤੇ ਸਭ ਤੋਂ ਸੌਖਾ ਵੀ ਨਾਮ ਜਪਣਾ। ਜਿਸ ਨੂੰ ਇਹ ਅਵਸਥਾ ਮਿਲ ਜਾਵੇ, ਇਸ਼ਕ ਵਾਲੀ, ਉਸ ਲਈ ਸੌਖਾ ਬਣ ਜਾਂਦਾ ਹੈ। ਉਸ ਨੌਜਵਾਨ ਸਰੀਰ ਨੂੰ ਵੀ ਇਸ਼ਕ ਲੱਗ ਗਿਆ, ਰਾਤ ਉਸ ਦਾ ਦਿਲ ਕਰੇ ਸਾਂਈਂ ਦੀ ਯਾਦ ਵਿਚ ਜੁੜਾਂ, ਪਰ ਜੀਵਨ ਸਾਥੀ ਇਹੋ ਜਿਹਾ। ਰੁਕਾਵਟ। ਨਹੀਂ ਉਠਣ ਦੇਣਾ। ਉਸ ਨੇ ਸੋਚਿਆ, ਕੀ ਕਰਾਂ? ਮੇਰੇ ਕੋਲੋਂ ਰਿੰਹਾ ਨਹੀਂ ਜਾਂਦਾ, ਪਤਨੀ ਉਠਣ ਨਹੀਂ ਦੇਂਦੀ ੬-੭ ਤੋਂ ਪਹਿਲੇ। ਕਲੇਸ਼ ਪਾਉਣਾਂ, ਤਾਂ ਵੀ ਗੱਲ ਨਹੀਂ ਠੀਕ। ਉਸ ਨੇ ਝੂਠ ਦਾ ਸਹਾਰਾ ਲਿਆ। ਤੁਸੀਂ ਭਗਤੀ ਦੇ ਰਾਹ 'ਤੇ ਤੁਰੇ ਹੋ, ਘਰ 'ਚੋਂ ਰੁਕਾਵਟਾਂ ਪੈਂਦੀਆਂ ਨੇ, ਭਗਤੀ ਦੇ ਰਾਹ 'ਤੇ ਜਾਣ ਲਈ ਝੂਠ ਵੀ ਬੋਲੋ ਕਿ ਕਿਧਰੇ ਹੋਰ ਜਾ ਰਿਹਾ ਹਾਂ, ਕੋਈ ਗੁਨਾਹ ਨਹੀਂ। ਜਿਹੜਾ ਝੂਠ, ਜਿਹੜੀ ਸਿਆਣਪ ਕਿਸੇ ਚੰਗੇ ਕੰਮ ਲਈ ਵਰਤੀ ਜਾਵੇ, ਉਹ ਕੋਈ ਗੁਨਾਹ ਨਹੀਂ, ਇਥੇ ਝੂਠ ਸੱਚ ਤੋਂ ਵੀ ਵੱਡਾ ਹੈ। ਉਸ ਨੇ ਕੀ ਕੀਤਾ? ਕਹਿੰਦਾ, ਜਿੱਥੇ ਨੌਕਰੀ ਕਰਦਾ ਹਾਂ, ਮਾਲਕਾਂ ਨੇ ਹਫਤੇ 'ਚ ਦੋ ਵਾਰੀ ਰਾਤ ਨੂੰ ਸੱਦਣਾ ਸ਼ੁਰੂ ਕਰ ਦਿੱਤਾ ਹੈ। ਪਤਨੀ ਨੂੰ ਕਿਹਾ, ਮਾਲਕਾਂ ਨੇ ਰਾਤ ਦੀ Shift ਦੋ ਦਿਨ ਪੱਕੀ ਕਰ ਦਿੱਤੀ

ਹੈ ਤੇ ਜਾਣਾ ਕਿੱਥੇ? 'ਗੋਇੰਦਵਾਲ ਸਾਹਿਬ'। ਸਾਰੀ ਰਾਤ ਉਥੇ ਗੁਰਬਾਣੀ ਦੀ ਖੁਰਾਕ ਲੈਣੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ, ਸ੍ਰੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ ਤੇ ਸ਼ੁਕਰਾਨਾ ਕਿ ਮਹੀਨੇ ਦੇ ੮ ਦਿਨ ਤੇ Cover ਹੋ ਗਏ। ਇਕ ਦਿਨ ਦਾ ਵੈਸੇ ਪਤਨੀ ਨੂੰ ਮਨਾ ਲਿਆ ਕਿ ਮੈਂ ਇਕ ਦਿਨ ਹਫਤੇ 'ਚ ਜਾਗ ਲਿਆ ਕਰਾਂ ਸਾਰੀ ਰਾਤ। ਇਕ ਰਾਤ ਪਤਨੀ ਨੂੰ ਪੇਕੇ ਭੇਜ ਦੇਣਾ ਹਫਤੇ ਵਿਚ। ਉਹ ਕਹਿੰਦੀ, ਅੱਛਾ! ਤੁਸੀਂ ਇੰਨੇ ਚੰਗੇ ਹੋ! ਅਸਲ ਮਸਲਾ ਤੇ ਵਿੱਚੋਂ ਆਪਣਾ ਸੀ ਕਿ ਤੂੰ ਪੇਕੇ ਜਾਵੇਂਗੀ ਤੇ ਮੈਨੂੰ ਰੋਕਣ ਵਾਲਾ ਕੋਈ ਨਹੀਂ ਹੋਵੇਗਾ। ਇਸ ਤਰ੍ਹਾਂ ਉਸ ਨੇ ਹਫਤੇ ਦੇ ੪ ਦਿਨ Cover ਕਰ ਲਏ। ਹੁਣ ਆਪੇ ਅੰਦਾਜ਼ਾ ਲਾ ਲਵੋ ਕਿ ਜਿਸ ਨੇ ੧੬ ਦਿਨ ਮਹੀਨੇ ਦੇ Cover ਕਰ ਲਏ, ਕਹਾਂਗੇ ਕਿ ਉਸ ਦੀ ਕਿੱਡੀ ਵੱਡੀ ਭਗਤੀ ਹੈ! ਘਰੇਲੂ ਮਾਹੌਲ ਦਾ ਵੀ ਨਿਮਰਤਾ ਨਾਲ ਮੁਕਾਬਲਾ ਕਰੀ ਜਾ ਰਿਹਾ ਹੈ ਤੇ ਨਿਤਨੇਮ ਵੀ ਜਾਰੀ ਹੈ, ਨਿਤਨੇਮ ਨੂੰ ਵੀ ਨਹੀਂ ਛੱਡ ਰਿਹਾ।

ਕਈ ਬੀਬੀਆਂ ਐਹੋ ਜਿਹੀਆਂ ਹੰਝੂ ਕੇਰਦੀਆਂ ਹਨ ਜਿਨ੍ਹਾਂ ਦਾ ਮਨ ਕਰਦਾ ਹੈ ਉੱਠਾਂ ੩ ਵਜੇ, ੨ ਵਜੇ, ਪਰ ਜੀਵਨ-ਸਾਥੀ, ਪਤੀ ਇਹੋ ਜਿਹਾ ਮਿਲਿਆ ਹੁੰਦਾ ਹੈ ਕਿ ਇਸ ਚੀਜ਼ ਤੋਂ ਕਲੇਸ਼ ਪਾਉਂਦਾ ਹੈ ਕਿ ਖਬਰਦਾਰ! ਜੇ ਅੰਮ੍ਰਿਤ ਵੇਲੇ ਜਾਗੀ ਤਾਂ! ਪਰ ਜੀਵਨ-ਸਾਥੀ ਜਿਹੋ ਜਿਹਾ ਮਰਜ਼ੀ ਹੋਵੇ, ਅਸਲੀ ਮਰਦ ਤੇ ਉਹ ਹੈ ਜੋ ਨਿਮਰਤਾ ਨਾਲ ਮੁਕਾਬਲਾ ਵੀ ਕਰੀ ਜਾਵੇ ਤੇ ਨੇਮ ਵੀ ਨਾ ਛੱਡੇ, ਉਹ ਸਭ ਤੋਂ ਵੱਧ ਸਤਿਕਾਰਯੋਗ ਹੈ

ਜੀਵਨ-ਸਾਥੀ ਜਿਹੋ ਜਿਹਾ ਮਰਜ਼ੀ ਹੋਵੇ, ਪਰ ਕਿਧਰੇ ਹਿਰਦੇ ਰੂਪੀ ਘਰ ਵਿੱਚੋਂ ਗੁਰੂ ਦਾ ਵਾਸਾ ਨਾ ਨਿਕਲੇ! ਗੁਰਮੁਖ ਨੂੰ ਵੀ ਜੁਗਤੀ ਵਰਤ ਲੈਣੀ ਚਾਹੀਦੀ ਹੈ। ਇਕ ਤੇ ਉਹ ਜੁਗਤੀਆਂ ਨੇ, ਜਿਹੜੀਆਂ ਮਾੜੀਆਂ ਨੇ। ਪਰ ਉਹ ਜੁਗਤੀ ਜਿਹੜੀ ਭਲੇ ਲਈ ਵਰਤੀ ਜਾਵੇ, ਕੋਈ ਗੁਨਾਹ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਸੁਥਰਾ ਹੋਇਆ ਹੈ। ਉਸ ਨੇ ਵੀ ਪਿਆਰ ਭਰੀ ਜੁਗਤੀ ਵਰਤੀ ਸੀ। ਉਹ ਜਾਵੇ ਗੁਰੂ ਸਾਹਿਬ ਦੇ ਦਰਬਾਰ 'ਚ ਦਰਸ਼ਨ ਕਰਨ ਤੇ ਪਹਿਰੇਦਾਰ ਜਾਣ ਨਾ ਦੇਵੇ। ਪਹਿਰੇਦਾਰ ਆਖੇ, ਭੇਟਾ ਜਿਸ ਦੇ ਹੱਥ ਹੋਵੇ ਉਹ ਹੀ ਅੰਦਰ ਜਾਵੇਗਾ। ਸੁਥਰੇ ਨੇ ਜੁਗਤੀ ਵਰਤੀ। ਉਸ

ਨੇ ਰੇਤ ਲੈ ਕੇ ਉਸ ਦੀ ਪੰਡ ਬੰਨ੍ਹ ਲਈ ਤੇ ਪਹਿਰੇਦਾਰ ਨੂੰ ਕਿਹਾ, ਮੈਂ ਲੰਗਰ ਲਈ ਖੰਡ ਲੈ ਕੇ ਆਇਆ ਹਾਂ, ਮੈਨੂੰ ਲੰਘ ਜਾਣ ਦੇ। ਅੰਦਰ, ਲੰਗਰ 'ਚ ਖੰਡ ਪਾ ਆਵਾਂ। ਜੁਗਤੀ ਵਰਤੀ ਪਰ ਵਰਤ ਕਿਸ ਲਈ ਰਿਹਾ ਹੈ ਕਿ ਗੁਰੂ ਦੇ ਦੀਦਾਰੇ ਹੋ ਜਾਣ। ਜਦੋਂ ਅੰਦਰ ਗਿਆ, ਗੁਰੂ ਸਾਹਿਬ ਕੋਲ ਪਹੁੰਚ ਗਿਆ ਤੇ ਰੇਤ ਦੀ ਪੰਡ ਥੱਲੇ ਰੱਖੀ ਤੇ ਰੇਤ ਦੀ ਪੰਡ ਨੂੰ ਮੱਥੇ ਟੇਕੀ ਜਾਵੇ। ਸਤਿਗੁਰੂ ਕਹਿੰਦੇ, ਇਹ ਕੀ ਕਰ ਰਿਹਾ ਹੈਂ? ਸੁਥਰਾ ਕਹਿੰਦਾ, ਹੇ ਸਤਿਗੁਰੂ! ਮੇਰੀ ਪਹਿਲੀ ਨਮਸਕਾਰ ਏਸ ਰੇਤ ਦੀ ਪੰਡ ਨੂੰ ਹੈ ਜਿਸ ਦੇ ਸਦਕੇ ਮੈਨੂੰ ਤੇਰੇ ਦੀਦਾਰੇ ਹੋਏ ਹਨ। ਮੇਰੇ ਨਾਲ ਨਰਾਜ਼ ਨਾ ਹੋਣਾ! ਮੈਂ ਪਹਿਰੇਦਾਰ ਨੂੰ ਝੂਠ ਬੋਲ ਕੇ ਆਇਆ ਹਾਂ ਕਿ ਲੰਗਰ ਲਈ ਖੰਡ ਲੈ ਕੇ ਆਇਆ ਹਾਂ। ਗੁਰੂ ਸਾਹਿਬ ਕਹਿੰਦੇ, ਤੇਰੇ ਝੂਠ ਵਿਚ ਗੁਰੂ ਦੇ ਦਰਸ਼ਨਾਂ ਦੀ ਪਿਆਸ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਰ ਸਮੇਂ ਝੂਠ ਦਾ ਸਹਾਰਾ ਲੈਣਾ ਸ਼ੁਰੂ ਕਰ ਦੇਣਾ ਹੈ ਪਰ ਜੇ ਜੀਵਨ-ਸਾਥੀ ਗੁਰੂ-ਘਰ ਜਾਣ ਤੋਂ ਰੋਕੇ ਤਾਂ ਨਿਮਰਤਾ ਨਾਲ ਮੁਕਾਬਲਾ ਵੀ ਕਰੀ ਜਾਵੇ ਤੇ ਜੁਗਤੀ ਵਰਤ ਕੇ ਤੁਰੀ ਵੀ ਜਾਵੇ ਜੁਗਤੀ ਵਰਤਣੀ ਕੋਈ ਗੁਨਾਹ ਨਹੀਂ।

ਹਰ ਵੇਲੇ ਯਤਨ ਕਰਿਓ ਕਿ ਜੀਵਨ-ਸਾਥੀ ਵੀ ਏਸ ਲਾਈਨ 'ਤੇ ਆ ਜਾਵੇ, ਪਰ ਇਸ ਦੇ ਉਲਟ ਨਾ ਹੋਵੇ ਕਿ ਤੁਸੀਂ ਉਸ ਦੀ ਲਾਈਨ 'ਤੇ ਤੁਰ ਪਵੋ ਤੇ ਤੁਹਾਡੇ ਹਿਰਦੇ ਰੂਪੀ ਘਰ ਵਿੱਚੋਂ ਗੁਰੂ ਦਾ ਵਾਸਾ ਨਿਕਲ ਜਾਵੇ। ਉਸ ਨੂੰ ਲਿਆਉਣ ਦਾ ਯਤਨ ਕਰਨਾ ਹੈ ਆਪਣੀ ਲਾਈਨ 'ਤੇ ਲਿਆਉਣ ਦਾ। ਇਹ ਵੀ ਇਕ ਉਸ ਦੀ ਲੀਲ੍ਹਾ ਹੈ, ਗੁਰਮੁਖ ਤੇ ਮਨਮੁਖ ਦਾ ਮੇਲ ਬਹੁਤ ਕਰਾਉਂਦਾ ਹੈ। ਜੇ ਇਸਤਰੀ ਮੰਨਦੀ ਹੈ ਗੁਰੂ-ਘਰ ਨੂੰ ਤੇ ਕਿਧਰੇ ਬਹੁਤ ਹੀ ਚੰਗੇ ਕਰਮ ਹੋਣ ਤੇ ਘਰ ਵਾਲਾ ਮਿਲੇਗਾ ਗੁਰੂ-ਘਰ ਨੂੰ ਮੰਨਣ ਵਾਲਾ, ਨਹੀਂ ਤੇ ਦੂਜੇ ਸੁਭਾਅ ਦਾ ਹੋਵੇਗਾ। ਜੇ ਆਦਮੀ ਗੁਰੂ-ਘਰ ਨੂੰ ਮੰਨਦਾ ਹੈ ਤੇ ਪਿਛਲੇ ਬਹੁਤ ਹੀ ਚੰਗੇ ਕਰਮ ਹੋਣ ਤੇ ਪਤਨੀ ਮਿਲ ਜਾਵੇਗੀ ਗੁਰੂ-ਘਰ ਨੂੰ ਮੰਨਣ ਵਾਲੀ, ਨਹੀਂ ਤੇ ਦੂਸਰੀ ਲਾਈਨ ਦੀ ਮਿਲੇਗੀ। ਪਿਛਲੇ ਕਰਮ ਵੀ ਹੁੰਦੇ ਹਨ।

ਇਕ ਪੰਡਿਤ ਸੀ ਬਹੁਤ ਨਾਮ ਜਪਣ ਵਾਲਾ ਤੇ ਦੁਨੀਆਂ ਨੂੰ ਜੋੜਨ ਵਾਲਾ। ਬਹੁਤ ਸਤਿਕਾਰ ਸੀ ਉਸ ਦਾ ਲੋਕਾਂ ਵਿਚ ਪਰ ਉਸ ਦੀ ਪਤਨੀ ਉਸ

ਨੂੰ ਬਹੁਤ ਗਾਲ੍ਹਾਂ ਕੱਢਦੀ ਸੀ। ਇਕ ਦਿਨ ਕਿਸੇ ਨੇ ਪੁੱਛ ਲਿਆ, ਪੰਡਿਤ ਜੀ! ਲੋਕ ਤੁਹਾਡਾ ਇਤਨਾ ਸਤਿਕਾਰ ਕਰਦੇ ਹਨ, ਤੁਹਾਡੀ ਇਤਨੀ ਪੂਜਾ ਕਰਦੇ ਹਨ, ਪਰ ਤੁਹਾਡੀ ਪਤਨੀ ਤੁਹਾਡਾ ਇਸ ਤਰ੍ਹਾਂ ਨਿਰਾਦਰ ਕਰਦੀ ਹੈ! ਪੰਡਿਤ ਕਹਿਣ ਲੱਗਾ, ਇਹ ਮੇਰੇ ਹੀ ਪਿਛਲੇ ਕਰਮ ਹਨ। ਪਿਛਲੇ ਜਨਮ ਵਿਚ ਮੈਂ 'ਕਾਂ' ਸੀ ਤੇ ਮੇਰੀ ਪਤਨੀ 'ਗਧੀ'। ਇਸ ਦੀ ਪਿੱਠ 'ਤੇ ਇਕ ਫੋੜਾ ਸੀ। ਕਾਂ ਦਾ ਸੁਭਾਅ ਹੈ, ਗੰਦਗੀ 'ਚ ਚੁੰਝਾਂ ਮਾਰਨੀਆਂ। ਮੈਂ ਆਪਣੇ ਸੁਭਾਅ ਮੁਤਾਬਕ ਇਸ ਦੇ ਫੋੜੇ 'ਤੇ ਚੁੰਝਾਂ ਮਾਰਦਾ ਸੀ ਤੇ ਇਹ ਬਹੁਤ ਦੁਖੀ ਹੁੰਦੀ ਸੀ। ਅੱਜ ਇਹ ਮੇਰੇ ਕੋਲੋਂ ਉਹ ਬਦਲੇ ਲੈ ਰਹੀ ਹੈ। ਸੋ ਪਿਛਲੇ ਕਰਮ ਵੀ ਨਾਲ ਹੀ ਚੱਲਦੇ ਹਨ। ਬਾਕੀ ਇਹ ਇਕ ਉਸ ਦੀ ਲੀਲ੍ਹਾ ਵੀ ਹੈ ਕਿ ਉਸ ਦੇ ਸਦਕੇ ਉਸ ਨੂੰ ਤਰਾਉਣਾ ਹੈ ਤੇ ਬਾਕੀ ਚਾਹੀਦਾ ਤੇ ਇਹ ਹੈ ਪੁੰਨੀ ਬੰਦੇ ਨੂੰ ਕਿ ਪਾਪੀ ਬੰਦੇ ਨੂੰ ਜਿਹੜਾ ਪਾਪਾਂ ਦੇ ਰਾਹ 'ਤੇ ਨਰਕਾਂ ਨੂੰ ਜਾ ਰਿਹਾ ਹੈ ਉਸ ਨੂੰ ਤੋਰ ਕੇ ਆਪਣੇ ਮਗਰ ਲਿਆਵੇ, ਕਿਧਰੇ ਐਸਾ ਨਾ ਹੋਵੇ ਕਿ ਪੁੰਨੀ ਵੀ ਉਸ ਦੇ ਮਗਰ ਲੱਗ ਕੇ ਉਸ ਵਰਗਾ ਬਣ ਜਾਵੇ। ਐਸਾ ਯਤਨ ਕਰਨਾ ਹੈ ਜ਼ਿੰਦਗੀ ਵਿਚ, ਜੀਵਨ-ਸਾਥੀ ਜਿਹੋ ਜਿਹਾ ਮਰਜ਼ੀ ਹੋਵੇ, ਦੂਜੇ ਦੀ ਹਿਰਦੇ ਰੂਪੀ ਘਰ ਵਿੱਚੋਂ ਵੀ ਤੇ ਇੱਟਾਂ ਦੇ ਘਰ ਵਿੱਚੋਂ ਵੀ ਗੁਰੂ ਦਾ ਵਾਸਾ ਨਾ ਨਿਕਲੇ। ਜੇ ਘਰ ਵਿਚ ਸੁਖ-ਸ਼ਾਂਤੀ ਹੈ, ਪਤੀ-ਪਤਨੀ ਦਾ ਸੁਭਾਅ ਰਲਦਾ ਹੈ ਤਾਂ ਇਹ ਵੀ ਕੋਈ ਪਿਛਲੇ ਸੰਜੋਗ ਨੇ, ਕੋਈ ਚੰਗੇ ਪੁੰਨ ਨੇ। ਇਸ ਦੇ ਉਲਟ ਜੇ ਇਕ ਦੂਜੇ ਨੂੰ ਜੀਣ ਨਹੀਂ ਦੇਂਦੇ ਤਾਂ ਇਹ ਵੀ ਪਿਛਲੇ ਕੀਤੇ ਮਾੜੇ ਕਰਮਾਂ ਦੀ ਨਿਸ਼ਾਨੀ ਹੈ। ਪਿਆਰ ਨਾਲ ਸਮਝਣ ਦੀ ਕੋਸ਼ਿਸ਼ ਕਰੋ, ਸਮਝ ਜਾਵੇ ਤਾਂ ਠੀਕ, ਨਾ ਸਮਝੇ ਤਾਂ ਠਾਠਾ-ਬਾਗਾ ਕਰ ਕੇ ਲੰਘਾਈ ਜਾਵੋ।

ਇਕ ਘਰ ਵਿਚ ਗਰੀਬੀ ਬੜੀ ਸੀ ਤੇ ਸਾਰੇ ਪਰਵਾਰ ਕੋਲ ਇੱਕੋ ਕਮਰਾ। ਘਰਵਾਲੀ ਦਾ ਪੰਜ ਪਾਠ ਸੁਖਮਨੀ ਸਾਹਿਬ ਰੋਜ਼ ਦਾ ਨੇਮ ਸੀ ਪਰ ਘਰਵਾਲਾ ਕਹਿੰਦਾ, ਮੈਂ ਟੀ.ਵੀ. ਦੇਖੇ ਬਗੈਰ ਨਹੀਂ ਰਹਿ ਸਕਦਾ, ਤੂੰ ਤੇ ਰੱਬ ਦੇ ਘਰ ਦਾ ਠੇਕਾ ਲਿਆ ਹੈ! ਪਤੀ ਨੇ ਸ਼ਾਮ ਨੂੰ ਟੀ.ਵੀ. ਲਾ ਕੇ ਬੈਠ ਜਾਣਾ। ਪਤਨੀ ਦੇ ੩ ਕੁ ਪਾਠ ਦਿਹਾੜੀ ਵਿੱਚ ਹੋ ਜਾਣੇ ਤੇ ੨ ਕੁ ਰਹਿ ਜਾਣੇ। ਹੁਣ ਕਮਰਾ ਇੱਕੋ, ਉਸ ਵਿਚ ਟੀ.ਵੀ. ਤੇ ਉਥੇ ਹੀ ਪਾਠ ਕਰਨਾ ਹੁੰਦਾ ਸੀ। ਉਹ

ਬੀਬੀ ਕਹਿੰਦੀ, ਮੈਂ ਪਲੰਘ 'ਤੇ ਬੈਠ ਕੇ ਟੀ.ਵੀ ਵੱਲ ਪਿੱਠ ਕਰ ਲੈਣੀ ਕਿ ਤੁਸੀਂ ਫਿਲਮ ਵੇਖੀ ਜਾਵੋ ਤੇ ਮੈਂ ਪਾਠ ਕਰ ਲੈਂਦੀ ਹਾਂ। ਪਰ ਇਸ ਤਰ੍ਹਾਂ ਉਸ ਦਾ ਮਨ ਨਾ ਜੁੜਨਾ ਕਿਉਂਕਿ ਕੰਨਾਂ ਵਿਚ ਫਿਲਮ ਦੀ ਅਵਾਜ਼ ਪੈਣੀ। ਫਿਰ ਕਹਿੰਦੀ, ਇਕ ਦਿਨ ਮਨ 'ਚ ਵਿਚਾਰ ਆਈ ਕਿ ਮੈਂ ਕੰਨਾਂ 'ਚ ਰੂੰ ਦੇ ਕੇ ਪਾਠ ਕਰ ਲਿਆ ਕਰਾਂਗੀ। ਵੇਖੋ! ਘਰੇਲੂ ਮਾਹੌਲ ਦਾ ਮੁਕਾਬਲਾ ਵੀ ਕੀਤਾ, ਕਲੇਸ਼ ਵੀ ਨਹੀਂ ਪਾਇਆ ਕਿ ਤੁਸੀਂ ਟੀ.ਵੀ. ਛੱਡ ਦਿਓ ਪਰ ਆਪਣਾ ਨੇਮ ਵੀ ਨਹੀਂ ਛੱਡਿਆ। ਕਹਿਣ ਤੋਂ ਭਾਵ ਕਿਸੇ ਤਰ੍ਹਾਂ ਵੀ ਕੋਈ ਵੀ ਠਾਠਾ-ਬਾਗਾ ਜਾਂ ਢੰਗ ਅਪਣਾ ਕੇ ਨਿਮਰਤਾ ਨਾਲ ਚੱਲਦੇ ਜਾਵੋ ਪਰ ਰੁਕਣਾ ਨਹੀਂ।

ਇਕ ਬੀਬੀ ਦਾ ਜ਼ਿਕਰ ਹੈ। ਉਸ ਉੱਤੇ ਮਨੀਕਰਣ ਸਾਹਿਬ ਵਾਲੇ ਮਹਾਂ ਪੁਰਸ਼ ਬਾਬਾ ਹਰੀ ਨਰਾਇਣ ਜੀ ਦੀ ਵੀ ਕਿਰਪਾ ਹੋਈ। ਜਦੋਂ ਅਜੇ ਬੱਚੀ ਸੀ ੧੩-੧੪ ਸਾਲ ਦੀ, ਉਹ ਗਈ ਸੀ ਇਕ ਵਾਰੀ ਆਪਣੇ ਪਰਵਾਰ ਨਾਲ ਮਨੀਕਰਣ ਸਾਹਿਬ, ਦਰਸ਼ਨ ਕਰਨ। ਮਹਾਂ ਪੁਰਸ਼ਾਂ ਨੇ ਓਸ ਬੱਚੀ ਦਾ ਹੱਥ, ਵੇਖਦਿਆਂ ਕਿਹਾ, ਸ੍ਰੀ ਜਪੁਜੀ ਸਾਹਿਬ ਪੜ੍ਹਦੀ ਹੁੰਦੀ ਹੈਂ? ਉਹ ਕਹਿੰਦੀ, ਜੀ ਹਾਂ। ਮਹਾਂ ਪੁਰਸ਼ ਕਹਿੰਦੇ, ਕਿੰਨਾ ਸਮਾਂ ਲੱਗਦਾ ਹੈ? ਕਹਿੰਦੀ, ਜੀ ੧੨-੧੩ ਮਿੰਟ ਲੱਗਦੇ ਹਨ। ਕੋਲ ਹੀ ਇਕ ਹੋਰ ਕੁੜੀ ਬੈਠੀ ਸੀ। ਉਸ ਵੱਲ ਉਂਗਲ ਕਰ ਕੇ ਮਹਾਂ ਪੁਰਸ਼ ਕਹਿੰਦੇ, ਇਹ ਤੇ ੫ ਮਿੰਟ ਵਿਚ ਪੜ੍ਹ ਲੈਂਦੀ ਹੈ ਤੇ ਤੂੰ ੧੨ ਮਿੰਟ ਵਿਚ ਪੜ੍ਹਦੀ ਹੈਂ? ਉਹ ਕਹਿੰਦੀ, ਜੀ ਮੈਨੂੰ ਤੇ ੧੨-੧੩ ਮਿੰਟ ਲੱਗ ਜਾਂਦੇ ਹਨ। ਇਸ ਦਾ ਮਤਲਬ ਇਹ ਨਹੀਂ ਕਿ ਬਾਣੀ ਕਾਹਲੀ-ਕਾਹਲੀ ਪੜ੍ਹਨੀ ਹੈ, ਇਹ ਇਕ ਅਵਸਥਾ ਹੈ। ਜਦੋਂ ਅਵਸਥਾ ਉੱਚੀ ਬਣ ਜਾਂਦੀ ਹੈ Automatically ਸਮਾਂ ਘੱਟ ਲੱਗਦਾ ਹੈ।

ਮਹਾਂ ਪੁਰਸ਼ ਉਸ ਨੂੰ ਕਹਿੰਦੇ, ਜਾਹ ਬਾਹਰ ਲਛਮਣ ਝੂਲੇ ਦੇ ਦੁਆਲੇ ਚਾਰ ਗੇੜੇ ਲਾ ਕੇ ਆ ਤੇ ੪ ਗੇੜਿਆਂ ਵਿਚ ੪ ਪਾਠ ਸ੍ਰੀ ਜਪੁਜੀ ਸਾਹਿਬ ਦੇ ਕਰ ਕੇ ਆ। ਬੱਚੀ ਜਦੋਂ ਵਾਪਸ ਆਈ ਤੇ ਕੋਲ ਪਿਤਾ ਵੀ ਬੈਠਾ ਸੀ। ਮਹਾਂ ਪੁਰਸ਼ਾਂ ਨੇ ਬੱਚੀ ਦੇ ਪਿਤਾ ਨੂੰ ਕਿਹਾ, ਇਹ ਬੱਚੀ ਸੰਤਨੀ ਹੈ, ਇਸ ਦਾ ਵਿਆਹ ਨਾ ਕਰਨਾ! ਪਿਤਾ ਕਹਿੰਦੇ, ਇਹ ਬਚਨ ਵਾਪਸ ਲੈ ਲਵੋ, ਮੈਂ ਇਸ ਨੂੰ ਕਿਵੇਂ ਰੱਖਾਂਗਾ? ਮਹਾਂ ਪੁਰਸ਼ ਕਹਿੰਦੇ, ਬਚਨ ਮੰਨ, ਇਹ ਸੰਤਨੀ ਹੈ, ਇਸ

ਨੇ ਸੇਵਾ ਕਰਨੀ ਹੈ। ਪਰ ਉਹ ਨਾ ਮੰਨਿਆ। ਮਹਾਂ ਪੁਰਸ਼ ਕਹਿੰਦੇ, ਚੰਗਾ ਫੇਰ ਤੇਰੀ ਮਰਜ਼ੀ! ਕਰ ਲੈ, ਪਰ ਇਸ ਨੂੰ ਪ੍ਰੇਸ਼ਾਨੀਆਂ ਬਹੁਤ ਆਉਣਗੀਆਂ। ਮਹਾਂ ਪੁਰਸ਼ਾਂ ਨੇ ਬੱਚੀ ਨੂੰ ਪਤਾ ਨਹੀਂ ਕਿਹੜੀ ਹਿਰਦੇ 'ਚੋਂ ਅਸੀਸ ਦਿੱਤੀ ਸੀ ਕਿ ਬਾਣੀ ਦੇ ਵਾਸੇ ਚੱਲ ਪਏ, ਬਖਸ਼ਿਸ਼ ਹੋ ਗਈ। ਸਮੇਂ ਮੁਤਾਬਕ ਬੱਚੀ ਦਾ ਵਿਆਹ ਹੋ ਗਿਆ। ਉਸ ਦਾ ਪੇਕੇ ਘਰ ਨੇਮ ਸੀ 2½ ਵਜੇ ਦਾ ਤੇ ਸਹੁਰੇ ਘਰ ਜਾ ਕੇ ਜਦੋਂ ਉਠੀ 2½ ਵਜੇ ਕਿ ਕਰਾਂ ਇਸ਼ਨਾਨ, ਪੜ੍ਹਾਂ ਸੁਖਮਨੀ ਸਾਹਿਬ ਤਾਂ ਸੱਸ ਕਹਿੰਦੀ, ਇਥੇ ਨਹੀਂ ਚੱਲਣਾ ਤੇਰਾ 2½ ਵਜੇ ਉਠਣਾ ਤੇ ਨਾ ਹੀ ਸੁਖਮਨੀ ਸਾਹਿਬ ਪੜ੍ਹਨਾ। ਹੁਣ ਕੀ ਕਰੇ? ਲੜੇ ਸੱਸ ਨਾਲ? ਇਕ-ਦੋ ਵਾਰੀ ਸਮਝਾਇਆ ਕਿ ਮੰਨ ਜਾਣਗੇ। ਜਦੋਂ ਅਗਲੇ ਦਿਨ ਉਠੀ, ਫੇਰ ਕੰਮ ਗਰਮ। ਤੀਜੇ-ਚੌਥੇ ਦਿਨ ਸੱਸ ਨੇ ਕਹਿ ਦਿੱਤਾ, ਜੇ ਤੇਰੇ ਕਮਰੇ ਦੀ ਬੱਤੀ ਜਗੀ ੬ ਵਜੇ ਤੋਂ ਪਹਿਲੇ ਤੇ ਪੇਕੇ ਭੇਜ ਦੇਣਾ ਹੈ ਤੈਨੂੰ। ਹੁਣ ਦੱਸੋ, ਸਾਧਕ ਹੋਵੇ, ਰਾਹ 'ਤੇ ਤੁਰਿਆ ਹੋਵੇ, ਖੁਰਾਕ ਲੈਣ ਵਾਲਾ ਹੋਵੇ 2½ ਵਜੇ, ਇਹ ਉਸ ਨੂੰ ਹੀ ਪਤਾ ਹੈ ਕਿ ਕਿੰਨਾ ਕੁ ਉਸ ਦੇ ਲਈ ਦੁੱਖ ਹੈ! ਹੁਣ ਕਈ ਇਥੇ ਰੁਕ ਜਾਂਦੇ ਹਨ, ਹੁਣ ਉਹ ਬੱਚੀ ਜੇ 2½ ਵਜੇ ਉਠਦੀ ਹੈ ਤੇ ਘਰ ਵਿਚ ਕਲੇਸ਼ ਪੈਂਦਾ ਹੈ। ਵਿਆਹ ਵੀ ਨਵਾਂ ਹੈ, ਕੋਈ ਕੀ ਕਹੇਗਾ? ਤੂੰ ੧੦ ਦਿਨ ਵਿਚ ਹੀ ਕਲੇਸ਼ ਪਾ ਦਿੱਤਾ? ਹੁਣ ਉਸ ਬੱਚੀ ਨੇ ੨ ਕੰਮ ਕੀਤੇ। ਇਕ ਤੇ ਸ੍ਰੀ ਸੁਖਮਨੀ ਸਾਹਿਬ ਜ਼ੁਬਾਨੀ ਯਾਦ ਕਰਨੀ ਸ਼ੁਰੂ ਕਰ ਦਿੱਤੀ ਤੇ ਇਕ ਬੈਟਰੀ ਮੰਗਵਾ ਲਈ ਕਿ ਜਿੰਨਾ ਚਿਰ ਜ਼ੁਬਾਨੀ ਨਹੀਂ ਯਾਦ, ਬੈਟਰੀ ਨਾਲ ਕਰ ਲਵਾਂਗੀ, ਪਰ 2½ ਵਜੇ ਦਾ ਨੇਮ ਨਹੀਂ ਛੱਡਣਾ! ਉਸ ਨੇ ਉਠਣਾ 2½ ਵਜੇ ਤੇ ਬੈਟਰੀ ਨਾਲ ਜੋ ਨੇਮ ਕਰ ਲੈਣਾ ਤੇ ਫੇਰ ਬਾਅਦ ਵਿਚ ਇਸ਼ਨਾਨ। ਹੁਣ ਇਹੋ ਜਿਹੀ ਜਗ੍ਹਾ 'ਤੇ ਇਸ਼ਨਾਨ ਲੇਟ ਵੀ ਹੈ, ਮਜਬੂਰੀ ਹੋ ਗਈ ਪਰ ਜਪਣ ਦੇ ਕੰਮ ਨੂੰ ਨਹੀਂ ਛੱਡਿਆ।

ਕਾਫੀ ਸਾਲ ਇਸ ਬੱਚੀ ਨੇ ਇਸ ਤਰ੍ਹਾਂ ਹੀ ਲੰਘਾਏ। ਘਰੇਲੂ ਮਾਹੌਲ ਰੁਕਾਵਟ ਪਾਉਂਦਾ ਰਿਹਾ ਪਰ ਨਿਮਰਤਾ ਵੀ ਰੱਖੀ ਤੇ ਸਾਂਈਂ ਦਾ ਨੇਮ ਵੀ ਨਹੀਂ ਛੱਡਿਆ। ਕੀ ਬੀਤੀ ਇਨ੍ਹਾਂ ਘਰ? ਕੁਝ ਸਾਲਾਂ ਬਾਅਦ ਸੱਸ ਨੂੰ ਅਧਰੰਗ ਹੋ ਗਿਆ। ਇਸ ਤੋਂ ਇਹ ਵੀ ਸੇਧ ਲੈਣਾ ਕਿ ਜਿਹੜਾ ਰੁਕਾਵਟ ਪਾਵੇ, ਉਸ ਨੂੰ ਡਰ ਕੇ ਰਹਿਣਾ ਚਾਹੀਦਾ ਹੈ। ਜਿਸ ਦਿਨ ਰੁਕਾਵਟ ਪਾਉਣ ਵਾਲੇ ਦੇ ਪੁੰਨ

ਖਤਮ ਹੋ ਗਏ, ਰੱਬ ਵੱਲੋਂ ਪਰਚਾ ਪਵੇਗਾ ਹੀ ਪਵੇਗਾ! ਉਹ ਤਦ ਤਕ ਹੀ ਬਚਿਆ ਹੈ ਜਦ ਤਕ ਪਿਛਲੇ ਪੁੰਨ ਹੈ ਨੇ। ਜਿਉਂ-ਜਿਉਂ ਰੁਕਾਵਟ ਪਾਉਂਦਾ ਹੈ, ਪੁੰਨ ਸੜਦੇ ਜਾਂਦੇ ਹਨ। ਜਦ ਤਕ ਹਰਨਾਕਸ਼ ਦੇ ਪੁੰਨ ਸੀ, ਬਚਿਆ ਸੀ, ਸੁੱਟਿਆ ਪਹਾੜ ਤੋਂ, ਸੁੱਟਿਆ ਅੱਗ ਵਿਚ, ਸੁੱਟਿਆ ਪਾਣੀ ਵਿਚ, ਪੁੰਨ ਬੜੀ ਸਪੀਡ 'ਤੇ ਖਤਮ ਹੋ ਗਏ। ਫਿਰ?

"ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥"

(ਅੰਗ ੪੫੧)

ਇਹ ਤੇ ਜੋ ਰੁਕਾਵਟ ਪਾਉਂਦਾ ਹੈ, ਉਦੋਂ ਤਕ ਹੀ ਬਚਿਆ ਹੈ ਜਦ ਤਕ ਪੁੰਨ ਨੇ। ਜਿਤਨੀ ਰੁਕਾਵਟ ਦੀ ਸਪੀਡ ਵਧਦੀ ਜਾਵੇ, ਪੁੰਨ ਉਤਨੀ ਹੀ ਸਪੀਡ ਨਾਲ ਖਤਮ ਹੋਣਗੇ। ਅਸੀਂ ਕਿਧਰੇ ਰੁਕਾਵਟ ਪਾਉਣ ਵਾਲਿਆਂ ਦੀ ਗਿਣਤੀ 'ਚ ਨਾ ਆਈਏ! ਸਾਡੇ ਘਰ 'ਚ ਕੋਈ ਸਾਧਨਾ ਕਰਨ ਵਾਲਾ ਹੋਵੇ, ਰੁਕਾਵਟ ਨਾ ਪਾਈਏ ਤੇ ਸਾਨੂੰ ਕੋਈ ਰੁਕਾਵਟ ਪਾਵੇ, ਉਸ ਦਾ ਮੁਕਾਬਲਾ ਨਿਮਰਤਾ ਨਾਲ ਕਰੀ ਜਾਈਏ, ਪਰ ਸਾਧਨਾ ਨਾ ਛੱਡੀਏ।

ਓਸ ਬੱਚੀ ਦੀ ਸੱਸ ਨੂੰ ਅਧਰੰਗ ਹੋ ਗਿਆ ਪਰ ਓਸ ਬੱਚੀ ਦੀ ਅਵਸਥਾ ਸੀ, ਹਿਰਦੇ ਵਿਚ ਕਿਣਕਾ ਵੀ ਨਹੀਂ ਆਉਣ ਦਿੱਤਾ ਕਿ ਮੈਨੂੰ ਰੋਕਦੀ ਸੀ ਤਾਂ ਹੀ ਅਧਰੰਗ ਹੋ ਗਿਆ ਹੈ! ਉਸ ਨੇ ਪੂਰੀ ਸੇਵਾ ਕੀਤੀ, ਗੰਦਗੀ ਵੀ ਧੋਤੀ, ਜੰਗਲ-ਪਾਣੀ ਵੀ, ਪੇਸ਼ਾਬ ਵੀ ਕਰਾਉਣਾ, ਸਭ ਸੇਵਾ ਕਰਨੀ। ਅੰਦਰ ਇਹ ਨਹੀਂ ਆਉਣ ਦਿੱਤਾ ਕਿ ਮੇਰੇ ਕਰਕੇ ਇਹ ਸਭ, ਇਹੀ ਕਿ ਕੁਦਰਤ ਵੱਲੋਂ ਜੋ ਵਾਪਰਿਆ ਹੈ। ਪੂਰੀ ਸੇਵਾ ਕੀਤੀ ਸੱਸ ਦੀ ਨਿਮਰਤਾ ਨਾਲ।

ਜੇ ਪ੍ਰਹਿਲਾਦ ਦਾ ਇਤਿਹਾਸ ਪੜ੍ਹੋ ਤਾਂ ਉਸ ਨੇ ਵੀ ਆਖਿਆ ਸੀ, ਪ੍ਰਮੇਸ਼ਰ! ਮੇਰੇ ਪਿਤਾ ਦਾ ਉਧਾਰ ਕਰ ਦੇਵੀਂ। ਪ੍ਰਮੇਸ਼ਰ ਨੇ ਆਖਿਆ ਸੀ, ਪ੍ਰਹਿਲਾਦ ਤੂੰ ਭਗਤ ਹੈਂ, ਤੂੰ ਇਕ ਪਿਉ ਦੀ ਗੱਲ ਕਰਦਾ ਹੈਂ? ਮੈਂ ਤੇਰੀਆਂ ੨੧ ਕੁਲਾਂ ਦਾ ਉਧਾਰ ਕਰਾਂਗਾ। ਭਾਵ ਕਿ ਭਗਤ ਨੇ ਆਪਣਾ ਬੁਰਾ ਕਰਨ ਵਾਲੇ ਦਾ ਵੀ ਭਲਾ ਹੀ ਮੰਗਿਆ ਹੈ। ਸੱਸ ਦੀ ਪੂਰੀ ਸੇਵਾ ਕੀਤੀ ਓਸ ਬੱਚੀ ਨੇ। ਇਕ ਦਿਨ ਸੇਵਾ ਕਰਦਿਆਂ, ਬੱਚੀ ਕੋਲੋਂ ਗਮਲਾ ਟੁੱਟ ਗਿਆ। ਸੱਸ ਲੰਮੇ ਪਈ ਹੀ ਕਹਿੰਦੀ, ਗਮਲਾ-ਗਮਲਾ! ਮੈਂ ਤੈਨੂੰ ਅਸੀਸ ਦੇਂਦੀ ਹਾਂ ਕਿ ਰੱਬ ਤੈਨੂੰ

ਸੋਨੇ ਦੇ ਗਮਲੇ ਦੇਵੇ! ਤੂੰ ਮੇਰੀ ਇਤਨੀ ਸੇਵਾ ਕਰਦੀ ਹੈਂ। ਉਹ ਬੱਚੀ ਕਹਿੰਦੀ ਸੱਸ ਨੂੰ, ਬਜ਼ੁਰਗਾਂ ਦੀ ਅਸੀਸ ਲੱਗਦੀ ਹੈ, ਮੈਨੂੰ ਇਹ ਅਸੀਸ ਨਾ ਦਿਓ, ਮੈਂ ਖਾਣਾ ਹੈ ਸੋਨੇ ਨੂੰ? ਜੇ ਅਸੀਸ ਦੇਣੀ ਹੈ ਤੇ ਮੈਂ ਆਪਣੀ ਚੁੰਨੀ ਅੱਡਦੀ ਹਾਂ, ਤੁਸੀਂ ਮੇਰੀ ਚੁੰਨੀ ਵਿਚ ਸ੍ਰੀ ਸੁਖਮਨੀ ਸਾਹਿਬ ਦਾ ਗੁਟਕਾ ਪਾ ਦਿਓ! ਤੁਹਾਡੀ ਰੁਕਾਵਟ ਦਾ ਮੈਂ ਮੁਕਾਬਲਾ ਤੇ ਕਰਦੀ ਰਹੀ ਹਾਂ।

ਪਰ ਮੈਂ ਚਾਹੁੰਦੀ ਹਾਂ ਕਿ ਤੁਹਾਡੇ ਹੱਥੋਂ ਮੈਨੂੰ ਅਸੀਸ ਮਿਲ ਜਾਵੇ ਸ੍ਰੀ ਸੁਖਮਨੀ ਸਾਹਿਬ ਦੀ ਤੇ ਮੇਰਾ ਰੰਗ ਹੋਰ ਵਧ ਜਾਵੇ। ਸੱਸ ਕਹਿੰਦੀ, ਮੈਂ ਨਹੀਂ ਪਾਉਣਾ ਸ੍ਰੀ ਸੁਖਮਨੀ ਸਾਹਿਬ ਦਾ ਗੁਟਕਾ, ਮੈਂ ਤੇ ਇਹੀ ਅਸੀਸ ਦੇਣੀ ਹੈਂ! ਉਹ ਬੱਚੀ ਕਹਿੰਦੀ ਅੱਗੋਂ 'ਪਿਆਰ ਨਾਲ', ਜੇ ਤੁਸੀਂ ਮੇਰੇ ਮੁਤਾਬਕ ਅਸੀਸ ਨਹੀਂ ਦੇਣੀ ਤੇ ਫੇਰ ਮੈਂ ਵੀ ਤੁਹਾਡੀ ਸੇਵਾ ਨਹੀਂ ਕਰਨੀ! ਮੈਨੂੰ ਨਹੀਂ ਚਾਹੀਦੇ ਸੋਨੇ ਦੇ ਗਮਲੇ, ਮੇਰੀ ਝੋਲੀ ਵਿਚ ਸ੍ਰੀ ਸੁਖਮਨੀ ਸਾਹਿਬ ਦਾ ਗੁਟਕਾ ਪਾ ਦਿਓ! ਜਦੋਂ ਉਸ ਨੇ ਦੁਬਾਰਾ ਇਹੀ ਗੱਲ ਕਹੀ ਤੇ ਸੱਸ ਨੇ ਆਪਣੇ ਹੱਥ ਸੁੱਚੇ ਕਰਵਾਏ ਤੇ ਕਿਹਾ, ਲਿਆ ਫੇਰ ਸ੍ਰੀ ਸੁਖਮਨੀ ਸਾਹਿਬ ਜੀ ਦਾ ਗੁਟਕਾ। ਸੱਸ ਨੇ ਉਹ ਗੁਟਕਾ ਉਸ ਦੀ ਝੋਲੀ 'ਚ ਪਾਇਆ ਤੇ ਉਹੋ ਰੋਕਣ ਵਾਲੀ ਦੇ ਮੂੰਹੋਂ ਨਿਕਲਿਆ, ਗੁਰੂ ਨਾਨਕ ਕਰੇ, ਏਸ ਸੁਖਮਨੀ ਸਾਹਿਬ ਨਾਲ ਤੂੰ ਹਮੇਸ਼ਾ ਜੁੜੀ ਰਹੇਂ! ਕੁਝ ਸਮੇਂ ਬਾਅਦ ਸੱਸ ਚੜ੍ਹਾਈ ਕਰ ਗਈ। ਅੱਜ ਉਸ ਬੀਬੀ ਨੂੰ ਕਈਆਂ ਨੂੰ ਤਾਰਨ ਵਾਲੀ ਅਵਸਥਾ ਬਾਬੇ ਨਾਨਕ ਜੀ ਨੇ ਬਖਸ਼ ਦਿੱਤੀ ਹੈ।

ਇਹ ਤੇ ਗੱਲਾਂ ਦੁਨਿਆਵੀ ਨੇ। ਜੇ ਅਸੀਂ ਇਤਿਹਾਸ ਵੱਲ ਝਾਤੀ ਮਾਰੀਏ, ਬੇਣੀ ਭਗਤ ਦੀ ਘਰ ਵਾਲੀ ਵੀ ਡਾਢੀ ਸੀ। ਗਰੀਬੀ ਵੀ ਸੀ। ਏਥੋਂ ਤਕ ਕਿ ਘਰੇਲੂ ਮਾਹੌਲ ਤੋਂ ਤੰਗ ਆ ਕੇ, ਜਦੋਂ ਅਜੇ ਭਗਤ ਨਹੀਂ ਸੀ ਬਣੇ, ਆਤਮ-ਹੱਤਿਆ ਕਰਨ ਤੁਰ ਪਏ ਸੀ ਕਿ ਮੈਂ ਮਰ ਹੀ ਜਾਣਾ ਹੈ! ਰਾਹ ਵਿਚ ਮਹਾਂ ਪੁਰਸ਼ਾਂ ਦਾ ਮੇਲ ਹੋ ਗਿਆ, ਉਨ੍ਹਾਂ ਰਸਤਾ ਦਿੱਤਾ। ਕਿਹਾ, ਆਤਮ-ਹੱਤਿਆ ਕਰਨ ਨਾਲ ਸਰੀਰ ਖਤਮ ਹੋਵੇਗਾ ਪਰ ਆਤਮਾ ਤੇ ਕਲਪੇਗੀ, ਰੱਬ ਦੀ ਭਗਤੀ ਵੱਲ ਮਿਹਨਤ ਲਾ। ਜਦੋਂ ਭਗਤੀ ਸ਼ੁਰੂ ਕੀਤੀ, ਘਰਵਾਲੀ ਤੰਗ ਕਰੇ, ਲਿਆ ਕੁਝ! ਉਸ ਨੇ ਝੂਠ ਬੋਲਿਆ, ਮੈਂ ਰਾਜੇ ਦੇ ਦਰਬਾਰ ਵਿਚ ਕਥਾ ਕਰਦਾ ਹਾਂ। ਜਿਸ ਦਿਨ ਭੋਗ ਪਿਆ ਉਸ ਦਿਨ ਸਾਰਾ ਕੁਝ ਜੋ ਭੇਟਾ ਵਗੈਰਾ

ਮਿਲੇਗੀ ਉਹ ਘਰ ਲੈ ਕੇ ਆਊਂ! ੧੦-੧੫ ਦਿਨ, ਮਹੀਨਾ ਲੰਘਿਆ। ਇਸ਼ਕ ਲੱਗਾ ਸੀ, ਜਾਣਾ ਤੇ ਬੈਠ ਜਾਣਾ ਸਿਮਰਨ ਵਿਚ। ਇਕ ਦਿਨ ਘਰ ਆਇਆ ਤੇ ਘਰਵਾਲੀ ਕਹਿੰਦੀ, ਤੇਰੇ 'ਮਰ ਗਏ' ਰਾਜੇ ਦੀ ਕਥਾ ਦਾ ਭੋਗ ਕਦੋਂ ਪੈਣਾ ਹੈ? ਮੁਖ ਵਿੱਚੋਂ ਗਾਲ੍ਹਾਂ, ਕੀ ਭਾਂਡੇ, ਕੀ ਪੀਪੇ, ਸਭ ਬਾਹਰ ਸੁੱਟਣੇ ਸ਼ੁਰੂ ਕਰ ਦਿੱਤੇ। ਮਰ ਗਿਆ ਤੇਰਾ ਰਾਜਾ ਵੀ ਤੇ ਤੂੰ ਵੀ, ਹੁਣ ਘਰ ਤਾਂ ਵੜੀਂ, ਜੇ ਕੁਝ ਲੈ ਕੇ ਆਵੇਂਗਾ! ਉਸ ਦਿਨ ਮਨ 'ਚ ਬੜਾ ਵਿਰਲਾਪ ਸੀ। ਕਿਉਂ? ਕਲੇਸ਼ 'ਚੋਂ ਗਿਆ ਸੀ, ਵਿਵਾਦ ਨਹੀਂ ਸੀ ਕੀਤਾ, ਨੇਮ ਵੀ ਨਹੀਂ ਛੱਡਿਆ। ਉਸੇ ਦਿਨ ਆਪ ਪ੍ਰਮੇਸ਼ਰ, ਰਾਜੇ ਦਾ ਰੂਪ ਧਾਰ ਕੇ ਆਇਆ। ਪਰ ਦੱਸੋ, ਪਹਿਲੇ ਟਾਈਮ ਕਿਵੇਂ ਲੰਘਾਇਆ? ਭਾਈ ਗੁਰਦਾਸ ਜੀ ਲਿਖਦੇ ਨੇ:

"………ਵਲੁ ਛਲੁ ਕਰਿ ਕੈ ਝਥ ਲੰਘਾਵੈ।"

(ਵਾਰ ੧੦: ੧੪)

ਜੇ ਹਰੀ ਚੰਦ ਦੀ ਪਤਨੀ ਦੀ ਗੱਲ ਲੈ ਲਈਏ। ਉਸ ਨੂੰ ਰਾਜਾ ਹਰੀ ਚੰਦ ਰੋਕਦਾ ਸੀ। ਕੀ ਉਸ ਨੇ ਨੇਮ ਛੱਡਿਆ? ਨਿਮਰਤਾ ਨਾਲ ਮੁਕਾਬਲਾ ਵੀ ਕਰੀ ਗਈ ਕਿ ਸੌਂ ਗਏ ਨੇ ਤੇ ਚਲੇ ਜਾਣਾ ਸਤਿਸੰਗ 'ਤੇ, ਪਤਾ ਨਹੀਂ ਕਿੰਨੇ ਕੁ ਮਹੀਨੇ ਜਾਂਦੀ ਰਹੀ ਕਿ ਆਪੇ ਜਿਸ ਦਿਨ ਪਤਾ ਲੱਗੇਗਾ ਦੇਖੀ ਜਾਵੇਗੀ, ਜਿਸ ਦੇ ਦਰ 'ਤੇ ਜਾਂਦੀ ਹਾਂ, ਉਹ ਆਪੇ ਰਾਖੀ ਕਰੇਗਾ ਤੇ ਫਿਰ ਰਾਖੀ ਕੀਤੀ ਵੀ।

ਜੇ ਗੁਰੂ ਨਾਨਕ ਸਾਹਿਬ ਦੇ ਜੀਵਨ ਵੱਲ ਝਾਤੀ ਮਾਰੀਏ, ਜਦੋਂ ਚੱਲੇ ਨੇ ਦੁਨੀਆਂ ਨੂੰ ਤਾਰਨ ਲਈ, ਘਰਵਾਲੀ ਨੇ ਨਹੀਂ ਰੋਕਿਆ। ਉਸ ਨੇ ਤੇ ਭੇਜ ਦਿੱਤਾ। ਭੈਣ ਵੀ ਨਹੀਂ ਰੁਕਾਵਟ ਬਣੀ ਪਰ ਇਕ ਸਰੀਰ ਬਣਿਆ ਰੁਕਾਵਟ। ਉਸ ਨੇ ਤਾਂ 'ਨਿਖੱਟੂ' ਤਕ ਵੀ ਕਿਹਾ। ਆਖਿਆ, ਜਿੱਧਰ ਭੇਜਦਾ ਹਾਂ, ਨੁਕਸਾਨ ਕਰ ਕੇ ਆਉਂਦਾ ਹੈ। ਰੁਕਾਵਟ ਨੇ ਗੁੱਸੇ ਦਾ ਰੂਪ ਵੀ ਧਾਰਿਆ। ਜ਼ੁਬਾਨ ਤੋਂ ਗੁੱਸਾ ਹੱਥਾਂ 'ਤੇ ਵੀ ਆਇਆ ਤੇ ਚਪੇੜ ਵੀ ਮਾਰੀ ਪਰ ਗੁਰੂ ਨਾਨਕ ਸਾਹਿਬ ਨੇ ਚਪੇੜ ਦਾ ਮੁਕਾਬਲਾ ਦੂਜੇ ਰੂਪ ਵਿਚ ਨਹੀਂ ਕੀਤਾ। ਨਿਮਰਤਾ ਨਾਲ ਦੂਸਰੀ ਗੱਲ੍ਹ ਵੀ ਅੱਗੇ ਕਰ ਦਿੱਤੀ, ਪਿਤਾ ਜੀ, ਏਧਰ ਵੀ ਮਾਰੋ। ਪਰ ਆਪਣਾ ਨਿਸ਼ਾਨਾ ਨਹੀਂ ਛੱਡਿਆ। ਅਖੀਰ 'ਤੇ ਪਛਾਣਿਆ ਪਿਤਾ ਨੇ ਤੇ ਕਿਹਾ, ਨਾਨਕ! ਮੈਂ ਤੈਨੂੰ ਪਛਾਣਿਆ ਨਾ, ਚਪੇੜ ਵੀ ਮਾਰੀ, ਕੀ ਮੈਨੂੰ ਦਰਗਾਹ

ਵਿਚ ਜਗ੍ਹਾ ਮਿਲ ਜਾਵੇਗੀ? ਗੁਰੂ ਸਾਹਿਬ ਕਹਿੰਦੇ, ਇਹ ਕਿਹੜੀ ਵੱਡੀ ਗੱਲ ਹੈ? ਉਨ੍ਹਾਂ ਦੇ ਸੁਆਸ ਹੁੰਦਿਆਂ ਹੀ ਵਿਖਾ ਦਿੱਤਾ ਕਿ ਦਰਗਾਹ ਵਿਚ ਕਿੰਨੇ ਸਤਿਕਾਰ ਨਾਲ ਤੁਹਾਡੀ ਉਡੀਕ ਹੋ ਰਹੀ ਹੈ।

ਤਿੰਨ ਦੁਨੀਆਂ ਹਨ, ਘਰੇਲੂ, ਧਾਰਮਿਕ ਤੇ ਬਾਹਰਲੀ। ਘਰੇਲੂ ਦੁਨੀਆਂ ਵਿਚ ਨਿਮਰਤਾ ਨਾਲ ਮੁਕਾਬਲਾ ਕਰਨਾ ਹੈ। ਬਾਹਰਲੀ ਦੁਨੀਆਂ ਵਿਚ ਕੋਈ ੧੦੦ ਵਾਰੀ ਨਜਾਇਜ਼ ਕਰੇ, ੧੦੧ਵੀਂ ਵਾਰੀ ਤੈਨੂੰ ਵੀ ਗੁਰੂ ਦੇ ਹੁਕਮ ਮੁਤਾਬਕ ਖੁਸ਼ੀ ਹੈ ਕਿ ਕੁਝ ਦਿਨ ਜਰ, ਜੇ ਤੇਰੇ ਨਾਲ ੧੦੦ ਵਾਰੀ ਨਜਾਇਜ਼ ਹੋ ਜਾਵੇ, ੧੦੧ਵੀਂ ਵਾਰੀ ਤੇਰੇ ਲਈ ਵੀ ਧਰਮ ਹੈ ਸ਼ਸ਼ਤਰ ਉਠਾਉਣਾ। ਇਕਦਮ ਨਹੀਂ, ਕੁਝ ਚਿਰ ਸਮਝਾ ਤੇ ਤੋਰ। ਪਰ ਘਰੇਲੂ ਮਾਹੌਲ ਵਿਚ ਕੋਈ Final ਨਹੀਂ। ਨਿਮਰਤਾ ਨਾਲ ਹੀ ਮੁਕਾਬਲਾ ਕਰ ਤੇ ਤੋਰ। ਤੇ ਧਾਰਮਿਕ ਦੁਨੀਆਂ ਵਿਚ ਤਾਂ ਕ੍ਰੋਧ ਲਿਖਿਆ ਹੀ ਨਹੀਂ। ਘਰੇਲੂ ਦੁਨੀਆਂ ਵਿਚ ਨਿਮਰਤਾ ਨਾਲ ਮੁਕਾਬਲਾ ਕਰੀ ਜਾ ਤੇ ਤੋਰੀ ਜਾ ਭਾਵੇਂ ਠਾਠਾ-ਬਾਗਾ ਕਰ ਕੇ ਤੋਰੀ ਜਾ। **ਇਹ ਪੰਜਵੀਂ ਜੁਗਤੀ ਹੈ ਕਿ ਘਰੇਲੂ ਮਾਹੌਲ ਦੀ ਰੁਕਾਵਟ ਦਾ ਨਿਮਰਤਾਪੂਰਵਕ ਜੁਗਤੀ ਨਾਲ ਮੁਕਾਬਲਾ ਕਰੀ ਜਾਵੇ ਪਰ ਸਾਧਨਾ ਨਾ ਛੱਡੇ।**

****

ਛੇਵੀਂ ਜੁਗਤੀ

੬. ਸਾਧਕ ਬੰਦੇ ਲਈ ਛੇਵੀਂ ਜੁਗਤੀ ਹੈ ਕਿ ਧਿਆਨ ਰੱਖਣਯੋਗ ਗੱਲ, 'ਰੱਬ ਵਾਲੇ ਪਾਸੇ ਜੋ ਵੀ ਕੰਮ ਕਰੇ, ਉਸ ਵਿਚ ਕਰਤਾਪਨ ਨਾ ਆਵੇ, ਸੇਵਕ ਬਣ ਕੇ ਕਰੇ!

ਕੋਈ ਚੰਗਾ ਕਰਮ, ਕੋਈ ਪੁੰਨ ਉੱਤੇ ਆਵੇ, ਤੇ ਸ਼ੌਕ ਪੈਦਾ ਹੁੰਦਾ ਹੈ, ਮੈਂ ਵੀ ਅੰਮ੍ਰਿਤ ਵੇਲੇ ਜਾਗਾਂ, ਮੈਂ ਵੀ ਕੀਰਤਨ ਸੁਣਾਂ, ਗੁਰਬਾਣੀ ਕੰਠ ਕਰਾਂ। ਚਿੱਤ ਕਰਦਾ ਹੈ, ਦਰਬਾਰ ਸਾਹਿਬ ਜਾ ਕੇ ਸੰਗਤਾਂ ਦੇ ਜੂਠੇ ਬਰਤਨ ਮਾਂਜਾਂ! ਕੋਈ ਚੰਗਾ ਕਰਮ ਉੱਤੇ ਆਵੇ ਤੇ ਧਾਰਮਿਕ ਕੰਮਾਂ ਵੱਲ ਬੰਦਾ ਤੁਰਦਾ ਹੈ, ਇਨ੍ਹਾਂ ਕੰਮਾਂ ਦੀ ਭੁੱਖ ਲੱਗਦੀ ਹੈ, ਪਿਆਸ ਲੱਗਦੀ ਹੈ। ਏਸ ਜ਼ਿੰਦਗੀ ਵਿਚ ਧਾਰਮਿਕ ਲਗਨ ਲੱਗਣੀ, ਬੜੀ ਵੱਡੀ ਕਿਰਪਾ ਹੈ। ਬੜੇ ਚੰਗੇ ਭਾਗ, ਜੇ ਅੰਦਰ ਸ਼ੌਕ ਜਾਗੇ, ਪਾਠਾਂ ਦੀਆਂ ਰੌਲਾਂ ਦੇਣ ਦਾ, ਸੇਵਾ ਦਾ, ਸਿਮਰਨ ਦਾ, ਕੀਰਤਨ ਦਾ, ਸੁਖਮਨੀ ਸਾਹਿਬ ਦੇ ਪਾਠ ਕਰਨ ਦਾ। ਪਰ ਇਸ ਧਾਰਮਿਕ ਲਗਨ ਲੱਗਣ ਤੋਂ ਬਾਅਦ ਦੋ ਲਾਈਨਾਂ ਹਨ, ੨ ਭਗਤੀਆਂ ਹਨ।

ਇਕ ਹੈ 'ਅਹੰ ਭਗਤੀ' ਤੇ ਇਕ ਹੈ 'ਸ਼ਰੰਨਾਗਤ ਭਗਤੀ'। ਅਹੰ ਭਗਤੀ ਕੀ ਹੈ--- ਧਾਰਮਿਕ ਕੰਮ ਕਰਨੇ ਸ਼ੁਰੂ ਹੋ ਗਏ ਜ਼ਿੰਦਗੀ ਵਿਚ ਪਰ ਉਨ੍ਹਾਂ ਵਿਚ 'ਮੈਂ' ਆ ਗਈ। ਸ਼ਰਨਾਗਤ ਭਗਤੀ ਕੀ ਹੈ- ਧਾਰਮਿਕ ਕੰਮ ਸ਼ੁਰੂ ਹੋ ਗਏ ਕਰਨੇ ਜ਼ਿੰਦਗੀ ਵਿਚ, ਪਰ ਕਰਨ ਤੋਂ ਬਾਅਦ ਵੀ ਸ਼ਰਨ ਹੈ, ਤੂੰ ਕੀਤਾ ਹੈ, ਤੇਰੀ ਕਿਰਪਾ ਹੋਈ ਹੈ। ਕਈਆਂ ਦੀ ਜ਼ਿੰਦਗੀ ਵਿਚ ਭਗਤੀ ਬਹੁਤ ਹੁੰਦੀ ਹੈ, ਅੰਮ੍ਰਿਤ ਵੇਲਾ ਹੁੰਦਾ ਹੈ, ਪੰਜ-ਛੇ ਘੰਟੇ ਦਾ ਸਿਮਰਨ ਹੁੰਦਾ ਹੈ। ਜਿਸ ਨੂੰ ਸਿਮਰਨ ਬੰਦਗੀ ਦੀ ਦਾਤ ਮਿਲ ਗਈ ਪਰ ਸੋਝੀ ਨਹੀਂ, ਉਸ ਦੀਆਂ ਗੱਲਾਂ ਵਿੱਚੋਂ 'ਮੈਂ' ਦੀ 'ਹੰਕਾਰ' ਦੀ ਬੋਅ ਆਵੇਗੀ ਕਿ ਮੈਂ ਅੰਮ੍ਰਿਤ ਵੇਲੇ ਜਾਗਦਾ ਹਾਂ, ਮੇਰਾ ਇੰਨਾ ਸਿਮਰਨ ਹੈ, ਬੰਦਗੀ ਹੈ, ਮੈਂ ਚੰਗਾ ਕੀਰਤਨੀਆ ਹਾਂ। ਬੰਦਗੀ ਦੀ

ਦਾਤ, ਅੰਮ੍ਰਿਤ ਵੇਲੇ ਦੀ ਦਾਤ, ਨਾਮ-ਸਿਮਰਨ ਦੀਆਂ ਦਾਤਾਂ, ਜੇ ਕੋਈ ਕਹੇ, ਮੇਰੀ ਸਿਆਣਪ ਜਾਂ ਉਦਮ ਨਾਲ, ਨਹੀਂ! ਇਹ ਸਭ ਉਸ ਦੀ ਕਿਰਪਾ ਹੈ:

"ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ॥"

(ਅੰਗ ੯੬੧)

ਅਰਜੁਨ ਨੇ ਕਿਹਾ ਸੀ। ਕ੍ਰਿਸ਼ਨ ਜੀ ਨੂੰ, ਮੇਰੇ ਵਰਗਾ ਪਿਆਰਾ ਭਗਤ ਕੋਈ ਨਹੀਂ, ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ। ਕ੍ਰਿਸ਼ਨ ਜੀ ਨੇ ਕਿਹਾ ਸੀ ਕਿ ਇਹ ਵੀ ਮੇਰੀ ਮਿਹਰ ਜਾਣ, ਮੇਰੀ ਕਿਰਪਾ ਜਾਣ ਕਿ ਮੈਂ ਤੈਨੂੰ ਇਹ ਪਿਆਰ ਬਖਸ਼ਿਆ ਹੈ। ਮੈਂ ਚਾਹਾਂ ਤੇ ਹੁਣੇ ਹੀ ਤੇਰੇ 'ਤੇ ਮਾਇਆ ਦਾ ਪੜਦਾ ਪਾ ਦਿਆਂ। ਕਹਿਣ ਤੋਂ ਭਾਵ, ਤੁਹਾਡੀ ਜ਼ਿੰਦਗੀ ਵਿਚ, ਅੰਮ੍ਰਿਤ ਵੇਲਾ ਹੋਵੇ, ਬੰਦਗੀ ਦੀ ਦਾਤ ਪ੍ਰਾਪਤ ਹੋਵੇ, ਸੇਵਾ ਹੋਵੇ, ਕਦੀ ਵੀ ਇਹ ਨਾ ਮਨ 'ਚ ਲਿਆਇਓ ਕਿ ਇਹ ਮੇਰਾ ਉੱਦਮ ਹੈ। ਇਹੀ ਮਨ 'ਚ ਵਸਾਇਓ ਕਿ ਇਹ ਸਾਰਾ ਕੁਝ ਮੇਰੇ ਕੋਲੋਂ ਉਹ 'ਵਾਹਿਗੁਰੂ' ਕਰਵਾ ਰਿਹਾ ਹੈ, ਉਸ ਦੀ ਕਿਰਪਾ ਹੈ।

ਕਈਆਂ ਦੀ ਜ਼ਿੰਦਗੀ ਵਿਚ ਹੱਥੀਂ ਸੇਵਾ ਬਹੁਤ ਹੁੰਦੀ ਹੈ। ਕਈ ਸਰੀਰ ਤੌਰ 'ਤੇ ਸੇਵਾ ਬਹੁਤ ਕਰਦੇ ਹਨ। ਸੇਵਾ ਕਰੋ, ਪਰ ਜੇ ਕੀਤੀ ਸੇਵਾ ਥਾਇਂ ਪਾਉਣਾ ਚਾਹੁੰਦੇ ਹੋ, ਭੁੱਲ ਕੇ ਵੀ ਮਾਣ ਨਾ ਕਰ ਬੈਠਿਓ! ਮਾਣ ਆਉਣ ਤੋਂ ਪਹਿਲੇ, ਇੰਨੀ ਗੱਲ ਸੋਚ ਲੈਣਾ ਕਿ ਜੇ ਗੁਰੂ ਚਾਹੇ ਤਾਂ ਸਰੀਰ ਨੂੰ ਪਿੰਗਲਾ ਵੀ ਬਣਾ ਸਕਦਾ ਹੈ, ਲੂਲ੍ਹਾ ਲੰਗੜਾ ਵੀ ਬਣਾ ਸਕਦਾ ਹੈ। ਜਿਸ ਸਰੀਰ ਦੇ ਬਲ ਨਾਲ ਸੇਵਾ ਕਰ ਰਿਹਾ ਹੈਂ ਉਹ ਕਿਸ ਨੇ ਦਿੱਤਾ? ਨਿਰੰਕਾਰ ਨੇ। ਜੇ ਉਸ ਦੇ ਦਿੱਤੇ ਸਰੀਰ ਨਾਲ ਸੇਵਾ ਕਰ ਰਿਹਾ ਹੈਂ ਤਾਂ ਕਾਹਦਾ ਮਾਣ? ਹੋਰ ਵੀ ਜਿਤਨੇ ਵੀ ਧਾਰਮਿਕ ਕੰਮ, ਸੇਵਾਵਾਂ ਕਰਦੇ ਹੋ, ਕੋਈ ਕੀਰਤਨ ਸਿਖਾਉਂਦਾ ਹੈ, ਕੋਈ ਪਾਠ ਸਿਖਾਉਂਦਾ ਹੈ, ਕੋਈ ਕਿਸੇ ਹੋਰ ਢੰਗ ਨਾਲ ਸੇਵਾ ਕਰ ਰਿਹਾ ਹੈ, ਕੰਮ ਤੇ ਸਭ ਧਾਰਮਿਕ ਨੇ, ਪਰ ਕਰ ਕੇ ਵਿੱਚ ਕਰਤਾਪਨ ਨਾ ਆ ਜਾਵੇ,

ਮੈਂ ਨਾ ਹੁੰਦਾ, ਇੰਨਿਆਂ ਨੇ ਕੀਰਤਨ ਨਹੀਂ ਸੀ ਸਿੱਖਣਾ! ਮੈਂ ਪਾਠ ਨਾ ਵੰਡਦਾ ਇੰਨਿਆਂ ਨੇ ਪਾਠ ਨਹੀਂ ਸੀ ਕਰਨੇ! ਮੈਂ ਨਾ ਹੁੰਦਾ ਇਤਨੀਆਂ ਗਰੀਬ ਬੱਚੀਆਂ ਦੇ ਵਿਆਹ ਨਹੀਂ ਸੀ ਹੋਣੇ! ਜਿਤਨੇ ਵੀ ਰੱਬ ਦੇ ਕੰਮ ਨੇ, ਸੇਵਕ ਬਣ

ਕੇ ਕਰੋਗੇ ਤਾਂ ਭਾਗ ਲੱਗਣਗੇ। ਕਿਸੇ ਨੇ ਜੇ ੧੦੦ ਬੱਚਿਆਂ ਨੂੰ ਕੀਰਤਨ ਸਿਖਾ ਦਿੱਤਾ ਤੇ ਅੰਦਰ ਜੇ ਇਹ ਆ ਗਿਆ ਕਿ ਮੈਂ ੧੦੦ ਬੱਚਿਆਂ ਨੂੰ ਕੀਰਤਨ ਸਿਖਾਇਆ ਹੈ ਤੇ ਲਾਈਨ ਤੇ ਧਾਰਮਿਕ ਹੀ ਹੈ ਪਰ ਅਹੰ ਭਗਤੀ ਕਰ ਰਿਹਾ ਹੈ। ਤੇ ਜੇ ਕਹੇ, ਹੇ ਵਾਹਿਗੁਰੂ! ਸ਼ੁਕਰ ਹੈ, ਮੇਰੇ ਕੋਲੋਂ ੧੦੦ ਬੱਚਿਆਂ ਨੂੰ ਕੀਰਤਨ ਸਿਖਾਉਣ ਦੀ ਸੇਵਾ ਲਈ ਹੈ, ਫੇਰ ਥਾਇਂ ਹੈ। ਆਮ ਕੱਚਾ ਬੰਦਾ ਕਰਤਾ ਬਣ ਕੇ ਬੈਠ ਜਾਂਦਾ ਹੈ। ਕੰਮ ਤਾਂ ਰੱਬ ਵਾਲੇ ਬੰਨੇ ਦੇ ਹਨ, ਕੰਮ ਤਾਂ ਧਾਰਮਿਕ ਹਨ, ਪਰ ਜੇ ਗਿਆਨ ਨਹੀਂ ਤੇ ਕਰਤਾ ਬਣ ਗਿਆ। ਕਰਤਾ ਕਰਤਾ ਹੀ ਹੈ ਤੇ ਬੰਦਾ ਬੰਦਾ ਹੀ ਹੈ। ਵੈਸੇ ਵੀ ਸਾਹਿਬ ਸਾਹਿਬ ਰਹੇ ਹਮੇਸ਼ਾ, ਬੰਦਾ ਓੜਕ ਬੰਦਾ।

ਕੋਈ ਦਰਜ਼ੀ, ਕਮੀਜ਼ ਬਣਾਵੇ, ਉਹ ਕਰਤਾ ਹੈ ਉਸ ਕਮੀਜ਼ ਦਾ, ਕਮੀਜ਼ ਉਸ ਨੇ ਕੱਟੀ, ਸੀਤੀ, ਬਣਾਈ। ਜਿਸ ਦੀ ਕਮੀਜ਼ ਹੈ ਜਦੋਂ ਉਸ ਨੂੰ ਦੇ ਦਿੱਤੀ, ਸਿਵਾਈ ਲੈ ਲਈ, ਆਪ ਨਾਲ ਨਹੀਂ ਗਿਆ, ਆਪ ਆਪਣੀ ਦੁਕਾਨ 'ਚ ਹੀ ਰਿਹਾ ਜਾਂ ਘਰ 'ਚ ਹੀ ਹੈ। ਪਰ 'ਉਸ' ਕਰਤੇ ਦਾ ਫਰਕ ਹੈ। ਉਸ ਨੇ ਜਿਹੜੀ ਵੀ ਚੀਜ਼ ਬਣਾਈ ਹੈ, ਆਪ ਨਾਲ ਵੱਸਿਆ ਹੈ। ਅਸੀਂ ਚੀਜ਼ ਬਣਾਉਣ ਤਕ ਸੀਮਤ ਹਾਂ, ਉਸ ਤੋਂ ਬਾਅਦ ਕੰਮ ਖਤਮ। ਰੱਬ ਨੇ ਜੋ ਕੁਝ ਬਣਾਇਆ ਹੈ, ਉਸ ਵਿਚ ਨਾਲ ਆਪ ਵੱਸ ਗਿਆ ਹੈ। ਤੁਹਾਨੂੰ-ਸਾਨੂੰ ਬਣਾਇਆ ਤੇ ਆਪ ਨਾਲ ਵੱਸ ਗਿਆ। ਪਸ਼ੂ-ਪੰਛੀ ਬਣਾਏ ਨਾਲ ਆਪ ਵੱਸਿਆ ਹੈ। ਬਨਸਪਤੀ ਬਣਾਈ ਤੇ ਉਸ ਵਿਚ ਵੀ ਆਪ ਵੱਸਿਆ ਹੈ। ਜਿਤਨੀ ਬਨਸਪਤੀ ਹੈ, ਇਸ ਵਿਚ ਕਰਤਾ ਹੈ ਤਾਂ ਹੀ ਵਧਦੀ ਹੈ। ਉਸ ਕਰਤੇ ਨੇ ਜੋ ਕੁਝ ਵੀ ਬਣਾਇਆ, ਵਿੱਚ ਆਪ ਵੱਸ ਗਿਆ।

ਕੋਈ ਘੁਮਿਆਰ ਬਰਤਨ ਬਣਾਉਂਦਾ ਹੈ, ਉਹ ਬਰਤਨ ਦਾ ਕਰਤਾ ਹੈ, ਪਰ ਜਦੋਂ ਬਰਤਨ ਦੇ ਦਿੱਤਾ, ਨਾਲ ਆਪ ਨਹੀਂ ਜਾਂਦਾ। ਰੱਬ ਜਿਤਨੇ ਬਰਤਨ ਬਣਾਉਂਦਾ ਹੈ, ਵਿਚ ਨਾਲ ਆਪ ਵਾਸਾ ਕਰਦਾ ਹੈ।

ਤੁਸੀਂ ਸ਼ਾਇਦ, ਆਦਮੀਆਂ ਨੇ ਕਦੀ ਨੋਟ ਕੀਤਾ ਹੋਵੇ, ਕਦੀ ਸਾਧਨਾ 'ਚ ਬੈਠੇ ਹੋਵੋ, ਸਿਮਰਨ 'ਚ ਬੈਠੇ ਹੋਵੋ, ਕਈ ਵਾਰੀ ਮੱਛਰ ਤੰਗ ਕਰਦਾ ਹੈ ਬਾਰ-ਬਾਰ। ਉਹ ਜਿਤਨੀ ਵਾਰੀ ਵੀ ਬੈਠੇਗਾ ਉਥੇ ਹੀ ਬੈਠੇਗਾ ਜਾਂ ਹੱਥ 'ਤੇ

ਜਾਂ ਗੱਲ੍ਹ ਤੇ ਕਦੀ ਦਾੜ੍ਹੀ 'ਤੇ ਨਹੀਂ ਬੈਠਦਾ ਹੈ ਤੇ ਨਿੱਕਾ ਜਿਹਾ ਮੱਛਰ, ਉਸ ਵਿਚ ਵੀ ਕਰਤਾ ਆਪ ਹੈ ਤਾਂ ਹੀ ਉਸ ਨੂੰ ਚੇਤਨਤਾ ਹੈ। ਕਿੱਥੇ ਲਹੂ ਹੈ, ਮੈਂ ਉਸ ਨੂੰ ਪੀਣਾ ਹੈ, ਉਸ ਦੇ ਅੰਦਰ ਵੀ ਚੇਤਨਤਾ ਭਰੀ ਹੈ, ਸੋਝੀ ਭਰੀ ਹੈ।

ਕੁਝ ਸਮੇਂ ਦੀ ਗੱਲ ਹੈ। ਦਾਸ ਆਪਣੇ ਘਰ, ਗੁਰੂ ਸਾਹਿਬ ਦੇ ਕਮਰੇ ਦੇ ਬਾਹਰ ਬੈਠਾ ਸੀ, ਅੰਦਰ ਭੋਗ ਲਈ ਥਾਲ ਰੱਖਿਆ ਸੀ। ਹੁਕਮ ਹੈ, ਬਾਹਰ ਜਪੁਜੀ ਸਾਹਿਬ ਦਾ ਪਾਠ ਕਰੋ, ਅੰਦਰ ਜਿਤਨੀ ਦੇਰ ਥਾਲ ਲਾਇਆ ਹੈ। ਕੋਈ 7½ ਦਾ ਟਾਈਮ ਸੀ, ਹਲਕਾ ਜਿਹਾ ਚਾਨਣ ਹੋਵੇਗਾ। ਦਾਸ ਨੇ ਦੇਖਿਆ, ਹਨੇਰੇ ਦੇ ਵਿਚ ਹੀ ਕੱਕੇ ਰੰਗ ਦੀਆਂ ਕੀੜੀਆਂ ਤੁਰੀਆਂ ਆਉਣ, ਲਾਈਨ ਬਣਾ ਕੇ, ਉਸ ਦੇ ਬਾਅਦ ੪-੫ ਇੰਚ ਦੇ ਵਕਫੇ 'ਤੇ ਮਗਰ ਹੋਰ, ਉਸੇ ਲਾਈਨ 'ਤੇ ਮਗਰ ੯-੧੦ ਇੰਚ ਦੇ ਵਕਫੇ 'ਤੇ ਹੋਰ। ਜਿੱਧਰ ਅਗਲੀਆਂ ਜਾ ਰਹੀਆਂ ਉਧਰ ਹੀ ਉਹ ਵੀ। ਸੋਚਿਆ, ਹੇ ਰੱਬਾ! ਤੂੰ ਇਤਨੀ ਨਿੱਕੀ ਜਿਹੀ ਕੀੜੀ ਵਿਚ ਵੀ ਚੇਤਨਤਾ ਭਰੀ ਹੈ। ਹਨੇਰਾ ਵੀ ਹੈ ਪਰ ਉਨ੍ਹਾਂ ਨੂੰ ਪਤਾ ਹੈ ਕਿ ਅਗਲੀਆਂ ਕਿੱਥੇ ਜਾ ਰਹੀਆਂ ਨੇ, ਲਾਈਨ ਦੇ ਵਿਚ ਹੀ ਸਭ ਤੁਰੀਆਂ ਜਾ ਰਹੀਆਂ ਨੇ। ਇਹ ਸਭ ਕਿਉਂ? ਕਿਉਂਕਿ ਕਰਤੇ ਨੇ ਜੋ ਵੀ ਬਣਾਇਆ ਹੈ, ਵਿੱਚ ਆਪ ਸ਼ਾਮਲ ਹੈ। ਅਸੀਂ ਕੋਈ ਚੀਜ਼ ਬਣਾ ਲਈਏ, ਜਦੋਂ ਵੇਚ ਦੇਂਦੇ ਹਾਂ, ਨਾਲ ਆਪ ਨਹੀਂ ਜਾ ਸਕਦੇ। ਇਸ ਲਈ ਇਹ ਸੋਝੀ ਅੰਦਰ ਵਸਾਈ, ਸਾਹਿਬ ਸਾਹਿਬ ਹੀ ਹੈ, ਬੰਦਾ ਬੰਦਾ ਹੀ ਹੈ।

ਗੁਰਸਿੱਖੀ ਬਰੀਕ ਹੈ। ਹਰੇਕ ਦੇ ਕੋਲ ਕੋਈ ਨਾ ਕੋਈ ਗੁਣ ਜ਼ਰੂਰ ਹੈ। ਕਿਸੇ ਕੋਲ ਅੰਮ੍ਰਿਤ ਵੇਲਾ ਹੈ, ਕਿਸੇ ਦਾ ਨਿਤਨੇਮ ਬਹੁਤ ਹੈ, ਕੋਈ ਨੰਗੇ ਦਾ ਤਨ ਢੱਕਦਾ ਹੈ, ਕੋਈ ਭੁੱਖੇ ਦਾ ਪੇਟ ਭਰਦਾ ਹੈ। ਕੋਈ ਕੀਰਤਨ ਸਿਖਾਂਦਾ ਹੈ, ਕੋਈ ਬੱਚਿਆਂ ਨੂੰ ਬਾਣੀ ਕੰਠ ਕਰਾਉਂਦਾ ਹੈ। ਜੇ ਸਭ ਕੁਝ ਕਰ ਕੇ 'ਮੈਂ' ਆ ਗਈ, 'ਕਰਤਾਪਨ' ਆ ਗਿਆ ਤਾਂ ਜਿਵੇਂ ਕਾਗਜ਼, ਪਾਣੀ ਵਿਚ ਗਲ ਜਾਂਦਾ ਹੈ, ਤੇਰੇ ਕੀਤੇ ਭਲੇ ਕੰਮ ਵੀ ਗਲ ਜਾਣਗੇ। ਸਭ ਕੁਝ ਕਰ ਕੇ ਨਿਮਾਣੇ, ਨਿਤਾਣੇ ਬਣ ਕੇ ਰਹਿਣਾ ਹੈ, ਸੇਵਕ ਬਣ ਕੇ ਰਹਿਣਾ ਹੈ, ਸਭ ਕੁਝ ਥਾਇਂ ਪੈ ਜਾਵੇਗਾ। ਤਾਣ ਹੁੰਦੇ ਹੋਏ ਨਿਤਾਣਾ, ਮਾਣ ਹੁੰਦੇ ਹੋਏ ਨਿਮਾਣਾ। ਨਿਮਾਣਾ ਬਣ ਕੇ ਰਹਿਣਾ ਹੈ। ਕਦੀ ਵੀ ਕੋਈ ਭਲਾ ਕੰਮ ਕਰ ਕੇ ਇਹ ਨਾ ਕਹਿਣਾ,

ਮੈਂ ਫਲਾਣਾ ਕੰਮ ਕੀਤਾ। ਇਹੀ ਕਹਿਣਾ, ਗੁਰੂ ਨੇ ਕਿਰਪਾ ਕਰ ਕੇ ਮੇਰੇ ਕੋਲੋਂ ਇਹ ਕੰਮ ਕਰਵਾ ਲਿਆ ਹੈ।

ਕਈਆਂ ਨੂੰ ਹਉਮੈ ਆ ਜਾਂਦੀ ਹੈ। ਮੈਂ ਇੰਨੇ ਵਜੇ ਉੱਠਦਾ ਹਾਂ, ਮੈਂ ੪-੪ ਘੰਟੇ ਕੀਰਤਨ ਸੁਣਦਾ ਹਾਂ, ਮੈਂ ਦੁਖੀਆਂ ਦੀ ਸੇਵਾ ਕਰਦਾ ਹਾਂ। ਜੇ ਰਸ ਲੈਣਾ ਚਾਹੁੰਦੇ ਹੋ, ਜੇ ਚਾਹੁੰਦੇ ਹੋ ਮੰਜ਼ਿਲ ਤਕ ਪਹੁੰਚਣਾ ਤੇ ਸਭ ਕੁਝ ਕਰ ਕੇ ਗਲ ਵਿੱਚ ਪੱਲਾ ਪਾ ਕੇ ਕਿਹਾ ਕਰੋ, ਸਤਿਗੁਰੂ! ਸ਼ੁਕਰ ਹੈ, ਮੈਨੂੰ ਗਰੀਬ ਨੂੰ ਅੰਮ੍ਰਿਤ ਵੇਲੇ ਉਠਾ ਦਿੱਤਾ ਹੈ। ਸ਼ੁਕਰ ਹੈ, ਮੇਰੇ ਵਰਗੇ ਅਕ੍ਰਿਤਘਣ ਦਾ ਇੰਨਾ ਸਮਾਂ ਆਪਣੇ ਚਰਨਾਂ ਵਿਚ ਬਿਤਾਇਆ ਹੈ। ਸਭ ਕੁਝ ਕਰ ਕੇ, ਕਮਾਈਆਂ ਕਰ ਕੇ, ਜੇ ਇਸ ਤਰ੍ਹਾਂ ਨਿਤਾਣੇ ਤੇ ਨਿਮਾਣੇ ਬਣ ਕੇ ਅਰਦਾਸ ਕਰੋਗੇ, ਵੇਖੋ! ਕਿੰਨਾ ਰਸ ਆਉਂਦਾ ਹੈ ਜ਼ਿੰਦਗੀ ਵਿਚ! ਕਿਧਰੇ ਐਸਾ ਨਾ ਹੋਵੇ ਕਿ ਹਉਮੈ ਦਾ ਪਰਦਾ ਪੈ ਜਾਵੇ, ਤੇ ਗੁਰੂ ਤੋਂ ਦੂਰ ਹੋ ਜਾਈਏ! ਇਸ 'ਮੈਂ' ਨੂੰ, 'ਹਉਮੈ' ਨੂੰ ਨੇੜੇ ਨਹੀਂ ਆਉਣ ਦੇਣਾ! ਜੇ ਇਹ ਆ ਗਈ ਸਭ ਕੁਝ ਨਾਸ ਹੋ ਜਾਵੇਗਾ, ਕੀਤੇ ਪੁੰਨ ਵੀ ਸੜ ਜਾਣਗੇ।

ਸੰਤ ਬੇਅੰਤ ਸਿੰਘ ਜੀ ਇਕ ਵਾਰੀ, ਬਾਬਾ ਨੰਦ ਸਿੰਘ ਜੀ ਨਾਲ ਮੇਲ ਹੋਇਆ। ਕਹਿੰਦੇ, 'ਮੈਂ' ੩੦ ਸਾਲ ਤਪੱਸਿਆ ਕੀਤੀ ਹੈ ਪਰ ਰਸ ਨਹੀਂ ਆਇਆ, ਮਨ ਸਹਿਜ ਵਿਚ ਨਹੀਂ ਆਇਆ। ਬਾਬਾ ਜੀ ਕਹਿੰਦੇ, ਇਕ ਵਾਰੀ ਫੇਰ ਕਹਿਣਾ! ਉਹ ਫੇਰ ਕਹਿੰਦੇ, 'ਮੈਂ' ੩੦ ਸਾਲ ਤਪੱਸਿਆ ਕੀਤੀ ਪਰ ਰਸ ਨਹੀਂ ਆਇਆ। ਬਾਬਾ ਜੀ ਨੇ ੨-੩ ਵਾਰੀ ਕਿਹਾ, ਫੇਰ ਦੁਹਰਾਣਾ! ਜਦੋਂ ਬੇਅੰਤ ਸਿੰਘ ਜੀ ਦੇ ਮੂੰਹੋਂ 'ਹਉਮੈ' ਵਾਲੇ, 'ਮੈਂ' ਵਾਲੇ ਬਚਨ ਸੁਣੇ ਤਾਂ ਬਾਬਾ ਜੀ ਕਹਿੰਦੇ, ਰਸ ਕਿਵੇਂ ਆਵੇ, ਸਹਿਜ ਕਿਵੇਂ ਆਵੇ, ਅਨੰਦ ਕਿਵੇਂ ਆਵੇ? ਤੁਸੀਂ ਤਪੱਸਿਆ ਤੇ ਜ਼ਰੂਰ ਕੀਤੀ ਹੈ ਪਰ 'ਮੈਂ' ਦੀ ਗੰਦੀ ਪੂਛਲ ਨਾਲ ਲਈ ਫਿਰਦੇ ਹੋ ਕਿ 'ਮੈਂ' ੩੦ ਸਾਲ ਤਪੱਸਿਆ ਕੀਤੀ ਹੈ, ਜਦ ਤਕ 'ਮੈਂ' ਨਾਲ ਹੈ ਰਸ ਨਹੀਂ ਆਵੇਗਾ। ਜਦ ਤਕ 'ਮੈਂ' ਪੱਲੇ ਬੰਨ੍ਹੀ ਹੈ 'ਤੂੰ' ਕਿਵੇਂ ਵੱਸੇਗਾ?

ਥਾਲੀ ਵਿਚ ੩੬ ਪ੍ਰਕਾਰ ਦੇ ਭੋਜਨ ਪਾਏ ਹੋਣ, ਉਨ੍ਹਾਂ ਨੂੰ ਵਿਸ਼ਟਾ ਵਾਲਾ ਹੱਥ ਲੱਗ ਜਾਵੇ, ਉਹ ਕਿਸੇ ਭਲੇ ਪੁਰਸ਼ ਦੇ ਖਾਣ ਦੇ ਕਾਬਲ ਨਹੀਂ ਰਹਿੰਦਾ।

ਤੁਸੀਂ ਚੌਂਕੜੀਆਂ ਮਾਰੀਆਂ, ਅੰਮ੍ਰਿਤ ਵੇਲੇ ਉਠੇ, ਨਾਮ ਜਪਿਆ, ਤਪੱਸਿਆ ਕੀਤੀ, ਇੰਨੇ ਸਾਧਨ ਕੀਤੇ, ਪਰ ਵਿਸ਼ਟਾ ਵਾਲੀ 'ਮੈਂ' ਨਾਲ ਲਾ ਕੇ ਬੈਠੇ ਹੋ। ਰਸ ਕਿਵੇਂ ਆਵੇ? ਇੰਨਾ ਹੀ ਕਹਿ ਦਿਓ ਕਿ ਉਸ ਦੀ ਕਿਰਪਾ ਨਾਲ ਇੰਨਾ ਸਮਾਂ ਹੋ ਗਿਆ ਹੈ, ਜ਼ਰੂਰ ਰਸ ਦੀ ਪ੍ਰਾਪਤੀ ਹੋਵੇਗੀ। ਕੁਝ ਸਮੇਂ ਬਾਅਦ ਉਨ੍ਹਾਂ ਦਾ ਫੇਰ ਮੇਲ ਹੋਇਆ ਤੇ ਉਹ ਬਾਬਾ ਜੀ ਦੇ ਚਰਨਾਂ 'ਤੇ ਢਹਿ ਪਏ। ਕਹਿੰਦੇ, ਇਕ 'ਮੈਂ' ਦੇ ਕਾਰਨ ਹੀ ਗੱਲ ਟਿਕਾਣੇ ਨਹੀਂ ਸੀ ਲੱਗਦੀ ਪਈ। ਜ਼ਿੰਦਗੀ ਵਿੱਚੋਂ 'ਮੈਂ' ਨੂੰ ਕੱਢਣ ਨਾਲ ਅਨੰਦ ਆ ਗਿਆ ਹੈ।

ਭਾਈ ਨੰਦ ਲਾਲ ਦੀਆਂ ਪੰਕਤੀਆਂ ਹਨ:

'ਜਿਸ ਨੇ ਕੀਤੀ ਜ਼ਰਾ ਬੇਅਦਬੀ! ਏਸ ਗਲੀ ਵਿਚ ਸਹੀਓ!
ਜੋ ਮਨਸੂਰ ਚੜ੍ਹਾਇਆ ਸੂਲੀ, ਫੇਰ ਨਾ ਸਾਨੂੰ ਕਹੀਓ!

ਉਹ ਕਿਹੜੀ ਬੇਅਦਬੀ ਹੈ, ਜਿਸ ਦੇ ਕਾਰਨ ਇੰਨੀ ਵੱਡੀ ਸਜ਼ਾ ਮਿਲਦੀ ਹੈ, ਜਿਸ ਦੇ ਕਾਰਨ ਨਿਰੰਕਾਰ ਇੰਨਾ ਨਰਾਜ਼ ਹੋ ਜਾਂਦਾ ਹੈ? ਸਭ ਤੋਂ ਵੱਡੀ ਬੇਅਦਬੀ ਇਹੀ ਹੈ, 'ਕੁਝ ਬਣ ਜਾਣਾ'! ਕੋਈ ਦਾਨ ਕਰ ਕੇ ਕਹੇ, ਮੇਰੇ ਵਰਗਾ ਦਾਨੀ ਨਹੀਂ, ਬੜੀ ਵੱਡੀ ਬੇਅਦਬੀ ਕਰ ਰਿਹਾ ਹੈ। ਕਿਸੇ ਦਾ ੩-੪ ਵਜੇ ਦਾ ਨੇਮ ਹੈ, ਕੋਈ ਸਵੇਰੇ ਉਠ ਕੇ, ਨੇਮ ਭੁਗਤਾ ਕੇ ਕਹੇ, ਮੇਰੇ ਵਰਗਾ ਨੇਮੀ ਕੋਈ ਨਹੀਂ, ਬੜੀ ਵੱਡੀ ਬੇਅਦਬੀ ਹੈ। ਜਿਹੜਾ ਕੁਝ ਬਣ ਜਾਂਦਾ ਹੈ, ਮੇਰੇ ਵਰਗਾ ਪਰਉਪਕਾਰੀ ਕੋਈ ਨਹੀਂ, ਮੇਰੇ ਵਰਗਾ ਦਾਨੀ ਕੋਈ ਨਹੀਂ, ਮੇਰੇ ਵਰਗਾ ਦਿਆਲੂ ਕੋਈ ਨਹੀਂ, ਮੇਰੇ ਵਰਗਾ ਨੇਮੀ ਕੋਈ ਨਹੀਂ, ਉਹਦੇ 'ਤੇ ਪ੍ਰਮੇਸ਼ਰ ਦੀ ਕਦੀ ਪ੍ਰਸੰਨਤਾ ਨਹੀਂ ਹੁੰਦੀ। ਜਿਹੜਾ ਬੰਦਾ ਔਗੁਣ ਜ਼ਿਆਦਾ ਕਰਦਾ ਹੈ, ਉਸ ਦੇ ਅੰਦਰ ਤੇ ਇਕ ਖਾਨਾ ਬਣਿਆ ਹੁੰਦਾ ਹੈ ਕਿ ਮੈਂ ਔਗੁਣਿਆਰਾ ਹਾਂ, ਉਸ ਨੂੰ ਹਉਮੈ ਘੱਟ ਆਉਂਦੀ ਹੈ, ਪਰ ਜਿਹੜਾ ਚੰਗੇ ਕੰਮ ਕਰੇ ਉਸ ਨੂੰ ਬਹੁਤ ਬਚ ਕੇ ਰਹਿਣਾ ਪੈਂਦਾ ਹੈ, ਹਮੇਸ਼ਾ ਚੰਗੇ ਨੂੰ ਹਉਮੈ ਜ਼ਿਆਦਾ ਆਉਂਦੀ ਹੈ। ਇਹਦੇ ਤੋਂ ਬਚੋਗੇ ਤਾਂ ਹੀ ਪ੍ਰਾਪਤੀ ਹੋਵੇਗੀ। ਪਤਾ ਨਹੀਂ, ਕੀ ਚੱਕਰ ਹੈ, ਕਾਮੀ ਬਖਸ਼ੇ ਗਏ, ਲੋਭੀ ਬਖਸ਼ੇ ਗਏ, ਪਾਪੀ ਬਖਸ਼ੇ ਗਏ, ਵਿਕਾਰੀ ਬਖਸ਼ੇ ਗਏ ਪਰ ਹਉਮੈ ਵਾਲੇ ਨੂੰ ਪਰਚਾ ਜ਼ਰੂਰ ਪੈਂਦਾ ਹੈ।

ਮਹਾਂ ਪੁਰਸ਼ਾਂ ਨੂੰ ਕਿਸੇ ਪੁੱਛਿਆ, ਹਉਮੈ ਵਾਲਾ ਕਿਉਂ ਨਹੀਂ ਬਖਸ਼ਿਆ

ਜਾਂਦਾ? ਬਾਬਾ ਜੀ ਕਹਿੰਦੇ, ਹਉਮੈ ਵਾਲਾ ਰੱਬ ਦਾ ਸ਼ਰੀਕ ਬਣ ਜਾਂਦਾ ਹੈ ਕਿ 'ਤੂੰ' ਕੁਝ ਨਹੀਂ, 'ਮੈਂ' ਹਾਂ। ਇਤਿਹਾਸ ਤੋਂ ਮਿਸਾਲ ਲੈ ਲਈਏ, ਹੰਕਾਰੀ ਉਦੋਂ ਤਕ ਨਹੀਂ ਬਖਸ਼ੇ ਗਏ, ਜਦ ਤਕ ਉਹ ਮਨ ਕਰਕੇ ਢਹਿ ਨਹੀਂ ਪਏ। ਸੱਤਾ ਤੇ ਬਲਵੰਡਾ (ਗੁਰੂ ਅਰਜਨ ਸਾਹਿਬ ਵੇਲੇ) ਨੂੰ ਜਦੋਂ ਆਪਣੇ ਰਾਗੀ ਹੋਣ ਦੇ ਗੁਣ ਦਾ ਮਾਣ ਹੋ ਗਿਆ, ਗੁਰੂ ਸਾਹਿਬ ਨੇ ਉਨ੍ਹਾਂ ਤੋਂ ਮੁਖ ਮੋੜ ਲਿਆ। ਭਾਈ ਨੰਦ ਲਾਲ ਜੀ ਇੰਨੇ ਵੱਡੇ ਵਿਦਵਾਨ ਸਨ ਕਿ ਔਰੰਗਜ਼ੇਬ ਵਰਗੇ ਬਾਦਸ਼ਾਹ ਤਕ ਉਨ੍ਹਾਂ ਦੀ ਵਿਦਵਤਾ ਦਾ ਲੋਹਾ ਮੰਨਦੇ ਸਨ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੇ ਇੰਨੇ ਗੁਣਵਾਨ ਹੁੰਦਿਆਂ ਹੋਇਆਂ ਵੀ ਬਖਸ਼ਿਸ਼ ਉਦੋਂ ਤਕ ਨਹੀਂ ਕੀਤੀ ਜਦ ਤਕ ਉਹ ਮਨ ਕਰਕੇ ਨੀਵੇਂ ਨਹੀਂ ਹੋ ਗਏ।

ਇਨਸਾਨ ਕੋਲ ਗੁਰੂ ਦਾ ਬਖਸ਼ਿਆ ਕੋਈ ਵੀ ਗੁਣ ਹੋਵੇ, ਜੇ ਉਸ ਨੂੰ ਉਸ ਗੁਣ 'ਤੇ ਮਾਣ ਹੋ ਗਿਆ ਤਾਂ ਗੁਰੂ ਨੂੰ ਉਸ ਇਨਸਾਨ ਦੀ ਕੋਈ ਪਰਵਾਹ ਨਹੀਂ। ਗੁਣ ਹੋਵੇ ਬਹੁਤ ਜ਼ਰੂਰੀ ਹਨ ਪਰ ਹੰਕਾਰ-ਰਹਿਤ। ਜੇ ਕੋਈ ਕਥਾ-ਵਾਚਕ ਗੁਰੂ ਦੇ ਬਖਸ਼ੇ ਗੁਣ ਰਾਹੀਂ, ਆਪਣੇ ਆਪ ਨੂੰ ਬੜਾ ਵੱਡਾ ਗਿਆਨੀ ਸਮਝੇ, ਅਜਿਹਾ ਕਥਾਵਾਚਕ ਸਦਾ ਗੁਰੂ ਤੋਂ ਡਰ ਕੇ ਰਹੇ ਕਿ ਇਕ ਮੂਰਖ ਝੀਵਰ ਤੋਂ ਗੀਤਾ ਦੇ ਅਰਥ ਕਰਵਾ ਸਕਣ ਵਾਲੇ ਗੁਰੂ ਸਾਹਿਬ ਸਾਡੇ ਕਥਾ ਦੇ ਗੁਣ ਦੀ ਕੀ ਪਰਵਾਹ? ਕੋਈ ਗਰੀਬਾਂ ਦੀ ਲੋੜਵੰਦਾਂ ਦੀ ਮਦਦ ਕਰਦਾ ਹੋਵੇ, ਡਰ ਕੇ ਰਹੇ ਰੱਬ ਕੋਲੋਂ ਕਿ ਉਹ ਚਾਹੇ ਤਾਂ ਉਸ ਨੂੰ ਮੰਗਣ ਵਾਲਿਆਂ ਦੀ ਲਾਈਨ ਵਿਚ ਖੜ੍ਹਾ ਕਰ ਸਕਦਾ ਹੈ। ਮਨ ਨੂੰ ਸੋਝੀ ਦੇਣੀ ਹੈ ਕਿ ਮੈਂ ਤੇ ਖਾਲੀ ਹੱਥ ਆਇਆ ਸੀ ਤੇ ਖਾਲੀ ਹੱਥ ਜਾਣਾ ਹੈ। ਜੇ ਨਿਰੰਕਾਰ ਦੀ ਦਿੱਤੀ ਮਾਇਆ 'ਚੋਂ ਉਸ ਦੇ ਅਰਥ ਕੁਝ ਲਗਾ ਰਿਹਾ ਹਾਂ ਤੇ ਕਾਹਦਾ ਮਾਣ? ਯਤਨ ਕਰਿਓ! ਇਹ ਸਾਡੀ ਜ਼ਿੰਦਗੀ ਸੇਵਕ ਬਣ ਕੇ ਬੀਤ ਜਾਵੇ! ਜੇ ਧਰਮ ਦੇ ਮਾਰਗ 'ਤੇ ਚੱਲੇ ਹੋ ਤੇ ਤੁਹਾਡੇ ਗੁਣਾਂ ਵਿਚ ਕਰਤਾਪਨ ਨਾ ਆ ਜਾਵੇ! ਜਿਹੜਾ ਗੁਣਾਂ ਦੇ ਹੁੰਦਿਆਂ ਹੰਕਾਰੀ ਹੋ ਜਾਵੇ, ਮੇਰੇ ਵਰਗਾ ਕੋਈ ਨਹੀਂ, ਉਹ ਅੱਜ ਡਿੱਗਾ ਨਹੀਂ ਤੇ ਕੱਲ੍ਹ, ਨਹੀਂ ਤੇ ਮਹੀਨੇ ਨੂੰ, ਉਹ ਡਿੱਗੇਗਾ ਹੀ ਡਿੱਗੇਗਾ! ਜਦ ਤਕ ਪੁੰਨ ਨੇ, ਤੁਰਿਆ ਜਾਂਦਾ ਹੈ, ਜਦੋਂ ਉਹ ਸੜਦੇ ਹਨ, ਡਿੱਗ ਪੈਂਦਾ ਹੈ। ਜੇ ਕਰਤਾਪਨ ਆ ਜਾਵੇ, ਇਤਨੀ ਕੁ ਸਪੀਡ ਹੁੰਦੀ ਹੈ, ਪੁੰਨ ਸੜਨ ਦੀ। ਜਦੋਂ

ਸੜ ਗਏ ਫਿਰ ਉਥੇ ਹੀ।

ਮਹਾਂ ਪੁਰਸ਼ ਇਕ ਮਿਸਾਲ ਦੇਂਦੇ ਸੀ। ਇਕ ਸ਼ਾਹੂਕਾਰ ਘੋੜੇ 'ਤੇ ਆ ਰਿਹਾ ਸੀ। ਧਿਆਨ ਨਾ ਦਿੱਤਾ ਕਿ ਸਾਧੂ ਬੈਠਾ ਹੈ। ਸਾਧੂ ਨੇ ਸਰਾਪ ਦੇ ਦਿੱਤਾ, ਜਾਹ ਤੇਰਾ ਘੋੜਾ ਮਰ ਜਾਵੇ! ਘੋੜਾ ਮਰ ਗਿਆ। ਸਾਧੂ ਚੇਲਿਆਂ ਨੂੰ ਕਹਿੰਦਾ, ਵੇਖਿਆ ਜੇ ਮੇਰਾ ਬਚਨ! ਸ਼ਾਹੂਕਾਰ ਨੇ ਜਾ ਕੇ ਨਵਾਂ ਘੋੜਾ ਲੈ ਲਿਆ। ਅਗਲੇ ਦਿਨ ਉਹ ਸ਼ਾਹੂਕਾਰ ਫੇਰ ਆਇਆ। ਸਾਧੂ ਨੇ ਫਿਰ ਕਹਿ ਦਿੱਤਾ, ਜਾਹ ਤੇਰਾ ਘੋੜਾ ਮਰ ਜਾਵੇ! ਘੋੜਾ ਮਰ ਗਿਆ। ਸ਼ਾਹੂਕਾਰ ਨੇ ਤੀਜਾ ਘੋੜਾ ਲੈ ਆਂਦਾ। ਸਾਧੂ ਨੇ ਫੇਰ ਕਹਿ ਦਿੱਤਾ, ਜਾਹ ਤੇਰਾ ਘੋੜਾ ਮਰ ਜਾਵੇ! ਉਹ ਵੀ ਮਰ ਗਿਆ। ਚੌਥੇ ਦਿਨ ਸ਼ਾਹੂਕਾਰ ਨੇ ਇਕ ਹੋਰ ਘੋੜਾ ਲੈ ਆਂਦਾ। ਸਾਧੂ ਨੇ ਫਿਰ ਕਿਹਾ, ਜਾਹ ਤੇਰਾ ਘੋੜਾ ਮਰ ਜਾਵੇ! ਪਰ ਹੁਣ ਨਹੀਂ ਮਰਦਾ! ਸਾਧੂ ਦੇ ਚੇਲਿਆਂ ਦੇ ਅੰਦਰ ਵੀ ਆ ਗਈ ਸੀ ਇਹ ਗੱਲ ਕਿ ਇਹ ਜੋ ਕਹਿੰਦਾ ਹੈ ਹੋ ਜਾਂਦਾ ਹੈ ਪਰ ਹੁਣ ਨਹੀਂ ਹੋ ਰਿਹਾ। ਹੁਣ ਕਿਉਂ ਨਹੀਂ ਹੋ ਰਿਹਾ? ਕਿਉਂਕਿ ਜਿਤਨਾ ਕੁ ਕੋਟਾ ਸੀ, ਤੂੰ ਕਰਤਾ ਬਣ ਕੇ ਖਤਮ ਕਰ ਲਿਆ ਹੈ।

ਕਈ ਰਿਧੀਆਂ-ਸਿਧੀਆਂ 'ਚ, ਕਰਾਮਾਤਾਂ 'ਚ ਪੈ ਜਾਂਦੇ ਹਨ। ਕਿਸੇ ਨੂੰ ਵਰ ਦੇ ਦਿੱਤਾ, ਕਿਸੇ ਨੂੰ ਸਰਾਪ ਦੇ ਦਿੱਤਾ। ਕਿਸੇ ਦਾ ਕੰਮ ਵਿਗਾੜ ਦਿੱਤਾ ਤੇ ਕਿਸੇ ਦਾ ਸਵਾਰ ਦਿੱਤਾ। ਇਹ ਕੀ ਹੈ? ਕਰਤਾਪਨ। ਕਰਤਾ ਬਣਨ ਨਾਲ ਕੋਟਾ ਖਤਮ ਹੁੰਦਾ ਜਾਂਦਾ ਹੈ, ਗੱਲ ਟਿਕਾਣੇ ਨਹੀਂ ਲੱਗਦੀ, ਮੰਜ਼ਿਲ 'ਤੇ ਨਹੀਂ ਪਹੁੰਚ ਪਾਂਦੇ। ਕੋਈ ਸੇਵਕ ਬਣੇ, ਦੁਨੀਆਂ ਨੂੰ ਵੰਡਣ ਵਾਲਾ ਬਣ ਜਾਂਦਾ ਹੈ। ਕਰਤਾ ਭਾਵ ਆ ਜਾਵੇ, ਬੜੀ ਸਪੀਡ ਨਾਲ ਪੁੰਨ ਸੜਦੇ ਹਨ।

ਇਕ ਹੋਰ ਸਾਧੂ ਦੀ ਵਾਰਤਾ ਹੈ ਜਿਸ ਨੂੰ ਇੰਨੀ ਭਗਤੀ ਕਰ ਕੇ ਸੇਵਕ ਬਣਨ ਦੀ ਜਾਚ ਨਾ ਆਈ ਤੇ ਥੱਲੇ ਡਿੱਗ ਪਿਆ। ਉਸ ਨੇ ਇਕ ਸੋਟੀ ਰੱਖੀ ਸੀ ਤੇ ਫੁਰਨਾ ਬਣਾਇਆ ਸੀ ਕਿ ਜਦੋਂ ਇਹ ਸੋਟੀ ਹਰੀ ਹੋ ਜਾਵੇਗੀ ਤਾਂ ਮੈਂ ਸੋਚਾਂਗਾ, ਮੇਰੀ ਭਗਤੀ ਪੂਰੀ ਹੋ ਗਈ ਹੈ। ਮਨ ਕਰਕੇ ਜੁੜਦਾ ਸੀ ਤੇ ਸੋਟੀ ਹਰੀ ਹੋਣੀ ਸ਼ੁਰੂ ਹੋ ਗਈ। ਉਸ ਨੂੰ ਵਿਸ਼ਵਾਸ ਹੋ ਗਿਆ ਕਿ ਮੇਰੀ ਭਗਤੀ ਥਾਇੰ ਪੈ ਰਹੀ ਹੈ। ਇਕ ਦਿਨ ਇਕ ਰਾਜਾ ਸ਼ਿਕਾਰ ਖੇਡਣ ਆਇਆ ਓਸ ਜੰਗਲ ਵਿਚ। ਸਾਧੂ ਦੇ ਦਰਸ਼ਨ ਕਰਦਿਆਂ ਹੀ ਉਸ ਦਾ ਵੀ ਕੋਈ ਚੰਗਾ ਕਰਮ

ਜਾਗ ਪਿਆ। ਸਾਧੂ ਨੂੰ ਕਹਿੰਦਾ, ਮੈਨੂੰ ਵੀ ਨਾਮ ਦੀ ਦਾਤ ਦਿਓ। ਸਾਧੂ ਕਹਿੰਦਾ, ਤੂੰ ਵੀ ਬੈਠ ਜਾ ਚੌਂਕੜੀ ਮਾਰ ਕੇ, ਮਾਲਾ ਫੜ ਲੈ ਤੇ ਮੇਰੇ ਵਾਂਗੂ ਹੀ ਸੋਟੀ ਰੱਖ ਲੈ! ਵੇਖ! ਮੇਰੀ ਸੋਟੀ ਹਰੀ ਹੋਣੀ ਸ਼ੁਰੂ ਹੋ ਗਈ ਹੈ। ਰਾਜੇ ਨੇ ਇਵੇਂ ਹੀ ਕੀਤਾ। ਕੁਝ ਦਿਨ ਬੀਤੇ, ਇਕ ਗ੍ਰਿਹਸਥੀ ਜੋੜਾ ਰਸਤਾ ਭੁੱਲ ਕੇ, ਭਟਕਦਾ-ਭਟਕਦਾ ਸਾਧੂ ਦੀ ਕੁਟੀਆ ਕੋਲ ਪਹੁੰਚ ਗਿਆ। ਉਨ੍ਹਾਂ ਸੋਚਿਆ, ਸੰਤਾਂ ਮਹਾਂ ਪੁਰਸ਼ਾਂ ਤੋਂ ਵੱਡਾ ਕਿਹੜਾ ਆਸਰਾ ਹੈ? ਪਰ ਸਾਧੂ ਦੇ ਮਨ 'ਚ ਇੰਨਾ ਹੰਕਾਰ ਭਰ ਗਿਆ ਸੀ ਆਪਣੀ ਭਗਤੀ ਦਾ ਕਿ ਮੇਰੇ ਵਰਗਾ ਭਗਤ ਕੋਈ ਨਹੀਂ। ਉਨ੍ਹਾਂ ਨੂੰ ਬੜੇ ਕੌੜੇਪਨ ਨਾਲ ਬੋਲਿਆ। ਕਹਿੰਦਾ, ਤੁਹਾਨੂੰ ਨਹੀਂ ਪਤਾ, ਮੈਂ ਭਗਤੀ ਕਰਦਾ ਪਿਆ ਹਾਂ? ਮੈਨੂੰ ਐਵੇਂ ਪ੍ਰੇਸ਼ਾਨ ਕਰੀ ਜਾਂਦੇ ਹੋ, ਮੇਰੀ ਭਗਤੀ ਦੁਨੀਆਂ ਵਿਚ ਮੰਨੀ ਜਾਂਦੀ ਹੈ। ਇਸ ਦੇ ਉਲਟ ਜਦੋਂ ਉਹੀ ਗ੍ਰਿਹਸਥੀ ਜੋੜਾ ਰਾਜੇ ਕੋਲ ਗਿਆ, ਰਾਜੇ ਨੇ ਬੜੇ ਆਦਰ ਨਾਲ ਉਨ੍ਹਾਂ ਨੂੰ ਬਿਠਾਇਆ, ਜਲ-ਪਾਣੀ ਛਕਾਇਆ, ਆਪਣੀ ਕੁਟੀਆ ਵਿਚ ਰਹਿਣ ਨੂੰ ਜਗ੍ਹਾ ਦਿੱਤੀ। ਉਨ੍ਹਾਂ ਗ੍ਰਿਹਸਥੀਆਂ ਦੀ ਰਾਤ ਸੌਖੀ ਕਟ ਗਈ। ਅਗਲੇ ਦਿਨ ਉਹ ਗਏ ਤੇ ਰਾਜੇ ਨੇ ਸੋਚਿਆ, ਹੁਣ ਫਿਰ ਬੈਠਦਾ ਹਾਂ ਬੰਦਗੀ ਵਿਚ ਤੇ ਕੀ ਵੇਖਿਆ? ਸੋਟੀ ਪੂਰੀ ਹਰੀ ਹੋ ਗਈ ਸੀ। ਉਹ ਬੜਾ ਹੈਰਾਨ ਹੋਇਆ। ਸਾਧੂ ਕੋਲ ਗਿਆ। ਸਾਧੂ ਵੀ ਬੜਾ ਹੈਰਾਨ ਹੋਇਆ। ਉਸ ਨੇ ਸੋਚਿਆ, ਮੇਰੀ ਵੀ ਸੋਟੀ ਹਰੀ ਹੋ ਗਈ ਹੋਵੇਗੀ ਕਿਉਂਕਿ ਮੈਨੂੰ ਤਾਂ ਬਹੁਤ ਦੇਰ ਹੋ ਗਈ ਹੈ ਪਰ ਕੀ ਦੇਖਿਆ? ਜਿੰਨੀ ਹਰੀ ਹੋਈ ਸੀ ਉਹ ਵੀ ਹਰੀ ਨਾ ਰਹੀ। ਕਾਰਨ ਕੀ ਸੀ? ਭਗਤੀ ਕਰ ਕੇ ਹਉਮੈ ਆ ਗਈ, ਮੇਰੇ ਵਰਗਾ ਭਗਤ ਕੋਈ ਨਹੀਂ, ਦੂਜਿਆਂ ਨੂੰ ਨੀਵਾਂ ਸਮਝਣਾ ਸ਼ੁਰੂ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਵੀ ਆਪ ਕਈ ਵਾਰੀ ਭੇਸ ਬਦਲਾ ਕੇ ਚੈੱਕ ਕਰਨ ਜਾਂਦੇ ਸੀ ਕਿ ਜਿਨ੍ਹਾਂ ਨੂੰ ਮੈਂ ਸੇਵਾ ਦਿੱਤੀਆਂ ਹਨ, ਉਨ੍ਹਾਂ ਦੀ ਸੇਵਾ ਵਿਚ ਕਿਧਰੇ ਕਰਤਾਪਨ ਤੇ ਨਹੀਂ ਆ ਗਿਆ? ਸਤਾਰ੍ਹਾਂ ਲੰਗਰ ਚਲਦੇ ਸੀ ਗੁਰੂ ਗੋਬਿੰਦ ਸਿੰਘ ਜੀ ਦੇ। ਇਕ ਦਿਨ ਭੇਸ ਬਦਲਾ ਕੇ ਚੈੱਕ ਕਰਨ ਗਏ ਕਿ ਕੌਣ ਲੰਗਰ ਕਰਤਾ ਬਣ ਕੇ ਚਲਾ ਰਿਹਾ ਹੈ ਤੇ ਕੌਣ ਸੇਵਕ ਬਣ ਕੇ? ਗਏ। ਕਰਮੰਡਲ ਅੱਗੇ ਕੀਤਾ, ਬੜੀ ਭੁੱਖ ਲੱਗੀ ਹੈ, ਪ੍ਰਸ਼ਾਦਾ! ਸਵੇਰ ਦਾ ਟਾਈਮ

ਸੀ। ਜਵਾਬ ਮਿਲਿਆ, ਓਇ ਤੈਨੂੰ ੧੧-੩੦ ਵਜੇ ਹੀ ਭੁੱਖ ਲੱਗ ਗਈ ਹੈ? ਲੰਗਰ ਬਣੇਗਾ, ਪਹਿਲੇ ਸਾਡੇ ਆਪਣਿਆਂ ਵਿਚ ਵਰਤਿਆ ਜਾਵੇਗਾ, ਫੇਰ ਤੇਰੇ ਵਰਗਿਆਂ ਦੀ ਵਾਰੀ ਆਵੇਗੀ। ਆਪੇ ਅੰਦਾਜ਼ਾ ਲਾ ਲਵੋ, ਕਰਤਾਪਨ ਹੈ। ਦੂਜੇ ਕੋਲ ਕਰਮੰਡਲ ਕੀਤਾ, ਉਸ ਦੇ ਵੀ ਲਫਜ਼ ਇਸੇ ਤਰ੍ਹਾਂ ਬੜੀ 'ਮੈਂ' ਵਾਲੇ, 'ਹਉਮੈ' ਵਾਲੇ। ਕੀ ਜਾਣਦੇ ਸੀ ਕਿ ਕਲਗੀਆਂ ਵਾਲੇ ਆਪ ਨੇ?

ਹੁਣ ਭਾਈ ਨੰਦ ਲਾਲ ਕੋਲ ਗਏ। ਕਰਮੰਡਲ ਅੱਗੇ ਕਰ ਕੇ ਕਹਿੰਦੇ, ਪ੍ਰਸ਼ਾਦਾ ਮਿਲੇਗਾ? ਉਹ ਕਹਿੰਦਾ, ਜੀ ਦਾਲ ਰਿੱਝਦੀ ਪਈ ਹੈ, ਆਟਾ ਗੁੰਨ੍ਹਦਾ ਪਿਆ ਹਾਂ, ਬਸ ਪੰਜ ਮਿੰਟ ਬੈਠ ਜਾਵੋ, ਹੁਣੇ ਤਿਆਰ ਹੋ ਜਾਂਦਾ ਹੈ। ਇਹ ਹੈ ਸੇਵਕ! ਅਗਲੇ ਦਿਨ Special ਗੁਰੂ ਸਾਹਿਬ ਨੇ ਦੀਵਾਨ ਵਿਚ ਦੱਸਿਆ ਕਿ ਅਸੀਂ ਕੱਲ੍ਹ ਭੇਸ ਬਦਲਾ ਕੇ ਗਏ ਸੀ ਚੈੱਕ ਕਰਨ ਵਾਸਤੇ। ਕੇਵਲ ਇੱਕੋ ਸੇਵਾਦਾਰ ਭਾਈ ਨੰਦ ਲਾਲ ਸੇਵਕ ਬਣ ਕੇ ਲੰਗਰ ਚਲਾ ਰਿਹਾ ਹੈ। ਬਾਕੀ ਸਭ ਦੇ ਹੱਥ ਜੁੜ ਗਏ, ਸੱਚੇ ਪਾਤਸ਼ਾਹ! ਸਾਨੂੰ ਸੋਝੀ ਨਹੀਂ ਸੀ, ਤੁਸੀਂ ਆਏ ਹੋ! ਗੁਰੂ ਸਾਹਿਬ ਕਹਿੰਦੇ, ਜੇ ਮੇਰੇ ਨਾਲ ਇੰਝ ਤੇ ਫਿਰ ਸੰਗਤ ਨਾਲ ਵੀ ਇੰਝ ਹੀ ਬੋਲਦੇ ਹੋਣਗੇ। ਸਾਰਿਆਂ ਨੇ ਬਚਨ ਕੀਤਾ ਕਿ ਅੱਗੋਂ ਤੋਂ ਅਸੀਂ ਵੀ ਸੇਵਕ ਬਣ ਕੇ ਲੰਗਰ ਚਲਾਵਾਂਗੇ। ਪੱਕੀ ਗੱਲ ਜੇ! ਗੁਰੂ ਸਾਹਿਬ ਤੁਹਾਡੇ ਕੋਲੋਂ ਵੀ ਜਿੰਨੀਆਂ ਧਾਰਮਿਕ ਸੇਵਾਵਾਂ ਲੈਂਦੇ ਹਨ, ਜ਼ਰੂਰ ਚੈੱਕ ਕਰਦੇ ਹੋਣਗੇ। ਜੇ ਰੱਬ ਵਾਲੇ ਬੰਨੇ ਤੁਰੇ ਹੋ, ਜੇ ਏਸ ਲਾਈਨ 'ਤੇ ਤੁਰੇ ਹੋ, ਜੇ ਸ਼ੌਕ ਜੇ ਮੰਜ਼ਿਲ 'ਤੇ ਪਹੁੰਚਣ ਦਾ, ਇਸ ਚੀਜ਼ ਦਾ ਜ਼ਰੂਰ ਧਿਆਨ ਰੱਖਿਓ ਕਿ ਰੱਬ ਵਾਲੇ ਬੰਨੇ ਜਿੰਨੇ ਵੀ ਨੇਮ ਕਰੋ, ਇਨ੍ਹਾਂ ਵਿਚ ਕਰਤਾਪਨ ਨਾ ਆ ਜਾਵੇ, ਸੇਵਕ ਬਣ ਕੇ ਕਰਿਓ! ਕਰਤਾਪਨ ਆ ਜਾਵੇ ਤੇ ਭਾਂਡਾ ਭਰਦਾ ਵੀ ਹੈ ਤੇ ਡੁੱਲ੍ਹਦਾ ਵੀ ਹੈ।

ਬਾਬਾ ਜੀ ਦਾ ਬਚਨ ਹੈ, ਥੋੜ੍ਹਾ ਸਖਤ ਹੈ, ਧਿਆਨ ਦੇਣਾ- ਇਕ ਹੁੰਦੀ ਹੈ, ਰਾਵਣ-ਭਗਤੀ ਤੇ ਇਕ ਹੁੰਦੀ ਹੈ ਨਾਨਕ-ਭਗਤੀ। ਦੋਵਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਹੈ ਦੋਵੇਂ ਹੀ ਅਰਾਧਨਾਂ ਨੇ ਪਰ ਬਹੁਤ ਫਰਕ ਹੈ। ਰਾਵਣ-ਭਗਤੀ ਕੀ ਹੈ- ਮੈਨੂੰ ਕੋਈ ਮਾਰ ਨਹੀਂ ਸਕਦਾ, ਮੈਂ ਹੀ ਮੈਂ ਹਾਂ, ਕਰਤਾਪਨ। ਹਰਨਾਖਸ਼ ਨੇ ਕਈ-ਕਈ ਔਖੇ ਸਾਧਨਾਂ ਨਾਲ, ਧੂਣੀਆਂ ਧੁਖਾ-ਧੁਖਾ ਕੇ, ਕਈ-ਕਈ ਸਾਲ ਅਰਾਧਨਾ ਕੀਤੀ, ਭਗਤੀ ਕੀਤੀ, ਪਰ ਵਿੱਚ

ਕਰਤਾਪਨ ਆ ਗਿਆ, ਜਲ ਹਰਨਾਖਸ਼, ਥਲ ਹਰਨਾਖਸ਼ ਮੇਰੀ ਪੂਜਾ ਹੋਵੇ! ਇਹ ਹੈ ਹਰਨਾਖਸ਼ ਭਗਤੀ। ਇਕ ਹੈ ਨਾਨਕ-ਭਗਤੀ। ਗੁਰੂ ਨਾਨਕ ਸ੍ਰਿਸ਼ਟੀ ਦੇ ਮਾਲਕ ਹਨ, ਜਿਸ ਨੂੰ ਜੋ ਚਾਹੁਣ ਦੇ ਸਕਦੇ ਹਨ, ਜਿਸ ਕੋਲੋਂ ਜੋ ਚਾਹਣ ਲੈ ਸਕਦੇ ਹਨ,

ਸਰਬ ਕਲਾ ਮੁੱਠੀ ਵਿਚ ਹਨ, ਪਰ ਗੁਰੂ ਗ੍ਰੰਥ ਸਾਹਿਬ ੧ੴ ਤੋਂ ਲੈ ਕੇ 'ਅਠਾਰਹ ਦਸ ਬੀਸ' ਤਕ ਪੜ੍ਹ ਲਵੋ, ਕਿਧਰੇ ਆਪਣੇ ਨਾਂ ਨਾਲ 'ਹਉਂ' ਲਫਜ਼ ਨਹੀਂ ਲਾਇਆ। ਇਹੀ ਆਖਿਆ, ਨਾਨਕ ਨੀਚ, ਨਾਨਕ ਦਿਵਾਨਾ, ਨਾਨਕ ਦਾਸ, ਨਾਨਕ ਸਗ। ਸਗ ਦਾ ਅਰਥ ਹੈ ਕੁੱਤਾ। ਉਹ ਲਫਜ਼ ਜਿਹੜੇ ਸਾਡੇ ਮੂੰਹ 'ਤੇ ਵੀ ਨਹੀਂ ਆ ਸਕਦੇ, ਉਹ ਆਪਣੇ ਲਈ ਵਰਤੇ ਨੇ, ਹਾਲਾਂ ਕਿ ਆਪ ਨਿਰੰਕਾਰ ਸਨ। ਵੱਡੇ ਭਾਗਾਂ ਨਾਲ ਜੇ ਧਾਰਮਿਕ ਲਾਈਨ ਮਿਲ ਗਈ ਹੈ ਤੇ ਯਤਨ ਕਰਿਓ, ਨਾਨਕ-ਭਗਤੀ ਕਰਿਓ! ਗੁਰੂ ਨਾਨਕ ਸਾਹਿਬ ਤਿੰਨ ਹਿੱਸੇ ਦਰਗਾਹ ਵਿੱਚੋਂ ਨਿਮਰਤਾ ਲੈ ਕੇ ਆਏ ਤੇ ਏਸ ਧਰਤੀ 'ਤੇ ਨਿਮਰਤਾ ਵੰਡੀ। ਹੁਣ ਆਪੇ ਅੰਦਾਜ਼ਾ ਲਾ ਲਵੋ ਕਿ ਜਿਸ ਦੇ ਪੱਲੇ ਨਿਮਰਤਾ ਨਹੀਂ, ਕੀ ਉਹ ਗੁਰੂ ਨਾਨਕ ਦਾ ਸਿੱਖ ਕਹਾਉਣ ਦਾ ਹੱਕਦਾਰ ਹੈ?

ਸਿੱਖੀ ਦੀ ਜੜ੍ਹ ਹੈ ਨਿਮਰਤਾ। ਸਿੱਖੀ ਦਾ ਬੀਜ ਹੈ ਨਿਮਰਤਾ। ਸਿੱਖੀ ਦੀ ਨੀਂਹ ਹੈ ਨਿਮਰਤਾ। ਜੇ ਨੀਂਹ ਹੀ ਕੱਚੀ ਹੈ, ਜਿੰਨੀਆਂ ਵੀ ਬਿਲਡਿੰਗਾਂ ਉਸਾਰੋਗੇ, ਸਭ ਨੂੰ ਖਤਰਾ ਹੈ। ਜੇ ਨੀਂਹ ਪੱਕੀ ਹੈ, ਫੇਰ ਜਿੰਨੇ ਮਰਜ਼ੀ ਮਹਿਲ ਉਸਾਰੀ ਜਾਵੋ! ਜੇ ਚਾਹੁੰਦੇ ਹੋ ਕੀਤੀ ਹੋਈ ਸੇਵਾ-ਸਿਮਰਨ ਨੂੰ ਥਾਇੰ ਪਾਉਣਾ, ਜੇ ਚਾਹੁੰਦੇ ਹੋ ਸਹਜ ਦੀ, ਅਨੰਦ ਦੀ ਅਵਸਥਾ ਨੂੰ ਪ੍ਰਾਪਤ ਕਰਨਾ, ਜੇ ਚਾਹੁੰਦੇ ਹੋ ਬਰਤਨ ਨੂੰ ਨਾਮ ਰੂਪੀ ਅੰਮ੍ਰਿਤ ਨਾਲ ਭਰਨਾ, ਨਾ ਗੁਣਾਂ ਦਾ ਮਾਣ ਕਰਿਓ, ਨਾ ਬੰਦਗੀ ਦਾ! ਸਭ ਕੁਝ ਹੁੰਦਿਆਂ ਮਨ ਦੀ ਬਿਰਤੀ ਇਥੇ ਰੱਖਿਓ, ਮੇਰੇ ਵਰਗਾ ਔਗੁਣਿਆਰਾ ਕੋਈ ਨਹੀਂ, ਮੇਰੇ ਵਰਗਾ ਨੀਚ ਕੋਈ ਨਹੀਂ, ਮੇਰੇ ਵਰਗਾ ਪਾਪੀ ਕੋਈ ਨਹੀਂ। ਜਿਹੜਾ ਗੁਣਾਂ ਦੇ ਹੁੰਦਿਆਂ ਔਗੁਣਿਆਰਾ ਬਣ ਕੇ ਰਹਿੰਦਾ ਹੈ, ਉਹ ਤੇ ਲੈ ਜਾਂਦਾ ਹੈ ਨੰਬਰ ਅਤੇ ਜਿਹੜਾ ਹੰਕਾਰੀ ਹੋ ਜਾਂਦਾ ਹੈ, ਉਹ ਆਪਣੀ ਕਮਾਈ ਨੂੰ ਡੋਲ੍ਹ ਲੈਂਦਾ ਹੈ। ਜਿਹੜਾ ਇਹ ਬਿਰਤੀ ਬਣਾ ਕੇ ਰੱਖੇ, ਨਿਮਰਤਾ 'ਚ ਰਹੇ, ਉਹੀ ਮੰਜ਼ਿਲ 'ਤੇ ਪਹੁੰਚਦਾ ਹੈ। ਮਹਾਂ ਪੁਰਸ਼ਾਂ ਦੇ,

ਗੁਰੂ ਸਾਹਿਬਾਂ ਦੇ, ਭਗਤਾਂ ਦੇ ਜੀਵਨ ਤੋਂ ਸੇਧ ਲੈਣੀ ਹੈ। ਗੁਰੂ ਨਾਨਕ ਸਾਹਿਬ ਸਰਵ ਸ਼ਕਤੀਮਾਨ, ਸਰਬ ਕਲਾ ਸਮਰੱਥ, ਆਪ ਨਿਰੰਕਾਰ, ਜਪੁਜੀ ਸਾਹਿਬ ਉਚਾਰਨ ਕੀਤੀ ਤੇ ਅਖੀਰ 'ਤੇ ਕੀ ਬੇਨਤੀ ਕੀਤੀ?

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥"

(ਅੰਗ ੮)

ਜਿਨ੍ਹਾਂ ਨਾਮ ਜਪਿਆ, ਮੁਸ਼ੱਕਤਾਂ ਘਾਲੀਆਂ, ਉਨ੍ਹਾਂ ਦੇ ਮੁਖ ਦਰਗਾਹ 'ਚ ਉਜਲੇ ਹਨ, ਕਿਰਪਾ ਕਰ! ਮੈਨੂੰ ਵੀ ਉਨ੍ਹਾਂ ਦਾ ਪੱਲਾ ਫੜਾ ਦੇ, ਮੈਂ ਵੀ ਭਵ-ਸਾਗਰ ਤੋਂ ਪਾਰ ਹੋ ਜਾਵਾਂ! ਹੋਵੇ ਸਰਬ ਕਲਾ ਸਮਰੱਥ ਤੇ ਇਹ ਮੰਗੇ! ਗੁਰੂ ਅੰਗਦ ਸਾਹਿਬ ਨੇ ਤੇ ਹੋਰ ਕਮਾਲ ਕਰ ਦਿੱਤੀ, ਗੁਰੂ ਗ੍ਰੰਥ ਸਾਹਿਬ ਵਿਚ ਇਹੀ ਸਲੋਕ 'ਪਵਣ ਗੁਰੂ ਪਾਣੀ ਪਿਤਾ' ਜਪੁਜੀ ਸਾਹਿਬ ਤੋਂ ਇਲਾਵਾ ਇਕ ਜਗ੍ਹਾ (ਅੰਗ ੧੪੬) 'ਤੇ ਅਲੱਗ ਵੀ ਹੈ, ਗੁਰੂ ਅੰਗਦ ਸਾਹਿਬ ਦਾ ਉਚਾਰਨ ਕੀਤਾ। ਉਥੇ ਅਖੀਰ 'ਤੇ ਨਾਲ 'ਹੋਰ' ਲਫਜ਼ ਦਰਜ ਹੈ:

"ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥"

(ਅੰਗ ੧੪੬)

ਇਸ 'ਹੋਰ' ਦਾ ਕੀ ਅਰਥ ਹੈ? ਕਹਿੰਦੇ, ਹੇ ਨਿਰੰਕਾਰ! ਜਿਨ੍ਹਾਂ ਨੇ ਮੁਸ਼ਕਤਾਂ ਘਾਲੀਆਂ, ਮੇਰਾ ਇੰਨਾ ਜਪ-ਤਪ ਨਹੀਂ, ਇੰਨੀ ਬੰਦਗੀ ਨਹੀਂ ਕਿ ਮੈਂ ਉਨ੍ਹਾਂ ਦਾ ਪੱਲਾ ਫੜ ਸਕਾਂ, ਨਾਮ ਜਪਣ ਵਾਲਿਆਂ ਦੀ ਸੰਗਤ ਕਰ ਸਕਾਂ। ਕਿਰਪਾ ਕਰ! ਉਨ੍ਹਾਂ ਦੇ ਕੂਕਰ, ਜਿਨ੍ਹਾਂ ਨੇ ਉਨ੍ਹਾਂ ਦਾ ਪੱਲਾ ਫੜਿਆ ਹੈ, ਮੈਨੂੰ ਉਨ੍ਹਾਂ ਦਾ ਪੱਲਾ ਫੜਾ ਕੇ ਭਵ-ਸਾਗਰ ਤੋਂ ਪਾਰ ਕਰਾ ਦੇ। ਹੈ ਤੇ ਸਮਰੱਥ ਸਨ ਪਰ ਬੇਨਤੀ ਕਿੰਨੀ ਨਿਮਾਣੀ! ਸਾਡੇ ਲਈ ਪੂਰਨੇ ਹਨ। ਗੁਰੂ ਰਾਮਦਾਸ ਜੀ, ਗੁਰੂ ਅਮਰਦਾਸ ਜੀ ਦੇ ਜਵਾਈ ਹੋਣ ਦੇ ਬਾਵਜੂਦ ਗੁਰੂ-ਘਰ ਦੀ ਸੇਵਾ, ਸੇਵਕ ਬਣ ਕੇ ਕੀਤੀ, ਸੇਵਕਾਂ ਵਾਲੀਆਂ ਘਾਲਣਾਂ ਘਾਲੀਆਂ, ਸਿਰ 'ਤੇ ਗਾਰੇ ਦੇ ਟੋਕਰੇ ਵੀ ਚੁੱਕਦੇ ਰਹੇ। ਉਨ੍ਹਾਂ ਨੂੰ ਗੁਰਗੱਦੀ ਦੀ ਬਖਸ਼ਿਸ਼ ਪ੍ਰਾਪਤ ਹੋਈ ਤੇ ਕਿਦ੍ਹੇ ਸਦਕੇ? ਕਿ ਉਹ ਸੇਵਕ ਬਣ ਕੇ ਰਹੇ।

ਸਿੱਖਾਂ ਨੇ ਗੁਰੂ ਅਮਰਦਾਸ ਜੀ ਨੂੰ ਪ੍ਰਸ਼ਨ ਕੀਤਾ ਕਿ ਤੁਸੀਂ ਗੁਰਗੱਦੀ

ਦੀ ਬਖਸ਼ਿਸ਼ ਕਿਸ ਨੂੰ ਕਰੋਗੇ। ਸਤਿਗੁਰੂ ਕਹਿੰਦੇ, ੨-੩ ਦਿਨ ਬਾਅਦ ਦੱਸਾਂਗੇ। ਭਾਈ ਜੇਠਾ ਜੀ ਤੇ ਭਾਈ ਰਾਮਾ ਜੀ, ਦੋਨਾਂ ਨੂੰ ਬੁਲਾ ਕੇ ਥੜ੍ਹੇ ਬਣਾਉਣ ਲਈ ਕਿਹਾ। ਜਦੋਂ ਥੜ੍ਹੇ ਬਣ ਗਏ, ਸਤਿਗੁਰੂ ਕਹਿੰਦੇ, ਇਹ ਠੀਕ ਨਹੀਂ ਬਣੇ, ਢਾਹ ਦਿਓ! ਰਾਮਾ ਜੀ ਕਹਿੰਦੇ, ਜਿਤਨਾ ਉੱਚਾ, ਜਿਤਨਾ ਲੰਬਾ ਕਿਹਾ ਸੀ ਉਸੇ ਤਰ੍ਹਾਂ ਹੀ ਬਣਾਇਆ ਹੈ, ਜੇ ਕਹਿੰਦੇ ਹੋ ਤੇ ਢਾਹ ਦੇਂਦਾ ਹਾਂ। ਜਦੋਂ ਭਾਈ ਜੇਠਾ ਜੀ ਨੂੰ ਕਿਹਾ, ਢਾਹ ਦਿਓ, ਇਹ ਥੜ੍ਹਾ ਸਾਡੇ ਪਸੰਦ ਨਹੀਂ। ਹੱਥ ਜੋੜ ਕੇ ਅੱਗੋਂ ਭਾਈ ਜੇਠਾ ਜੀ ਕਹਿੰਦੇ, ਮੇਰੀ ਬੁੱਧੀ ਥੋੜ੍ਹੀ ਹੈ, ਮੈਨੂੰ ਆਪ ਜੀ ਦੀ ਗੱਲ ਸਮਝ ਨਹੀਂ ਆਉਂਦੀ, ਹੁਣੇ ਢਾਹ ਦੇਂਦਾ ਹਾਂ। ਸਤਿਗੁਰੂ ਕਹਿੰਦੇ, ਕੱਲ੍ਹ ਫੇਰ ਬਣਾਉਣਾ।

ਅਗਲੇ ਦਿਨ ਫਿਰ ਬਣਾਏ। ਰਾਮੇ ਨੂੰ ਕਹਿੰਦੇ, ਅੱਜ ਫਿਰ ਨਹੀਂ ਠੀਕ ਬਣੇ, ਸਾਨੂੰ ਪਸੰਦ ਨਹੀਂ, ਢਾਹ ਦਿਓ! (ਹੁਣ ਪਰਖ ਤੇ ਇਹ ਹੋ ਰਹੀ ਸੀ ਕਿ ਕੌਣ ਸੇਵਕ ਬਣ ਕੇ ਕਰ ਰਿਹਾ ਹੈ ਤੇ ਕੌਣ ਕਰਤਾ ਬਣ ਕੇ) ਰਾਮਾ ਜੀ ਨੇ ਬੱਧਾ ਚੱਟੀ ਨਾਲ ਢਾਹ ਦਿੱਤਾ। ਜਦੋਂ ਭਾਈ ਜੇਠਾ ਜੀ ਨੂੰ ਕਿਹਾ, ਢਾਹ ਦਿਓ, ਠੀਕ ਨਹੀਂ ਤਾਂ ਭਾਈ ਜੇਠਾ ਜੀ ਕਹਿੰਦੇ, ਜੀ ਭੁੱਲ ਹੋ ਗਈ! ਪਤਾ ਨਹੀਂ ਮੈਂ ਆਪ ਜੀ ਦੇ ਮੁਤਾਬਕ ਕਿਉਂ ਨਹੀਂ ਬਣਾ ਪਾਇਆ! ਅਗਲੇ ਦਿਨ ਫਿਰ ਬਣਾਏ। ਸਤਿਗੁਰੂ ਜੀ ਨੇ ਕਿਹਾ, ਇਹ ਵੀ ਸਾਡੇ ਪਸੰਦ ਨਹੀਂ, ਢਾਹ ਦਿਓ! ਹੁਣ ਰਾਮਾ ਜੀ ਨੇ ਤੇ ਹੱਦ ਹੀ ਕਰ ਦਿੱਤੀ। ਕਹਿੰਦੇ, ਮੈਂ ਤੇ ਥੜ੍ਹਾ ਬਹੁਤ ਵਧੀਆ ਬਣਾਇਆ ਹੈ (ਕਰਤਾਪਨ ਆ ਗਿਆ), ਤੁਹਾਡੀ ਹੀ ਉਮਰ ਵਡੇਰੀ ਹੋ ਗਈ, ਤੁਹਾਨੂੰ ਕੁਝ ਪਤਾ ਹੀ ਨਹੀਂ ਲੱਗਦਾ।

ਜਦੋਂ ਭਾਈ ਜੇਠਾ ਜੀ ਨੂੰ ਕਿਹਾ, ਜੇਠਿਆ! 'ਥੜ੍ਹਾ ਤੂੰ ਵੀ ਬਹੁਤ ਨਿਕੰਮਾ ਬਣਾਇਆ ਹੈ, ਚਰਨਾਂ 'ਤੇ ਢਹਿ ਪਏ। ਬੇਨਤੀ ਕੀਤੀ, 'ਸਤਿਗੁਰੂ! ਕਿਰਪਾ ਕਰੋ, ਮੇਰੇ ਸਿਰ 'ਤੇ ਹੱਥ ਰੱਖ ਕੇ ਜਿਸ ਤਰ੍ਹਾਂ ਦਾ ਥੜ੍ਹਾ ਚਾਹੁੰਦੇ ਹੋ ਆਪ, ਬਣਵਾ ਲਵੋ। ਥੜ੍ਹਾ ਤੇ ਬਹੁਤ ਵਧੀਆ ਬਣਿਆ ਸੀ, ਪਰ ਸੇਵਕ-ਬਿਰਤੀ ਰੱਖੀ। ਸਤਿਗੁਰੂ ਨੇ ਛਾਤੀ ਨਾਲ ਲਾ ਲਿਆ। ਕਹਿੰਦੇ, ਜਿਹੜਾ ਥੜ੍ਹਾ ਮੈਂ ਬਣਵਾਉਣਾ ਚਾਹੁੰਦਾ ਸੀ, ਉਹ ਬਣ ਗਿਆ ਹੈ!

ਅੱਜ ਕਿੰਨਾ ਸਤਿਕਾਰ ਹੈ! ਭਾਈ ਜੇਠਾ ਜੀ ਤੋਂ ਗੁਰੂ ਰਾਮਦਾਸ ਜੀ ਬਣ

ਗਏ। ਕਿਦ੍ਹੇ ਸਦਕੇ? ਸੇਵਕ ਬਣ ਕੇ ਰਹੇ।

ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਬਾਰੇ ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ 'ਰੱਬ ਦਾ ਸ਼ੀਸ਼ਾ' ਹਨ, ਕੋਈ ਐਸਾ ਗੁਣ ਨਹੀਂ ਜਿਹੜਾ ਉਨ੍ਹਾਂ ਵਿਚ ਨਾ ਹੋਵੇ ਪਰ ਮਨ ਦੀ ਬਿਰਤੀ ਕਿੱਥੇ ਰੱਖੀ?

ਮੋ ਕੋ ਦਾਸ ਤਵਨ ਕਾ ਜਾਨਉ॥

ਜਦੋਂ ਹੇਮਕੁੰਟ 'ਤੇ ਅਕਾਲ ਪੁਰਖ ਵੱਲੋਂ ਹੁਕਮ ਹੋਇਆ, ਦੁਸ਼ਟ ਦਮਨ ਜੀ! ਜਾਓ! ਧਰਤੀ 'ਤੇ ਤੁਹਾਡੀ ਲੋੜ ਹੈ। ਉਥੇ ਜਾ ਕੇ ਸੱਚ ਦਾ ਢੰਢੋਰਾ ਦਿਓ! ਦੇਖੋ! ਸੇਵਕ-ਬਿਰਤੀ! ਸਾਡੇ ਲਈ ਪੂਰਨੇ। ਇਹ ਨਹੀਂ ਆਖਿਆ ਕਿ ਠੀਕ ਹੈ, ਮੈਂ ਜਾਂਦਾ ਹਾਂ ਤੇ ਜਾ ਕੇ ਸੱਚ ਦਾ ਪ੍ਰਚਾਰ ਕਰਦਾ ਹਾਂ। ਕਿੰਨੀ ਨਿਮਰਤਾ! ਕੀ ਆਖਿਆ?

ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥

(ਕਬਿਓ ਬਾਚ ਦੋਹਰਾ)

ਇਹ ਪੰਥ ਮੈਂ ਨਹੀਂ ਚਲਾ ਸਕਦਾ ਜਦ ਤਕ ਤੁਹਾਡੀ ਕਿਰਪਾ ਨਾਲ ਨਹੀਂ। ਕਰਤਾ ਬਣਨ ਦੀ ਕੋਸ਼ਿਸ਼ ਨਹੀਂ ਕੀਤੀ। ਅਕਾਲ ਪੁਰਖ ਵੱਲੋਂ ਏਡੀ ਵੱਡੀ **Duty** ਮਿਲੀ ਪਰ ਕਿਰਪਾ ਮੰਗ ਕੇ ਆਪਣੇ ਮਨ ਦੀ ਬਿਰਤੀ ਸੇਵਕ ਵਾਲੀ ਹੀ ਰੱਖੀ।

ਜੇ ਧਾਰਮਿਕ ਲਾਈਨ 'ਤੇ ਤੁਰੇ ਹੋ, ਤੇ ਜੇ ਚਾਹੁੰਦੇ ਹੋ ਮੰਜ਼ਿਲ ਦੀ ਪ੍ਰਾਪਤੀ ਤੇ ਨਾਨਕ-ਭਗਤੀ ਕਰਿਓ। ਆਪਣੇ ਮਨ ਦੀ ਬਿਰਤੀ ਇਥੇ ਰੱਖਿਓ ਕਿ ਮੈਂ ਤੇ ਔਗੁਣਿਆਰਾ ਹਾਂ।

ਫਰੀਦ ਜੀ ਦੀ ਕੋਈ ਘੱਟ ਭਗਤੀ ਸੀ? ੧੨ ਸਾਲ ਸੁੱਕੇ ਪੱਤੇ ਖਾ ਕੇ ਤਪ ਕੀਤਾ, ੧੨ ਸਾਲ ਪੁੱਠੇ ਲਟਕ ਕੇ ਤਪ ਕੀਤਾ, ੧੨ ਸਾਲ ਮੁਰਸ਼ਦ ਦੀ ਸੇਵਾ ਕੀਤੀ ਪਰ ਮਨ ਨੂੰ ਕਿੱਥੇ ਟਿਕਾਇਆ ਹੋਇਆ ਸੀ? ਕਹਿੰਦੇ, ਮੈਂ ਤੇ ਔਗੁਣਾਂ ਦਾ ਭਰਿਆ ਹੋਇਆ ਹਾਂ, ਪਰ ਲੋਕੀਂ ਮੇਰੇ ਬਾਹਰੀ ਵੇਸ ਨੂੰ ਦੇਖ ਕੇ ਮੈਨੂੰ ਦਰਵੇਸ਼ ਕਹੀ ਜਾਂਦੇ ਹਨ:

"ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥

ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥"

(ਅੰਗ ੧੩੮੧)

ਕਬੀਰ ਜੀ ਦੀ ਕਿੰਨੀ ਵੱਡੀ ਭਗਤੀ! ਅੰਤ ਸਮੇਂ ਦਰਗਾਹ ਨੂੰ ਸਰੀਰ ਵੀ ਨਾਲ ਲੈ ਕੇ ਗਏ। ਹੜੰਬੇ ਦੀ ਧਰਤੀ 'ਤੇ ਸਰਾਪ ਸੀ ਕਿ ਜਿਹੜਾ ਇਸ ਧਰਤੀ 'ਤੇ ਸਰੀਰ ਤਿਆਗੇਗਾ, ਨਰਕਾਂ ਨੂੰ ਜਾਵੇਗਾ! ਕਬੀਰ ਨੇ ਸਰਾਪ ਵਾਲੀ ਧਰਤੀ 'ਤੇ ਸਰੀਰ ਤਿਆਗਿਆ ਤੇ ਨਰਕ ਖਾਲੀ ਕਰਵਾ ਦਿੱਤੇ। ਇੰਨੀ ਵੱਡੀ ਅਵਸਥਾ! ਸਰਾਪ ਵਾਲੀ ਧਰਤੀ ਦਾ ਸਰਾਪ ਵੀ ਕਟਾ ਦਿੱਤਾ। ਪਰ ਮਨ ਨੂੰ ਕਿੱਥੇ ਰੱਖਿਆ ਕਿ ਮੈਂ ਤੇ ਆਪਣੇ ਰਾਮ ਦਾ ਕੁੱਤਾ ਹਾਂ:

"ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥" (ਅੰਗ ੧੩੬੮)

ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਹਾ ਜਾਂਦਾ ਹੈ, ਕਿੰਨੀ ਨੇੜੇ ਗੁਰੂ ਸਾਹਿਬ ਦੇ! ਪਰ ਮਨ ਨੂੰ ਕਿੱਥੇ ਰੱਖਿਆ- ਇਤਿਹਾਸ 'ਚ ਲਿਖਿਆ ਹੈ ਕਿ ਇਕ ਵਾਰੀ ਭਾਈ ਗੁਰਦਾਸ ਜੀ ਨੇ ਲੰਬਾ ਚੋਲਾ ਪਾਇਆ ਹੋਇਆ ਸੀ, ਮਗਰ ੫-੧੦ ਸਰੀਰ ਤੇ ਬਜ਼ਾਰ ਵਿੱਚੋਂ ਲੰਘ ਰਹੇ ਸੀ (ਸਾਡੇ ਵਰਗੇ ਦੇ ਮਗਰ ੫-੧੦ ਬੈਠੇ ਹੋਣ ਤੇ ਐਵੇਂ ਹੀ ਹਉਮੈ ਆ ਜਾਂਦੀ ਹੈ, ਮੇਰੇ ਵਰਗਾ ਕੋਈ ਨਹੀਂ)। ਇਕ ਬੀਬੀ ਉਨ੍ਹਾਂ ਨੂੰ ਵੇਖ ਕੇ ਇਕ ਸਿੱਖ ਨੂੰ ਪੁੱਛਣ ਲੱਗੀ, ਇਹ ਕਿਹੜੇ ਮਹਾਂ ਪੁਰਸ਼ ਜਾ ਰਹੇ ਹਨ, ਕਿਹੜੇ ਰੱਬ ਦੇ ਪਿਆਰੇ ਜਾ ਰਹੇ ਹਨ, ਕਿਹੜੇ ਸੰਤ ਜਾ ਰਹੇ ਹਨ? ਭਾਈ ਗੁਰਦਾਸ ਜੀ ਦੇ ਕੰਨਾਂ ਵਿਚ ਬੀਬੀ ਦੀ ਆਵਾਜ਼ ਪੈ ਗਈ ਕਿ ਬੀਬੀ! ਮੈਨੂੰ ਮਹਾਂ ਪੁਰਸ਼ ਕਹਿੰਦੀ ਪਈ ਹੈਂ? ਹੈ ਵੀ ਮਹਾਂ ਪੁਰਸ਼ ਸਨ, ਕੋਈ ਘੱਟ ਨਹੀਂ ਸਨ, ਪਰ ਉਸ ਬੀਬੀ ਕੋਲ ਆ ਕੇ ਕੀ ਕਹਿੰਦੇ? ਤੂੰ ਮੈਨੂੰ ਸੰਤ, ਮਹਾਂ ਪੁਰਸ਼ ਦਾ ਖਿਤਾਬ ਦੇ ਕੇ ਪੁੱਛਦੀ ਪਈ ਹੈਂ ਕਿ ਇਹ ਕੌਣ ਹੈ? ਆਖਿਆ ਆਪਣੇ ਬਾਰੇ ਕਿ ਮੈਂ ਕੌਣ ਹਾਂ:

"ਮੈ ਜੇਹਾ ਨ ਅਕਿਰਤਿਘਣੁ ਹੈ ਭਿ ਨ ਹੋਆ ਹੋਵਣਿਹਾਰਾ।
ਮੈ ਜੇਹਾ ਨ ਹਰਾਮਖੋਰੁ ਹੋਰੁ ਨ ਕੋਈ ਅਵਗੁਣਿਆਰਾ।
ਮੈ ਜੇਹਾ ਨਿੰਦਕੁ ਨ ਕੋਇ ਗੁਰ ਨਿੰਦਾ ਸਿਰਿ ਬਜਰੁ ਭਾਰਾ।"

(ਵਾਰ ੩੭:੨੯)

ਕਹਿਣ ਤੋਂ ਭਾਵ, ਇੰਨੀ ਉੱਚੀ ਅਵਸਥਾ, ਪਰ ਮਨ ਨੂੰ ਕਿੱਥੇ ਰੱਖਿਆ ਕਿ ਮੇਰੇ ਵਰਗਾ ਨਿੰਦਕ ਕੋਈ ਨਹੀਂ, ਮੇਰੇ ਵਰਗਾ ਅਕ੍ਰਿਤਘਣ ਕੋਈ ਨਹੀਂ। ਇਹ ਅਵਸਥਾ ਕਿਧਰੇ ਸਾਡੀ ਅੰਦਰੋਂ ਬਣ ਜਾਵੇ ਕਿ ਸੱਚੇ ਪਾਤਸ਼ਾਹ! ਮੇਰੇ ਵਰਗਾ ਨੀਚ ਕੋਈ ਨਹੀਂ, ਮੈਂ ਤੇ ਔਗੁਣਾਂ ਦਾ ਭਰਿਆ ਹਾਂ। ਸਾਡਾ ਤੇ ਨੱਕ ਮਾਣ ਨਾਲ ਉੱਚਾ ਹੁੰਦਾ ਹੈ ਕਿ ਮੈਂ ਤੇ ਰੋਜ਼ ਗੁਰਦੁਆਰੇ ਜਾਂਦਾ ਹਾਂ, ਮੈਂ ਤੇ ੨ ਵਜੇ ਅੰਮ੍ਰਿਤ ਵੇਲੇ ਜਾਗਦਾ ਹਾਂ, ਸਾਡੇ ਗੁਆਂਢੀ ਤੇ ੮ ਵਜੇ ਸੁੱਤੇ ਉੱਠਦੇ ਨੇ। ਇਨ੍ਹਾਂ ਗੱਲਾਂ ਨੂੰ ਲੈ ਕੇ ਮਨ 'ਤੇ ਹਉਮੈ ਦੀ ਮੈਲ ਚੰਬੜਾਈ ਰੱਖਦੇ ਹਾਂ। ਕਿੰਨਾ ਚੰਗਾ ਹੋਵੇ, ਜੇ ਸਭ ਕੁਝ ਕਰ ਕੇ ਅੰਦਰ ਨਿਮਾਣਾ ਤੇ ਨਿਤਾਣਾਪਨ ਆ ਜਾਵੇ! ਸਭ ਕੁਝ ਕੀਤਾ ਗੁਰੂ ਨਾਨਕ ਦੇ ਦਰ 'ਤੇ ਥਾਇਂ ਪੈ ਜਾਵੇਗਾ।

ਬਾਬਾ ਨੰਦ ਸਿੰਘ ਜੀ, ਕਿੰਨੀ ਕਮਾਈ, ਕਿੱਡੀ ਉੱਚੀ ਅਵਸਥਾ ਦੇ ਮਾਲਕ ਪਰ ਕਹਿਣਾ ਕਿ ਮੈਂ ਤੇ ਅਜੇ ਸਿੱਖ ਵੀ ਨਹੀਂ ਬਣਿਆ। ਟੋਇਆ ਪੁੱਟ ਕੇ ਬੈਠਣਾ ਕਿ ਜਿਹੜੀ ਸੰਗਤ ਲੰਘਦੀ ਹੈ ਉਸ ਦੀ ਧੂੜੀ ਮੇਰੇ 'ਤੇ ਪਵੇ ਤੇ ਮੈਂ ਵੀ ਸਿੱਖ ਬਣ ਜਾਵਾਂ! ਕਿਸੇ ਨੇ ਪੁੱਛ ਲਿਆ, ਬਾਬਾ ਜੀ ਤੁਸੀਂ ਲੁਕ ਕੇ ਕਿਉਂ ਬੈਠਦੇ ਹੋ? ਕਹਿੰਦੇ, ਜਿਸ ਕੁੱਤੇ ਨੂੰ ਕੀੜੇ ਪਏ ਹੋਣ ਉਹ ਲੁਕ ਕੇ ਰਹਿੰਦਾ ਹੈ। ਕਮਾਈ ਕਿੰਨੀ, ਪੂਰਨ ਜਤੀ ਸਤੀ ਪਰ ਕੀ ਆਖਿਆ, ਮੈਨੂੰ ਕਾਮ, ਕ੍ਰੋਧ, ਲੋਭ ਦੇ ਕੀੜੇ ਪਏ ਹਨ।

ਭਾਈ ਨੰਦ ਲਾਲ, ਕਿੰਨੇ ਵੱਡੇ ਵਿਦਵਾਨ, ਗੁਣੀ ਗਿਆਨੀ, ਕਿੰਨਾ ਗੁਰੂ ਗੋਬਿੰਦ ਸਿੰਘ ਜੀ ਦੇ ਨੇੜੇ, ਕਿੰਨਾ ਪਿਆਰ ਕੀਤਾ ਗੁਰੂ ਨਾਲ ਪਰ ਮਨ ਨੂੰ ਕਿੱਥੇ ਰੱਖਿਆ:

ਤੇਰੇ ਕੁੱਤਿਆਂ ਤੋਂ ਵੀ ਨੀਵਾਂ, ਨੰਦ ਲਾਲ ਅਖਵਾਵਾਂ।

ਬਹੁਤ ਲੋੜ ਹੈ। ਸਤਿਪੁਰਸ਼ਾਂ ਦੇ ਬਚਨ, ਪੜ੍ਹਨ-ਸੁਣਨ ਦੀ। ਜੇ ਕਮਾਈ ਨੂੰ ਲੇਖੇ ਲਾਉਣਾ ਚਾਹੁੰਦੇ ਹੋ, ਜੇ ਮੰਜ਼ਿਲ ਤਕ ਪਹੁੰਚਣਾ ਚਾਹੁੰਦੇ ਹੋ, ਸਭ ਗੁਣਾਂ ਦੇ ਹੁੰਦਿਆਂ ਮਨ ਇਥੇ ਟਿਕਿਆ ਹੋਵੇ, ਮੇਰੇ ਵਰਗਾ ਔਗੁਣਿਆਰਾ ਕੋਈ ਨਹੀਂ, ਭਾਵੇਂ ਸਾਡਾ ਅੰਮ੍ਰਿਤ ਵੇਲਾ ਵੀ ਹੋਵੇ, ਭਾਵੇਂ ਅਸੀਂ ਕਿਸੇ ਦਾ ਬੁਰਾ ਵੀ ਨਾ ਚਿਤਵਦੇ ਹੋਈਏ ਪਰ ਮਨ ਨੂੰ ਨੀਵਾਂ ਰੱਖਣਾ ਹੈ।

ਬਾਬਾ ਨੰਦ ਸਿੰਘ ਜੀ ਨੇ ਪੂਰਨਮਾਸ਼ੀ ਤੋਂ ਅਗਲੇ ਦਿਨ ਇਹ ਸ਼ਬਦ

ਲਗਵਾਉਣਾ 'ਰਿਦੇ ਗਰੀਬੀ ਆਵੈ'। ਵਿੱਚ ਪ੍ਰਮਾਣ। ਕਿਸੇ ਨੇ ਸਵਾਲ ਕੀਤਾ, ਪੂਰਨਮਾਸ਼ੀ ਤੋਂ ਅਗਲੇ ਦਿਨ ਇਹੀ ਸ਼ਬਦ ਕਿਉਂ ਲਗਵਾਉਂਦੇ ਹੋ? ਬਾਬਾ ਜੀ ਕਹਿੰਦੇ, ਪੂਰਨਮਾਸ਼ੀ ਨੂੰ ਲੱਖਾਂ ਦਾ ਇਕੱਠ ਹੋ ਜਾਂਦਾ ਹੈ, ਇਹ ਮਨ ਕਿਧਰੇ ਇਹ ਨਾ ਸੋਚ ਬੈਠੇ ਕਿ ਮੈਂ ਕੁਝ ਬਣ ਗਿਆ ਹਾਂ। ਅਗਲੇ ਦਿਨ ਹੀ ਬਾਣੀ ਦੀਆਂ ਪੰਕਤੀਆਂ ਨਾਲ ਸੱਟ ਮਾਰੀਦੀ ਹੈ ਕਿ ਗੁਰੂ ਨਾਨਕ ਦੇ ਘਰ 'ਚ ਹੰਕਾਰ ਨਹੀਂ ਪ੍ਰਵਾਨ, ਨਿਮਰਤਾ ਪ੍ਰਵਾਨ ਹੈ। ਬਾਬਾ ਜੀ ਨੇ ਕੱਛ ਵਿਚ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਸੈਂਚੀ ਰੱਖ ਲੈਣੀ ਤੇ ਉਧਰ ਉਂਗਲ ਕਰੀ ਜਾਣੀ। ਕਿਸੇ ਪੁੱਛਿਆ, ਇਹ ਕਿਉਂ? ਬਾਬਾ ਜੀ ਕਹਿੰਦੇ, ਮਨ ਪਾਪੀ ਹੈ, ਕਿਧਰੇ ਇਹ ਨਾ ਸਮਝੇ ਕਿ ਲੋਕੀਂ ਮੈਨੂੰ ਸਤਿਕਾਰ ਦੇ ਰਹੇ ਹਨ। ਅਸੀਂ ਸੈਂਚੀ ਵੱਲ ਉਂਗਲ ਕਰ ਕੇ ਕਹਿੰਦੇ ਹਾਂ, ਮੈਨੂੰ ਨਹੀਂ, ਤੁਹਾਨੂੰ ਨਮਸਕਾਰ ਹੈ। ਕਿਧਰੇ ਸਾਨੂੰ ਹਉਮੈ ਨਾ ਆ ਜਾਵੇ, ਸਾਰੇ ਮੱਥੇ ਟੇਕੇ ਗੁਰੂ ਨੂੰ Supply ਕਰ ਦੇਂਦੇ ਹਾਂ।

ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਉਨ੍ਹਾਂ ਨੇ ਕਈ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਮਸਕਾਰਾਂ ਕਰੀ ਜਾਣੀਆਂ। ਇਕ ਦਿਨ ਸੇਵਾਦਾਰ ਕੋਲ ਖੜ੍ਹਾ ਸੀ। ਨਮਸਕਾਰ ਕਰ ਕੇ ਦੋਵੇਂ ਹੱਥ ਉੱਤੇ ਕਰ ਕੇ ਕਹਿੰਦੇ, ਮੇਰਾ ਭਾਰ ਲੱਥ ਗਿਆ ਹੈ। ਸੇਵਾਦਾਰ ਪੁੱਛਣ ਲੱਗਾ, ਕਿਹੜਾ ਭਾਰ ਲੱਥ ਗਿਆ ਹੈ? ਕਹਿੰਦੇ, ਅੱਜ ਸਾਨੂੰ ਸਵੇਰ ਦਾ ਬੜੇ ਹੀ ਲੋਕ ਮੱਥੇ ਟੇਕ ਗਏ ਹਨ, ਨਮਸਕਾਰਾਂ ਕਰ ਗਏ ਹਨ, ਅਸੀਂ ਸਾਰੀਆਂ ਨਮਸਕਾਰਾਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਕਰ ਕੇ ਗੁਰੂ ਰਾਮਦਾਸ ਜੀ ਨੂੰ Supply ਕਰ ਦਿੱਤੀਆਂ ਹਨ। ਗੁਰੂ ਜਾਣੇ ਤੇ ਸਿੱਖ ਜਾਣਨ, ਅਸੀਂ ਕੋਲ ਕੋਈ ਨਹੀਂ ਰੱਖੀ! ਸੰਤ ਮਹਾਂ ਪਰਸ਼, ਜਿਹੜੇ ਏਸ ਰਾਹ 'ਤੇ ਚੱਲੇ ਉਨ੍ਹਾਂ ਦੇ ਜੀਵਨ ਨੂੰ ਪੜ੍ਹ ਕੇ ਅਸੀਂ ਵੀ ਸਿਖਿਆ ਲੈਣੀ ਹੈ।

ਬਾਬਾ ਨੰਦ ਸਿੰਘ ਜੀ ਕਦੀ ਆਪਣੀ ਹੋਂਦ ਵਿਚ ਸਾਧ ਦੀ ਮਹਿਮਾ ਦਾ ਸ਼ਬਦ ਨਹੀਂ ਸੀ ਲੱਗਣ ਦੇਂਦੇ ਕਿ ਕਿਧਰੇ ਇਹ ਮਨ ਇਹ ਨਾ ਸਮਝ ਬੈਠੇ ਕਿ ਮੈਂ ਹੀ ਸਾਧ ਹਾਂ। ਬਾਬਾ ਜੀ ਆਪਣੇ ਸੇਵਕਾਂ ਨੂੰ ਨਿਮਰਤਾ ਦੀ ਪੜ੍ਹਾਈ ਕਰਾਉਂਦੇ ਸਨ ਤਾਂ ਕਿ ਬਿਹੰਗਮਾਂ ਦੀ ਕਮਾਈ ਥਾਇਂ ਪੈ ਜਾਵੇ। ਇਕ ਵਾਰੀ ਆਪਣੇ ਸੇਵਕਾਂ ਨੂੰ ਕਹਿੰਦੇ, ਜੇ ਅਸੀਂ ਤੁਹਾਨੂੰ ਕਹੀਏ ਕਿ ਫਲਾਣੇ ਨੂੰ ਬੁਲਾ ਕੇ ਲਿਆਓ ਤੇ ਤੁਸੀਂ ਜਾ ਕੇ ਕੀ ਕਹਿੰਦੇ ਹੋ? ਉਹ ਕਹਿੰਦੇ, ਕਹੀਦਾ ਹੈ ਕਿ ਬਾਬਾ

ਜੀ ਵੱਲੋਂ ਹੁਕਮ ਹੈ, ਆਓ! ਬਾਬਾ ਜੀ ਕਹਿੰਦੇ, ਇੰਝ ਨਹੀਂ ਕਹਿਣਾ। ਇਸ ਤਰ੍ਹਾਂ ਨਾਲ ਤੇ ਸਾਨੂੰ ਹੰਕਾਰ ਆ ਜਾਵੇਗਾ ਕਿ ਫਲਾਣਾ ਸਾਡਾ ਹੁਕਮ ਸੁਣ ਕੇ, ਇੰਝ ਕਹਿਣਾ ਹੈ, ਬਾਬਾ ਜੀ ਯਾਦ ਕਰਦੇ ਹਨ, ਕਿਰਪਾ ਕਰ ਕੇ ਦਰਸ਼ਨ ਦਿਓ!

ਕਈ ਜਿਹੜੇ ਬਹੁਤ ਨਾਮ ਜਪਦੇ ਹਨ, ਜਾਂ ਕੀਰਤਨ ਕਰਦੇ ਹਨ, ਉਨ੍ਹਾਂ ਨੂੰ ਕਈ ਕਹਿ ਦੇਂਦੇ ਹਨ, ਸਾਡੇ ਘਰ ਚਰਨ ਪਾਓ, ਦਰਸ਼ਨ ਦਿਓ। ਜੇ ਤੇ ਉਸ ਕਿਸੇ ਮਹਾਂ ਪੁਰਸ਼ ਦੀ ਸੰਗਤ ਨਹੀਂ ਕੀਤੀ ਤਾਂ ਇਹੀ ਕਹੇਗਾ, ਜ਼ਰੂਰ ਚਰਨ ਪਾਵਾਂਗੇ। ਇਹ ਹੰਕਾਰ ਦੀ ਨਿਸ਼ਾਨੀ ਹੈ, ਤੂੰ ਚਰਨ ਪਾਉਣ ਜੋਗਾ ਹੋ ਗਿਆ, ਦਰਸ਼ਨ ਦੇਣ ਜੋਗਾ ਹੋ ਗਿਆ? ਬਾਬਾ ਜੀ ਦੱਸਦੇ ਸਨ, ਅੱਗੋਂ ਇਹ ਕਹਿਣਾ ਹੈ, ਤੁਹਾਡੇ ਘਰ ਤੁਹਾਡੇ ਦਰਸ਼ਨ ਕਰਨ ਆਵਾਂਗੇ। ਨਿਮਰਤਾ ਇਹ ਹੈ। ਬਾਬਾ ਜੀ ਦੇ ਬਚਨ ਹਨ ਕਿ ਸਾਡੇ ਬੋਲਾਂ ਵਿਚ ਵੀ ਨਿਮਰਤਾ ਹੋਵੇ।

ਬਾਬਾ ਈਸ਼ਰ ਸਿੰਘ ਜੀ ਕਿੰਨੀ ਕਮਾਈ! ਅੰਮ੍ਰਿਤਸਰ ਨਹਿਰ 'ਤੇ ਦੀਵਾਨ ਲੱਗਣੇ ਤੇ ਅੱਧਾ ਸ਼ਹਿਰ ਖਾਲੀ ਹੋ ਜਾਣਾ ਕਿ ਅੰਮ੍ਰਿਤ ਦੀ ਬੂੰਦ ਅਸੀਂ ਵੀ ਲੈ ਆਈਏ! ਉਨ੍ਹਾਂ ਨੇ ਬਚਨ ਕਰਨੇ ਕਿ ਇਥੇ ਤਾਂ ਕਈ ਗੁਣੀ ਗਿਆਨੀ, ਪ੍ਰਚਾਰਕ, ਰਾਗੀ, ਗੁਰੂ ਦੇ ਪਿਆਰੇ, ਕਥਾਵਾਚਕ ਬੈਠੇ ਹਨ, ਪਰ ਦਾਸ ਤੇ ਕੇਵਲ ਬਾਬਾ ਜੀ ਦੇ ਘਰ ਦਾ ਝਾੜੂ ਦੇਣ ਵਾਲਾ ਹੈ। ਮੈਂ ਤੇ ਨਾ ਹੀ ਗੁਣੀ ਗਿਆਨੀ ਹਾਂ ਤੇ ਨਾ ਹੀ ਪ੍ਰਚਾਰਕ, ਮੈਂ ਤੇ ਝਾੜੂ ਦੇਣ ਵਾਲਾ ਹਾਂ। ਇਹ ਹੈ ਸੇਵਕ ਬਣਨਾ! ਦੱਸਦੇ ਸਨ ਕਿ ਮੈਂ ਤੇ ਬਹੁਤਾ ਪੜ੍ਹਿਆ ਵੀ ਨਹੀਂ। ਮੈਂ ਤਾਂ ਕੇਵਲ ਤਿੰਨ ਜਮਾਤਾਂ ਪੜ੍ਹੀਆਂ ਹਨ ਗੁਰੂ ਨਾਨਕ ਦੇ ਘਰ ਦੀਆਂ, ਮੈਨੂੰ ਬਾਬਾ ਜੀ ਨੇ ਪੜ੍ਹਾਈਆਂ ਸਨ:

ਭੱਭਾ- ਭੁੱਲ ਗਿਆ ਜੀ

ਭੱਭਾ- ਭਲਾ ਜੀ

ਭੱਭਾ – ਭਾਣਾ ਜੀ

ਇਹ ਤਿੰਨੇ ਜਮਾਤਾਂ ਕਿਹੜੀਆਂ ਹਨ? ਆਪੇ ਅੰਦਾਜ਼ਾ ਲਾ ਲਵੋ! ਜਿਨ੍ਹਾਂ ਵਿਚ ਕਰਤਾਪਨ ਨਹੀਂ। ਕਹਿੰਦੇ ਸੀ, ਨਾ ਮੈਂ ਫਾਰਸੀ ਪੜ੍ਹਿਆ ਹਾਂ ਤੇ ਨਾ ਅੰਗਰੇਜ਼ੀ। ਉਨ੍ਹਾਂ ਨੇ ਆਪ ਬਚਨ ਸੁਣਾਇਆ। ਕਹਿੰਦੇ, ਇਕ ਵਾਰੀ ਮੈਂ

ਦਿੱਲੀ 'ਚ ਸੀ ਤੇ ਕਿਸੇ ਗੁਰਦੁਆਰੇ ਵੱਲ ਬਾਬਾ ਨੰਦ ਸਿੰਘ ਜੀ ਨੇ ਇਸ਼ਾਰਾ ਕੀਤਾ ਤੇ ਮੈਂ ਅੱਗੋਂ ਕਹਿ ਦਿੱਤਾ, ਬਿਲਕੁਲ ਠੀਕ। ੩-੪ ਮਿੰਟ ਬਾਅਦ ਜਦੋਂ ਬਾਬਾ ਨੰਦ ਸਿੰਘ ਜੀ ਸਾਈਡ 'ਤੇ ਆਏ ਤੇ ਮੈਨੂੰ ਠਾਹ ਚਪੇੜ ਮਾਰੀ। ਕਹਿੰਦੇ, ਬੁੱਧੂ ਨਾ ਹੋਵੇ ਤਾਂ! ਇਹ ਫਾਰਸੀ ਕਿੱਥੋਂ ਸਿੱਖ ਆਇਆ ਹੈਂ? 'ਸਤਿਬਚਨ' ਕਿੱਥੇ ਗਿਆ ਤੇਰਾ? ਕਹਿੰਦੇ, ਇਤਨੀ ਕੁ ਫਾਰਸੀ ਬੋਲ ਗਿਆ ਬਿਲਕੁਲ ਠੀਕ ਤੇ ਚਪੇੜ ਪੈ ਗਈ। ਅੱਗੋਂ ਨਹੀਂ ਪੜ੍ਹੀ। ਜੇ ਪੜ੍ਹਦਾ ਤੇ ਪਤਾ ਨਹੀਂ ਕੀ ਹੁੰਦਾ! ਬੜੀ ਬਾਰੀਕੀ 'ਚ ਜਾਂਦੇ ਸਨ। ਕਹਿੰਦੇ ਸੀ, 'ਹਾਂ' ਲਫਜ਼ ਹਉਮੈ ਦੀ ਨਿਸ਼ਾਨੀ ਹੈ ਤੇ 'ਜੀ' ਨਿਮਰਤਾ ਦਾ ਸੂਚਕ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਨੋਟ ਕਰ ਲਵੋ, ਸਭ ਨਿਮਰਤਾ ਭਾਵ ਵਾਲੇ ਲਫਜ਼ ਆਉਣਗੇ।

ਯਤਨ ਕਰਨਾ ਹੈ, ਇਹ ਜ਼ਿੰਦਗੀ ਸਾਡੀ ਸੇਵਕ ਬਣ ਕੇ ਬਤੀਤ ਹੋਵੇ! ਕਦੀ ਇਹ ਨਾ ਕਹਿਣਾ, ਮੈਂ ਫਲਾਣਾ ਕੰਮ ਕੀਤਾ, ਇਹ ਕਹਿਣਾ ਹੈ ਕਿ ਗੁਰੂ ਨੇ ਕਿਰਪਾ ਕਰ ਕੇ ਮੇਰੇ ਕੋਲੋਂ ਇਹ ਕੰਮ ਕਰਵਾ ਲਿਆ ਹੈ। ਸਭ ਕੁਝ ਕਰ ਕੇ ਵੀ ਨਿਮਾਣੇ, ਨਿਤਾਣੇ, ਔਗੁਣਿਆਰੇ ਬਣ ਕੇ ਰਹਿਣਾ ਹੈ। ਜਿਹੜਾ ਇਹ ਬ੍ਰਿਤੀ ਬਣਾ ਕੇ ਰੱਖਦਾ ਹੈ, ਉਹੀ ਮੰਜ਼ਿਲ 'ਤੇ ਪਹੁੰਚਦਾ ਹੈ। ਖੇੜੇ, ਅਨੰਦ, ਸਹਿਜ ਦੀ ਅਵਸਥਾ 'ਤੇ ਉਹੀ ਪਹੁੰਚਦਾ ਹੈ। ਨਿਮਰਤਾ ਨਾ ਹੋਵੇ, ਜੁਗਤੀ ਨਾ ਪਤਾ ਹੋਵੇ, ਇਕ ਬੰਨੇ ਭਾਂਡਾ ਭਰੀ ਜਾਵੇਗਾ, ਦੂਜੇ ਬੰਨੇ ਖਾਲੀ ਹੁੰਦਾ ਜਾਵੇਗਾ। ਜੋ ਵੀ ਸਤਿਗੁਰੂ ਸੇਵਾ ਲੈਣ, ਸੇਵਕ ਬਣ ਕੇ ਕਰਿਓ, ਕਰਤਾ ਨਾ ਬਣਿਓ! ਹਰ ਪਲ, ਹਰ ਘੜੀ, ਹਰ ਵੇਲੇ ਇਹ ਧਿਆਨ ਰੱਖਣਾ ਹੈ ਕਿ ਕਿਧਰੇ ਹਉਮੈ ਨਾ ਆ ਜਾਵੇ! ਇਹ ਬੜੀ ਭੈੜੀ ਹੈ, ਇਸ ਤੋਂ ਬਚ ਕੇ ਰਹਿਣਾ! ਇਸ ਤੋਂ ਬਚੋਗੇ ਤਾਂ ਹੀ ਪ੍ਰਾਪਤੀ ਹੋਵੇਗੀ। ਹਰ ਵੇਲੇ ਨਿਮਰਤਾ ਧਾਰ ਕੇ ਗੁਰੂ ਕੋਲੋਂ ਬਖਸ਼ਿਸ਼ ਮੰਗਣੀ ਹੈ। ਨਿਮਰਤਾ ਦਾ ਬੂਟਾ ਸਾਡੇ ਹਿਰਦੇ 'ਚ ਲੱਗ ਜਾਵੇ, ਗੁਰੂ ਦੀਆਂ ਸਾਰੀਆਂ ਬਖਸ਼ਿਸ਼ਾਂ ਤੁਰੀਆਂ ਆਉਣਗੀਆਂ। ਨਿਮਰਤਾ ਨੂੰ ਹੀ ਭਾਗ ਲੱਗਦੇ ਹਨ। ਨਿਮਰਤਾ ਦੀ ਹੀ ਪੜ੍ਹਾਈ ਕਰਨੀ ਹੈ। **ਇਹ ਛੇਵੀਂ ਜੁਗਤੀ ਚੰਗੀ ਤਰ੍ਹਾਂ ਜੀਵਨ ਵਿਚ ਸਮਝਣੀ ਹੈ, ਸਾਧਕ ਨੇ (ਰੱਬ ਵਾਲੇ ਪਾਸੇ ਜਿਤਨੇ ਵੀ ਕੰਮ ਕਰੇ ਕਰਤਾਪਨ ਨਾ ਆ ਜਾਵੇ, ਸੇਵਕ ਬਣ ਕੇ ਕਰੇ!**

ਸਤਵੀਂ ਜੁਗਤੀ

੭. ਸਾਧਕ ਬੰਦੇ ਲਈ ਸਤਵੀਂ ਜੁਗਤੀ ਹੈ ਵਿਅਰਥ ਦੀਆਂ ਗੱਲਾਂ ਸੁਣਨ 'ਤੇ , ਕਰਨ 'ਤੇ, ਨੇਤ੍ਰਾਂ ਨਾਲ ਵਿਅਰਥ ਵੇਖਣ ਅਤੇ ਪੜ੍ਹਨ 'ਤੇ ਕੰਟਰੋਲ ਕਰੇ।"

ਕਦੀ ਨੋਟ ਕਰਿਆ ਕਰੋ, ਤੁਹਾਡੇ ਦਿਨ ਵਿਚ ਕਈ ਘੰਟੇ ਦੁਨੀਆਂ ਦੇ ਲੋਕਾਂ ਨਾਲ ਫਾਲਤੂ ਬਹਿਸ ਕਰਨ ਵਿਚ ਬਤੀਤ ਹੁੰਦੇ ਹਨ। ਜਿਸ ਗੱਲ ਦਾ ਕੋਈ ਮਤਲਬ ਹੀ ਨਹੀਂ ਹੁੰਦਾ, ਕੋਈ ਸਿਰ-ਪੈਰ ਹੀ ਨਹੀਂ ਹੁੰਦਾ, ਐਵੇਂ ਕਿਸੇ ਤੀਸਰੇ ਬੰਦੇ ਦੀ ਗੱਲ ਨੂੰ ਲੈ ਕੇ, ਤੁਸੀਂ ਕਈ-ਕਈ ਘੰਟੇ ਬਹਿਸ ਕਰਦੇ ਹੋ, ਸਮਝ ਲੈਣਾ ਕਿ ਸਾਡੀ ਰਸਨਾ ਨੂੰ ਹਰ ਮਿਲੇ ਪਲ 'ਚ ਵੀ ਅੰਮ੍ਰਿਤ ਵਰਗਾ ਨਾਮ ਜਪਣਾ ਚਾਹੀਦਾ ਸੀ ਪਰ ਅਸੀਂ ਬਿਖ ਵਰਗੀ ਬਹਿਸ ਕਰ ਕੇ ਆਪਣਾ ਸਮਾਂ ਅਜਾਇਆਂ ਗਵਾ ਰਹੇ ਹਾਂ। ਜਿੰਨੇ ਵੀ ਸਾਡੇ ਸੁਆਸ ਜਾ ਰਹੇ ਹਨ, ਇਹ ਲਾਲਾਂ ਤੋਂ ਵੀ ਵੱਧ ਕੀਮਤੀ ਹਨ, ਇਹ ਸਾਨੂੰ ਗਿਣ ਕੇ ਮਿਲੇ ਹਨ। ਕਿਸੇ ਬੰਦੇ ਨੂੰ ਡਾਕਟਰ ਜਵਾਬ ਦੇ ਦੇਣ, ਉਹ ਬੰਦਾ ਕਿਸੇ ਨੂੰ ਕਹੇ ਮੈਨੂੰ ੩ ਦਿਨ ਦੇ ਸੁਆਸ ਦੇ ਦੇ, ਮੇਰੇ ਕੋਲੋਂ ੩ ਲੱਖ ਰੁਪਏ ਲੈ ਲੈ, ਨਹੀਂ ਮਿਲਦੇ। ਇਹ ਮੁੱਲ ਨਹੀਂ ਵਿਕਦੇ! ਇਹ ਸੁਆਸਾਂ ਰੂਪੀ ਲਾਲ, ਦੂਜੇ ਲਾਲਾਂ ਤੋਂ ਵੀ ਵੱਧ ਕੀਮਤੀ ਹਨ!

ਮਹਾਂ ਪੁਰਸ਼ ਦੱਸਦੇ ਸੀ ਕਿ ਕੋਈ ਬੰਦਾ ਜਦੋਂ ਸਿਮਰਨ 'ਚ ਬੈਠਾ ਹੋਵੇ ਤੇ, ਜਿੰਨੇ ਸਮੇਂ ਵਿਚ ਅੱਠ ਸੁਆਸ ਲਵੇ, ਉਤਨੇ ਹੀ ਸਮੇਂ ਵਿਚ ਆਮ ਤੁਰਦਾ-ਫਿਰਦਾ, ਧੰਦਿਆਂ ਵਿਚ ਵਿਚਰਦਾ ਬੰਦਾ ੧੬ ਸੁਆਸ ਲਵੇਗਾ। ਜਦੋਂ ਬੰਦਾ ਸੌਂ ਜਾਵੇ, ਨੀਂਦ ਵਿਚ ਉਤਨੇ ਹੀ ਸਮੇਂ ਵਿਚ ੩੨ ਸੁਆਸ ਲਵੇਗਾ। ਜਦੋਂ ਬੰਦਾ ਵਾਸਨਾ ਭੋਗਦਾ ਹੈ ਤਾਂ ਉਤਨੇ ਹੀ ਟਾਈਮ ਵਿਚ ੬੪ ਸੁਆਸ ਲਵੇਗਾ। ਤਿੰਨ ਤਰ੍ਹਾਂ ਦੇ ਸੁਆਸ ਅਸੀਂ ਲੈਂਦੇ ਹਾਂ। ਇਕ ਤੇ ਉਹ ਸੁਆਸ ਜੋ ਅਜਾਇਆਂ

ਚਲੇ ਜਾਂਦੇ ਹਨ।

ਥੋੜ੍ਹੇ ਦਿਨਾਂ ਦੀ ਗੱਲ ਹੈ, ਕਿਸੇ ਦੇ ਘਰ ਮੀਟਿੰਗ ਸੀ। ਰਾਤ ਦਾ ੭.੩੦ ਦਾ ਟਾਈਮ ਰੱਖਿਆ ਸੀ। ਅਸੀਂ ਥੋੜ੍ਹਾ ਲੇਟ ਹੋ ਗਏ, ੫ ਮਿੰਟ ਘੱਟ ਅੱਠ 'ਤੇ ਪਹੁੰਚੇ। ਅੱਗੇ ਜਾਂਦਿਆਂ ਨੂੰ ੩-੪ ਸਰੀਰ ਸਰਕਾਰ ਦੀ ਗੱਲ ਨੂੰ ਲੈ ਕੇ ਆਪਸ ਵਿਚ ਬਹਿਸਦੇ ਪਏ ਸੀ। ਅਸੀਂ ਬੈਠੇ ਕਿ ਇਹ ਆਪਣੀ ਗੱਲ ਮੁਕਾਉਣ ਤੇ ਮੀਟਿੰਗ ਸ਼ੁਰੂ ਕਰੀਏ। ਉਹ ਪੂਰੇ ੩੦ ਮਿੰਟ ਲੱਗੇ ਰਹੇ ਇਸੇ ਗੱਲ 'ਤੇ ਕਿ ਸਰਕਾਰ ਨੇ ਬਾਹਰੋਂ ਕੰਪਨੀਆਂ ਲਿਆ ਕੇ ਇਥੇ ਫੈਕਟਰੀਆਂ ਲਵਾ ਦਿੱਤੀਆਂ ਹਨ, ਹਿੰਦੁਸਤਾਨ ਨੂੰ ਇਹ ਹੋ ਗਿਆ ਹੈ, ਉਸ ਨੂੰ ਉਹ ਹੋ ਗਿਆ ਹੈ!

੩੫ ਮਿੰਟ ਬਾਅਦ ਮੈਂ ਸੋਚਿਆ ਕਿ ਇਨ੍ਹਾਂ ਨੇ ਜਿੰਨੀ ਵੀ ਬਹਿਸ ਕੀਤੀ ਹੈ ਆਪਸ ਵਿਚ ਕਿਸੇ ਸਰਕਾਰ ਨੂੰ ਲੈ ਕੇ, ਇਸ ਵਿਚ ਇਕ ਗੱਲ ਵੀ ਰੱਬ ਦੀ ਨਹੀਂ, ਨਾਮ ਦੀ ਨਹੀਂ। ਇਹੀ ਨਹੀਂ, ਅਸੀਂ ਵੀ ਬਿਨਾਂ ਵਜ੍ਹਾ ਤੋਂ ਹੀ ਕਈ ਵਾਰੀ ਕੋਈ ਗੱਲ ਛੇੜ ਕੇ ਬੈਠ ਜਾਂਦੇ ਹਾਂ ਜਿਸ ਦਾ ਕੋਈ ਮਕਸਦ ਹੀ ਨਹੀਂ, ਬੰਦਗੀ ਨਹੀਂ। ਕੋਈ ਜ਼ਰੂਰੀ ਗੱਲ ਨਹੀਂ ਤਾਂ ਸਮਝ ਲਵੋ ਸਾਡੇ ਸੁਆਸ ਅਜਾਇਆਂ ਗਏ।

ਪਿੱਛੇ ਜਿਹੇ ਅਸੀਂ ਗੱਡੀ 'ਚ ਆ ਰਹੇ ਸੀ ਦਿੱਲੀ ਤੋਂ। ਸ਼ਾਮ ੭ ਵਜੇ ਦਾ ਸਮਾਂ ਸੀ। ਅਸੀਂ ੩-੪ ਬੰਦੇ ਆਪਸ ਵਿਚ ਬੈਠੇ ਤੇ ਗੱਡੀਆਂ ਬਾਰੇ ਗੱਲ ਛਿੜ ਪਈ ਕਿ ਗੱਡੀਆਂ ਵਿਚ ਇੰਞ ਸੁਧਾਰ ਹੋਣਾ ਚਾਹੀਦਾ ਹੈ, ਗੱਡੀ ਇਸ ਤਰ੍ਹਾਂ ਇਥੋਂ ਚੱਲਣੀ ਚਾਹੀਦੀ ਹੈ, ਇਥੇ ਇੰਞ ਹੋਣਾ ਚਾਹੀਦਾ ਹੈ। ਜਦੋਂ ਘੜੀ ਵੇਖੀ ਤੇ ੧੦.੩੦ ਵੱਜੇ ਸੀ। ਮਨ ਬੜਾ ਦੁਖੀ ਹੋਇਆ ਕਿ ੭ ਵਜੇ ਦੀ ਫਾਲਤੂ ਬਹਿਸ ਛਿੜੀ ਹੈ, 3½ ਘੰਟੇ ਵਿਚ ਕੋਈ ਵੀ ਗੱਲ ਗੁਰੂ ਦੀ ਨਹੀਂ। ਨਾ ਅਸੀਂ ਗੱਡੀਆਂ ਵਿਚ ਸੁਧਾਰ ਕਰਵਾ ਸਕਦੇ ਹਾਂ, ਨਾ ਕੁਝ ਕਰ ਸਕਦੇ ਹਾਂ। ਫਾਲਤੂ ਦੀ ਬਹਿਸ ਵਿਚ ਕਿੰਨੇ ਸੁਆਸ ਅਜਾਏਂ ਗਵਾ ਲਏ? ਇਹ ਗੱਲਾਂ ਤਾਂ ਠੱਠੇ ਹਨ ਪਰ ੯੦% ਅਸੀਂ ਇਸੇ ਵਿਚ ਫਸੇ ਪਏ ਹਾਂ। ਦਿਨ ਦੇ ਕਈ-ਕਈ ਘੰਟੇ ਇਹੋ ਜਿਹੀ ਫਾਲਤੂ ਬਹਿਸ ਵਿਚ ਬੀਤ ਜਾਂਦੇ ਹਨ। ਬਾਅਦ ਵਿਚ ਬੰਦਾ ਸੋਚਦਾ ਹੈ, ਮੇਰੇ ਇੰਨੇ ਘੰਟੇ ਬਿਰਥਾ ਚਲੇ ਗਏ, ਮੈਂ ਸੰਭਾਲ ਨਾ ਸਕਿਆ।

ਕਈ ਬੀਬੀਆਂ ਨੂੰ ਬੜੀ ਆਦਤ ਹੁੰਦੀ ਹੈ, ਕਿਸੇ ਦੇ ਘਰ ਜਾਣ ਤਾਂ ਪੁੱਛਦੀਆਂ ਹਨ, ਇਹ ਸਾੜੀ ਕਿੰਨੇ ਦੀ ਲਈ ਹੈ, ਇਹ ਸੂਟ ਕਿੰਨੇ ਦਾ ਆਇਆ ਹੈ? ਇਹ ਪਰਦੇ ਬੜੇ ਸੁਹਣੇ ਨੇ, ਕਿੱਥੋਂ ਲਏ? ਇਸ ਤਰ੍ਹਾਂ ਫਾਲਤੂ ਗੱਲਾਂ ਵਿਚ ਸੁਆਸ ਅਜਾਏਂ ਜਾ ਰਹੇ ਹਨ। ਬਹੁਤ ਲੋੜ ਹੈ ਇਸ ਪ੍ਰਚਾਰ ਦੀ, ਸਾਡੇ ਕਈ-ਕਈ ਸੁਆਸ, ਇੰਨੇ ਕੁ ਅਨਜਾਣਪੁਣੇ ਕਾਰਨ ਬਿਰਥਾ ਜਾਂਦੇ ਨੇ।

ਫਰੀਦ ਦੀ ਮਾਂ ਕਦੇ ਕਹਿੰਦੀ ਸੀ, ਅੱਜ ਰੱਬ ਰੁੱਠਾ ਤੇ ਕਦੇ ਕਹਿਣਾ, ਅੱਜ ਰੱਬ ਤੁੱਠਾ। ਫਰੀਦ ਨੇ ਭੋਲੇ-ਭਾ ਪੁੱਛ ਲਿਆ, ਮਾਂ ਕਦੀ ਕਹਿੰਦੀ ਹੈਂ, ਰੱਬ ਤੁੱਠਾ ਤੇ ਕਦੀ ਕਹਿੰਦੀ ਹੈਂ, ਰੱਬ ਰੁੱਠਾ? ਇਹ ਕਿਉਂ? ਫਰੀਦ ਦੀ ਮਾਂ ਕਹਿੰਦੀ, ਜਦੋਂ ਕੋਈ, ਐਹੋ ਜਿਹੀ ਬੀਬੀ-ਸਹੇਲੀ ਆ ਜਾਵੇ ਘਰ, ਜਿਹੜੀ ਮੇਰਾ ਘੰਟਾ ਅੱਧਾ ਘੰਟਾ ਵਿਅਰਥ ਗੱਲਾਂ 'ਚ ਲੰਘਾ ਦੇਵੇ, ਤਾਂ ਕਹਿੰਦੀ ਹਾਂ, ਅੱਜ ਰੱਬ ਰੁੱਠਾ ਹੈ, ਅੱਜ ਤੂੰ ਨਰਾਜ਼ ਹੈਂ ਜਿਹੜਾ ਐਹੋ ਜਿਹੀ ਨੂੰ ਮੇਰੇ ਕੋਲ ਭੇਜ ਦਿੱਤਾ ਹੈ। ਜਦੋਂ ਕੋਈ ਐਹੋ ਜਿਹਾ ਘਰ ਆ ਜਾਵੇ, ਜਿਹੜਾ ਮੈਨੂੰ ਅਧਿਆਤਮਕ ਗੱਲ ਸੁਣਾਵੇ, ਮੈਂ ਕਹਿੰਦੀ ਹਾਂ, ਅੱਜ ਰੱਬ ਤੁੱਠਾ ਹੈ।

ਸਾਲ ਕੁ ਦੀ ਗੱਲ ਹੈ, ਸਾਡੇ ਆਪਣੇ ਘਰ ਵਿਚ ਕੋਠੇ 'ਤੇ 'ਮੁੱਘ' ਹੈ। ਦਾਸ ਉੱਪਰ ਹੀ ਹੁੰਦਾ ਹੈ ਬਹੁਤਾ। ਰੋਟੀ-ਪਾਣੀ ਥੱਲੇ ਹੈ। ਮੁੱਘ ਦੇ ਥੱਲੇ ਇਕ ਬੈਂਚ ਜਿਹਾ ਪਿਆ ਹੈ। ਇਕ ਬੀਬੀ ਆਈ ਤੇ ਉਸ ਬੈਂਚ 'ਤੇ ਬੈਠ ਗਈ। ਨਾਲ ਸਾਡੀ ਘਰਵਾਲੀ। ਕੋਈ ਡੇਢ ਘੰਟਾ ਬੈਠੀਆਂ ਰਹੀਆਂ। ਓਸ ਡੇਢ ਘੰਟੇ ਵਿਚ ਕੋਈ ਗੱਲ ਗੁਰੂ ਦੀ ਨਹੀਂ, ਰੱਬ ਦੀ ਨਹੀਂ। ਫਲਾਣੇ ਦੀ ਨੂੰਹ ਦਾ ਪਤਾ ਲੱਗਾ ਜੇ, ਗੱਲ ਤੁਰ ਪਈ ਓਧਰ---। ਉਹ ਫਲਾਣੇ ਦੇ ਬਾਰੇ ਪਤਾ ਲੱਗਾ ਜੇ--- ਗੱਲ ਉਧਰ ਤੁਰ ਪਈ। ਇਹ ਪਰਦੇ ਬੜੇ ਸੁਹਣੇ ਨੇ! ਕਿੱਥੋਂ ਲਏ ਜੇ? ਗੱਲ ਤੁਰ ਪਈ ਓਧਰ। ਹੁਣ ਕਿਸੇ ਦੇ ਬੈਠਿਆਂ ਤੇ ਕੁਝ ਕਹਿਣਾ ਯੋਗ ਨਹੀਂ ਕਿਉਂਕਿ ਕੋਈ ਘਰ ਆਇਆ ਹੈ। ਜਦੋਂ ਉਹ ਬੀਬੀ ਉੱਠ ਕੇ ਚਲੀ ਗਈ, ਮੈਂ ਅਵਾਜ਼ ਦਿੱਤੀ ਆਪਣੇ ਘਰਦਿਆਂ ਨੂੰ, ਅੱਜ ਰੱਬ ਤੇਰੇ 'ਤੇ ਵੀ ਰੁੱਠਾ ਹੈ। ਉਹ ਕਹਿੰਦੀ, ਕੀ ਹੋਇਆ? ਮੈਂ ਕਿਹਾ, ਡੇਢ ਘੰਟੇ ਦੀਆਂ ਵਿਅਰਥ ਗੱਲਾਂ 'ਚ ਇਕ ਗੱਲ ਵੀ ਰੱਬ ਦੀ ਨਹੀਂ।

ਜਦੋਂ ਵੀ ਅਸੀਂ ਫਾਲਤੂ ਗੱਲਾਂ ਕਰਾਂਗੇ ਬਦੋਬਦੀ ਕਿਸੇ ਦੀ ਨਿੰਦਿਆ

ਹੋ ਜਾਵੇਗੀ, ਕਿਸੇ ਦੀ ਚੁਗਲੀ ਹੋ ਜਾਵੇਗੀ। ਜਦੋਂ ਅਸੀਂ ਵਿਅਰਥ ਦੀਆਂ ਗੱਲਾਂ ਕਰਦੇ ਹਾਂ, ਬਦੋਬਦੀ ਜਿਹੜਾ ਬੰਦਾ ਕੋਲ ਨਹੀਂ ਹੁੰਦਾ, ਉਸ ਦੀ ਨਿੰਦਿਆ ਸ਼ੁਰੂ ਹੋ ਜਾਂਦੀ ਹੈ। ਕਦੀ Try ਕਰ ਕੇ ਵੇਖ ਲਇਓ! ਅਸੀਂ ਆਪ ਕਈ ਵਾਰੀ ੧੦-੧੨ ਸਰੀਰ ਬੈਠੇ ਹੋਈਦਾ ਹੈ ਤੇ ਕਈ ਵਾਰੀ ਸ਼ੁਰੂ ਹੋਣ ਲੱਗਦੀ ਹੈ ਫੇਰ ਉਸੇ ਵੇਲੇ ਅਰਦਾਸ ਕਰੀਦੀ ਹੈ।

ਸਤਿਗੁਰੂ ਨਾਨਕ ਨੂੰ ਸਿੱਖਾਂ ਨੇ ਪੁੱਛਿਆ ਸੀ, ਮਨ ਵੱਸ ਕਿਵੇਂ ਆਵੇ? ਸਤਿਗੁਰੂ ਕਹਿੰਦੇ, ਜਿੱਥੋਂ ਮੁੜਦਾ ਹੈ ਮੋੜ ਲਵੋ, ਕਿ ਜਿੰਨੀ ਕੁ ਹੋ ਗਈ, ਪਰ ਧਿਆਨ ਆ ਗਿਆ ਜਿਸ ਵੇਲੇ, ਹੁਣ ਮੋੜ ਲੈ! ਹੌਲੀ-ਹੌਲੀ ਮੋੜ ਇੰਨਾ ਛੋਟਾ ਹੋ ਜਾਵੇਗਾ ਕਿ ਤੁਹਾਡੀ ਸੋਚ ਵਿਚ ਹੀ ਆਵੇਗੀ ਕੋਈ ਐਸੀ ਗੱਲ ਤੇ ਤੁਹਾਨੂੰ ਪਤਾ ਲੱਗ ਜਾਵੇਗਾ। ਸੋਚ ਤਕ ਮਾਫੀ ਹੈ। ਤੁਹਾਡੀ ਅਗਰ ਸੋਚ ਵਿਚ ਆ ਜਾਵੇ ਕਿ ਕਿਸੇ ਦਾ ਬੁਰਾ ਕਰਨਾ ਹੈ, ਤਦ ਤੇ ਮਾਫੀ ਹੈ, ਪਰ ਜਦੋਂ ਤੁਸੀਂ ਰਸਨਾ ਕਰਕੇ, ਜਾਂ ਹੱਥਾਂ ਕਰਕੇ ਓਸ ਕਰਮ ਨੂੰ ਕਮਾ ਲਿਆ ਫਿਰ ਉਹ ਸਾਡਾ ਕਰਮ ਬਣ ਜਾਂਦਾ ਹੈ। ਜਿੱਥੋਂ ਮੁੜਦਾ ਹੈ ਮਨ ਇਸ ਨੂੰ ਮੋੜ ਲਵੋ! ਇਕ ਦਿਨ ਮੋੜ ਇੰਨਾ ਛੋਟਾ ਹੋ ਜਾਵੇਗਾ ਕਿ ਸੋਚ ਵੀ ਆਏਗੀ ਕਿ ਕਿਸੇ ਦੀ ਕਰੀਏ ਗੱਲ ਤਾਂ ਨਾਲ ਹੀ ਆ ਜਾਵੇਗਾ ਕਿ ਇਹ ਨਿੰਦਿਆ ਹੈ! ਇਹ ਨਹੀਂ ਕਰਨੀ!

ਅੰਮ੍ਰਿਤਸਰ ਦੀ ਇਕ ਕਲੋਨੀ ਹੈ, ਕਿਸੇ ਨੇ ਉਥੋਂ ਰਿਹਾਇਸ਼ ਛੱਡੀ ਤੇ ਕਿਸੇ ਹੋਰ ਜਗ੍ਹਾ ਰਿਹਾਇਸ਼ ਕੀਤੀ। ਜਿੱਥੇ ਰਿਹਾਇਸ਼ ਛੱਡੀ, ਉਥੇ ਕੋਈ ੧੦-੧੨ ਘਰ ਸੀ, ਉਨ੍ਹਾਂ ਘਰ ਦੇ ਮੈਬਰਾਂ ਨਾਲ ਪਿਆਰ ਬਣਿਆ ਹੋਇਆ ਸੀ। ਪਿਆਰ ਤੇ ਚੰਗੀ ਗੱਲ ਹੈ ਪਰ ਉਹ ਬੀਬੀ ਕੀ ਕਰਦੀ ਸੀ? ਉਸ ਨੇ ੨ ਵਾਰੀ ਆਉਣਾ ਹਫਤੇ 'ਚ, ਆਪਣੀ ਪਹਿਲੀ ਕਲੋਨੀ ਵਿਚ Special ਤੇ ਮੰਜਾ ਡਾਹ ਲੈਣਾ ਤੇ ਸਾਰਿਆਂ ਨੂੰ ਅਵਾਜ਼ ਦੇਣੀ। ਫੇਰ ੨-੩ ਘੰਟੇ ਰੱਜ ਕੇ ਆਪੇ ਅੰਦਾਜ਼ਾ ਲਾ ਲਵੋ ਕੀ ਕਰਨਾ! ਇਹ ਸਾਧਕ ਬੰਦੇ ਦੀ ਲਾਈਨ ਨਹੀਂ।

ਚਾਹੀਦਾ ਤੇ ਇਹ ਹੈ ਕਿ ਸਾਡਾ ਵਿਹਲਾ ਟਾਈਮ ਫਾਲਤੂ ਗੱਲਾਂ 'ਚ ਨਾ ਬੀਤੇ, ਘਰ 'ਚ ਕੰਮ ਕਰ ਰਹੇ ਹੋ ਤਾਂ ਵੀ ਸਿਮਰਨ, ਕਿਸੇ ਦੀ ਉਡੀਕ 'ਚ ਹੋ ਤਾਂ ਵੀ ਸਿਮਰਨ, ਡਾਕਟਰ ਕੋਲ ਦਵਾਈ ਲੈਣ ਗਏ ਹੋ, ਅਜੇ ਵਾਰੀ ਲੇਟ ਹੈ ਤਾਂ ਵੀ ਸਿਮਰਨ। ਅੱਧਾ ਰੋਗ ਤਾਂ ਇਵੇਂ ਹੀ ਕੱਟਿਆ ਜਾਵੇਗਾ। ਅੱਜਕਲ੍ਹ

ਤੇ ਐਸਾ ਕਲਜੁਗ ਦਾ ਜ਼ੋਰ ਹੈ ਕਿ ਡਾਕਟਰਾਂ ਨੇ ਮਰੀਜ਼ਾਂ ਦੇ ਲਈ ਟੀ.ਵੀ. ਲਾਇਆ ਹੁੰਦਾ ਹੈ। ਕੋਈ ਵੀ ਕਿਰਤ ਹੋਵੇ, ਵਿੱਚ ਘੰਟਾ- ਦੋ ਘੰਟੇ ਜੋ ਵਿਹਲ ਦਾ ਸਮਾਂ ਆਉਂਦਾ ਹੈ, ਉਸ ਸਮੇਂ ਦੌਰਾਨ ਸਿਮਰਨ ਕਰੋ। ਆਮ ਰਿਵਾਜ਼ ਹੈ ਇਕ ਕਿ ਜਦੋਂ ਮੰਦਾ ਹੋਵੇ ਜਾਂ ਵਿਹਲ ਹੋਵੇ, ਇਕ ਦੁਕਾਨਦਾਰ ਕੋਲ ਦੂਜਾ ਬੈਠ ਜਾਵੇਗਾ, ਫਿਰ ਤੀਜਾ। ਫਿਰ ਗੱਲਾਂ ਸ਼ੁਰੂ, ਨਿੰਦਿਆ ਚੁਗਲੀ ਸ਼ੁਰੂ। ਅੱਜਕਲ੍ਹ ਤੇ ਬਹੁਤ ਸਾਧਨ ਨੇ। ਨਿੰਮੀ ਜਿਹੀ ਅਵਾਜ਼ ਵਿਚ ਟੇਪ ਲਾ ਛੱਡੋ, ਆਪੇ ਧਿਆਨ ਰਹਿੰਦਾ ਹੈ, ਗੁਰਬਾਣੀ ਵੱਲ। ਦੁਕਾਨਾਂ 'ਤੇ ਲਿਖ ਕੇ ਲਾ ਦਿਓ ਕਿ ਇਥੇ ਗੱਲ ਕਰਨੀ ਹੈ ਤੇ ਗੁਰੂ ਦੀ ਕਰੋ! ਪਤਾ ਲੱਗੇ ਕਿ ਕਲਗੀਆਂ ਵਾਲੇ ਦੇ ਪਿਆਰੇ ਦੀ ਦੁਕਾਨ ਹੈ!

ਤਰਨ ਤਾਰਨ ਕਿਸੇ ਦੇ ਘਰ ਗਏ ਅਸੀਂ। ਕੀਰਤਨ ਦਾ ਪ੍ਰੋਗਰਾਮ ਸੀ ਤੇ ਲੰਗਰ ਉਨ੍ਹਾਂ ਦੇ ਘਰ ਸੀ। ਉਨ੍ਹਾਂ ਦੇ ਘਰ ਦੇ ਅੰਦਰ ਵੜਦਿਆਂ ਹੀ ਵਿਹੜਾ ਸੀ। ਵਿਹੜੇ ਵਿਚ ਹੀ ਵਿਛਾਈ ਕੀਤੀ ਹੋਈ ਸੀ ਪੰਗਤਾਂ ਬੈਠਣ ਲਈ। ਵਿਹੜੇ 'ਚ ਵੜਦਿਆਂ ਹੀ ਅੰਦਰ ਬੋਰਡ ਲੱਗਾ ਸੀ ਕਿ ਯਤਨ ਕਰੋ, ਇਸ ਘਰ ਵਿਚ ਸਿਮਰਨ ਕਰੋ, ਵਾਹਿਗੁਰੂ ਜਪੋ, ਕੋਈ ਹੋਰ ਗੱਲ ਨਾ ਕਰੋ। ਪੜ੍ਹਦਿਆਂ ਹੀ ਠੰਢ ਪੈ ਗਈ ਕਿ ਕਿਸੇ ਮਿਹਰ ਵਾਲੇ ਦਾ ਘਰ ਹੈ, ਕਿਸੇ ਬਖਸ਼ੇ ਦਾ ਘਰ ਹੈ।

ਕਈ ਵਾਰੀ ਅਸੀਂ ਟੈਲੀਫੋਨ 'ਤੇ ਵੀ ਘੰਟਾ-ਘੰਟਾ, ਪੌਣਾ-ਪੌਣਾ ਘੰਟਾ ਗੱਲਾਂ ਲੱਗੇ ਰਹਿੰਦੇ ਹਾਂ, ੨-੪ ਮਿੰਟ ਵਿਚ ਵੀ ਗੱਲ ਹੋ ਸਕਦੀ ਹੈ। ਜ਼ਰੂਰੀ ਗੱਲ ਕਰਨੀ ਹੈ ਤਾਂ ਕਰੋ, ਕੋਈ ਮਨਾਹੀ ਨਹੀਂ ਗੁਰਮਤਿ ਵਿਚ, ਪਰ ਜਿਨ੍ਹਾਂ ਗੱਲਾਂ ਦੀ ਕੋਈ ਲੋੜ ਨਹੀਂ, ਫਾਲਤੂ ਕਰ-ਕਰ ਕੇ ਕਿੰਨੇ ਸੁਆਸ ਬਿਰਥੇ ਗਵਾ ਲੈਂਦੇ ਹਾਂ! ਕਦੇ ਚੈੱਕ ਕਰ ਲਇਓ, ੩-੪ ਮਿੰਟ ਬਾਅਦ ਕਿਸੇ ਨਾ ਕਿਸੇ ਦੀ ਨਿੰਦਿਆ ਸ਼ੁਰੂ ਹੋ ਜਾਵੇਗੀ। ਸਵੇਰੇ ਨਿਤਨੇਮ ਕਰ ਕੇ ਭਾਂਡਾ ਭਰਿਆ, ਸਾਰਾ ਦਿਨ ਨਿੰਦਿਆ, ਚੁਗਲੀ, ਹਾਸਾ-ਠੱਠਾ ਕਰ ਕੇ ਭਾਂਡਾ ਖਾਲੀ ਕਰ ਲੀਤਾ, ਕਿੱਧਰ ਦੀ ਬਹਾਦਰੀ ਹੈ?

ਬਾਬਾ ਨੰਦ ਸਿੰਘ ਜੀ ਨੂੰ ਕਿਸੇ ਨੇ ਕਿਹਾ ਸੀ, ਪਹਿਰੇਦਾਰ ਕਿਉਂ ਰੱਖੇ ਹਨ? ਕਹਿੰਦੇ, ਸਰੀਰ ਦੀ ਰਾਖੀ ਲਈ ਨਹੀਂ, ਸੁਆਸਾਂ ਦੀ ਰਾਖੀ ਲਈ ਰੱਖੇ

ਹਨ। ਕਹਿੰਦੇ, ਉਹ ਕਿਵੇਂ, ਕਹਿੰਦੇ, ਜਦੋਂ ਅਨੇਕਾਂ ਸਰੀਰ ਫਾਲਤੂ ਗੱਲਾਂ ਕਰਨ ਵਾਲੇ ਆਉਣਗੇ, ਕਿੰਨੇ ਸੁਆਸ ਬਿਰਥਾ ਚਲੇ ਜਾਣਗੇ? ਸਾਧਕ ਬੰਦੇ ਨੂੰ ਉਤਨਾ ਕੁ ਹੀ ਬੋਲਣਾ ਚਾਹੀਦਾ ਹੈ, ਜਿਤਨਾ ਕੁ ਜ਼ਰੂਰੀ ਹੋਵੇ।

ਇਕ ਵਾਰੀ ਭਾਈ ਅੱਡਣ ਸ਼ਾਹ ਆਪਣੇ ਸੇਵਕ ਨੂੰ ਕਹਿੰਦੇ, ਰੱਸੀ ਦੀਆਂ ਗੁੱਛੀਆਂ ਵੇਚ ਆ। ਸੇਵਕ ਤੁਰਨ ਲੱਗਾ ਤੇ ਅੱਡਣ ਸ਼ਾਹ ਜੀ ਕਹਿੰਦੇ, ਕੁਝ ਅਸੂਲ ਨੇ, ਉਹ ਵੀ ਸੁਣ ਲੈ! ਇਹ ਗੁੱਛੀ ੧੧ ਪੈਸੇ ਦੀ ਖਰੀਦੀ ਹੈ ਤੇ ੧੨ ਪੈਸੇ ਦੀ ਵੇਚਣੀ ਹੈ। ਇਕ ਗੱਤੇ 'ਤੇ ਲਿਖ ਕੇ ਰੱਖ ਲੈਣਾ ਹੈ ਕਿ ਰੱਸੀ ਦੀ ਗੁੱਛੀ ੧੨ ਪੈਸੇ ਦੀ। ਸੇਵਕ ਨਵਾਂ ਸੀ। ਕਹਿੰਦਾ, ਲਿਖਣ ਦੀ ਕੀ ਲੋੜ ਹੈ? ਮੈਂ ਬੋਲ ਕੇ ਦੱਸ ਦਿਆ ਕਰਾਂਗਾ ਕਿ ੧੨ ਪੈਸੇ ਦੀ ਗੁੱਛੀ ਹੈ। ਮਹਾਂ ਪੁਰਸ਼ ਕਹਿੰਦੇ, ਪਿਆਰਿਆ! ਦੁਕਾਨ 'ਤੇ ੧੦੦ ਵਿੱਚੋਂ ਅੱਸੀ ਗਾਹਕ ਇਹੋ ਜਿਹੇ ਆਉਣਗੇ ਜਿਨ੍ਹਾਂ ਨੇ ਸਿਰਫ ਭਾਅ ਪੁੱਛੀ ਜਾਣਾ ਹੈ, ਸੌਦਾ ਲੈਣਾ ਨਹੀਂ ਹੁੰਦਾ। ਇਸ ਲਈ ਕੋਈ ਭਾਅ ਪੁੱਛੇ ਤੇ ਉਂਗਲ ਕਰ ਦੇਣੀ ਹੈ ਗੱਤੇ ਵੱਲ ਤੇ ਆਪ ਸਿਮਰਨ ਵਿਚ ਰਹਿਣਾ ਹੈ। ਨਹੀਂ ਤਾਂ ੮੦% ਗਾਹਕ ਆਉਣਗੇ, ਪੁੱਛੀ ਜਾਣਗੇ। ਕਹਿਣਗੇ, ੮ ਪੈਸੇ ਦੀ ਲਾ ਲੈ, ੧੨ ਪੈਸੇ ਦੀਆਂ ਦੋ ਲਾ ਲੈ। ਜੇ ਤੂੰ ਸਾਰਾ ਦਿਨ ਉਨ੍ਹਾਂ ਨਾਲ ਬੋਲ-ਕੁਬੋਲ ਕਰਦਾ ਰਿਹਾ ਤੇ ਤੇਰੇ ਕਿੰਨੇ ਸੁਆਸ ਬਿਰਥੇ ਚਲੇ ਜਾਣਗੇ?

ਮਹਾਂ ਪੁਰਸ਼ਾਂ ਦੇ ਜੀਵਨ ਤੋਂ ਸੇਧ ਲੈਣੀ ਹੈ। ਮਹਾਂ ਪੁਰਸ਼ ਬਾਬਾ ਦਰਸ਼ਨ ਸਿੰਘ ਜੀ (ਘਨੂਪੁਰ ਕਾਲੇ ਵਾਲੇ), ਹੁਣ ਚੋਲਾ ਬਦਲ ਗਏ ਹਨ। ਉਨ੍ਹਾਂ ਦੇ ਸਮੇਂ ਇਕ ਨਿੱਕੀ ਜਿਹੀ ਗੱਲ ਵਾਪਰੀ, ਚਾਰ ਸੌ ਕੌਲਾ ਉਨ੍ਹਾਂ ਦੇ ਅਸਥਾਨ ਤੋਂ ਚੋਰੀ ਹੋ ਗਿਆ। ਅਗਲੇ ਦਿਨ ਇਕ ਪ੍ਰੇਮੀ ਆਇਆ। ਆਉਂਦਿਆਂ ਹੀ ਕਹਿੰਦਾ, ਪਤਾ ਲੱਗਾ ਹੈ ਕਿ ੪੦੦ ਕੌਲਾ ਚੋਰੀ ਹੋ ਗਿਆ ਹੈ। ਬਾਬਾ ਜੀ ਕਹਿੰਦੇ, ੧੧ ਪਾਠ ਸੁਖਮਨੀ ਸਾਹਿਬ ਦੇ ਤੈਨੂੰ ਜ਼ੁਰਮਾਨਾ ਗੱਲ ਛੇੜਨ ਦਾ। ਹੁਣ ਇੰਨੀ ਗੱਲ ਤੋਂ ਅੰਦਾਜ਼ਾ ਲਾ ਲਵੋ ਕਿ ਜੇ ਉਹ ਕਹਿੰਦੇ, ਹਾਂ ਚੁੱਕਿਆ ਗਿਆ ਹੈ, ਵੇਖੋ! ਕੀ ਕੁਝ ਹੋ ਰਿਹਾ ਹੈ? ਫਾਲਤੂ ਗੱਲਾਂ ਸ਼ੁਰੂ ਹੋ ਜਾਣੀਆਂ ਸੀ। ਆਪੇ ਸੋਚੋ, ਉਸ ਬੰਦੇ 'ਤੇ ਕੀ ਬੀਤੀ ਹੋਵੇਗੀ? ਉਸ ਨੇ ਸੁਆਦ ਲੈਣ ਲਈ ਗੱਲ ਛੇੜੀ, ਉਨ੍ਹਾਂ ਨੇ ਗੁਟਕਾ ਫੜਾ ਦਿੱਤਾ ਕਿ ਕੱਲ੍ਹ ਤਕ ੧੧ ਪਾਠ ਸੁਖਮਨੀ ਸਾਹਿਬ ਤੈਨੂੰ

ਜ਼ੁਰਮਾਨਾ।

ਤੁਸੀਂ ਕਈ ਵਾਰੀ ਮਹਿਸੂਸ ਕਰੋਗੇ ਕਿ ਗੱਲਾਂ ਕਰ-ਕਰ ਕੇ ਦਿਮਾਗ ਖਪ ਜਾਂਦਾ ਹੈ, ਬੋਲ-ਬੋਲ ਕੇ, ਝਮੇਲਿਆਂ 'ਚ ਪੈ-ਪੈ ਕੇ, ਲੋਕਾਂ ਦੇ ਫੈਸਲੇ ਕਰਾ ਕੇ, ਲੋਕਾਂ ਨੂੰ ਮਿਲ-ਮਿਲ ਕੇ ਥੱਕ ਜਾਂਦਾ ਹੈ। ਇਹ ਝਮੇਲੇ ਨਹੀਂ ਜੇ ਮੁੱਕਣੇ! ਇਕ ਗੱਲ ਯਾਦ ਰਖਿਓ ਕਿ ਕੰਮ ਨਹੀਂ ਮੁੱਕਣੇ, ਬੰਦੇ ਨੇ ਮੁੱਕ ਜਾਣਾ ਹੈ। ਐਵੇਂ ਫਾਲਤੂ ਦੀਆਂ ਗੱਲਾਂ ਵਿਚ ਆਪਣਾ ਕੀਮਤੀ ਸਮਾਂ ਅਜਾਇਆਂ ਨਾ ਗਵਾਈ ਜਾਈਏ। ਅਗਰ ਗੱਲਾਂ ਕਰਨੀਆਂ ਹੀ ਹਨ ਤੇ ਗੁਰੂ ਦੀਆਂ ਕਰੋ, ਕੋਈ ਕਥਾ ਦੀ ਗੱਲ ਕਰੋ, ਕੋਈ ਰੱਬ ਦੀ ਗੱਲ ਕਰੋ ਤਾਂ ਕਿ ਸੁਆਸ ਲੇਖੇ ਵਿਚ ਜਾਣ।

ਯਤਨ ਕਰੋ, ਆਪਣੇ ਘਰਾਂ ਵਿਚ ਗੁਰੂ ਦੀ ਜਨਮ-ਸਾਖੀ ਵਿੱਚੋਂ ਘੰਟਾ-ਦੋ ਘੰਟਾ ਬੱਚਿਆਂ ਨਾਲ ਬੈਠ ਕੇ, ਇਕ-ਦੋ ਕਥਾ ਪੜ੍ਹਿਆ ਕਰੋ। ਬੱਚੇ ਨੂੰ ਕਿਹਾ, ਤੂੰ ਸੁਣਾ। ਕਦੇ ਬਿਠਾ ਕੇ ਵੇਖੋ ਇਸ ਤਰ੍ਹਾਂ ਪਿਆਰ ਨਾਲ, ਵੇਖਣਾ! ਕਿੰਨਾ ਰਸ ਆਵੇਗਾ! ਬੱਚਾ ਕਥਾ ਸੁਣਾਵੇ ਤੇ ਤੁਸੀਂ ਕੋਲ ਬੈਠ ਕੇ ਅੰਤਰ-ਧਿਆਨ ਹੋ ਕੇ ਸੁਣੋ, ਉਹ ਸਮਾਂ ਤੁਹਾਡਾ ਗੁਰੂ ਨਾਨਕ ਦੀ ਦਰਗਾਹ ਵਿਚ ਹਾਜ਼ਰੀ ਲੱਗ ਰਹੀ ਹੋਵੇਗੀ। ਨਾਲ ਚੋਜ ਸਾਹਮਣੇ ਆਉਂਦੇ ਹਨ। ਇਹ ਅੱਧੇ ਬਚਨ ਦੀ ਵਿਚਾਰ ਗੁਰੂ ਸਾਹਿਬ ਜੀ ਨੇ ਕ੍ਰਿਪਾ ਕਰਕੇ ਲਿਖਣ ਦੀ ਸੇਵਾ ਲਈ ਹੈ ਕਿ ਸਾਧਕ ਬੰਦਾ ਵਿਅਰਥ ਦੀਆਂ ਗੱਲਾਂ ਕਰਨ ਤੇ ਸੁਣਨ 'ਤੇ ਕੰਟਰੋਲ ਕਰੇ। ਸਾਧਕ ਬੰਦੇ ਨੇ ਨੇਤ੍ਰਾਂ ਨਾਲ ਵਿਅਰਥ ਵੇਖਣ ਤੇ ਪੜ੍ਹਨ 'ਤੇ ਵੀ ਕੰਟਰੋਲ ਕਰਨਾ ਹੈ। ਨੇਤ੍ਰ ਦੋ ਕੰਮ ਕਰਦੇ ਹਨ। ਦੇਖਦੇ ਹਨ ਤੇ ਪੜ੍ਹਦੇ ਹਨ। ਪ੍ਰਮੇਸ਼ਰ ਦੀ ਪ੍ਰਾਪਤੀ ਲਈ ਮਨ ਨਿਰਮਲ ਹੋਣਾ ਬਹੁਤ ਜ਼ਰੂਰੀ ਹੈ। ਜੇ ਨੇਤ੍ਰਾਂ ਨਾਲ ਨਾਵਲ, ਰੁਮਾਲੇ ਆਦਿਕ ਪੜ੍ਹਾਂਗੇ ਤਾਂ ਮਨ ਗੰਦਾ ਹੋ ਜਾਵੇਗਾ।

ਸ਼ਤਾਬਦੀ ਗੱਡੀ ਜਿਹੜੀ ਦਿੱਲੀ ਜਾਂਦੀ ਹੈ, ਸਵੇਰੇ ਸਵਾ ਪੰਜ ਵਜੇ ਚੱਲਦੀ ਹੈ। ਥੋੜ੍ਹੇ ਦਿਨਾਂ ਦੀ ਗੱਲ ਹੈ, ਅਸੀਂ ਦਿੱਲੀ ਜਾਣ ਲਈ, ੫.੦੫ 'ਤੇ ਸਟੇਸ਼ਨ ਪਹੁੰਚੇ। ਜਿਹੜੇ ਸਾਨੂੰ ਚੜ੍ਹਾਉਣ ਆਏ ਸੀ, ਉਨ੍ਹਾਂ ਨੂੰ ਵਿਦਾ ਕਰ ਰਹੇ ਸੀ ਕਿ ਇਕ ਸਰਦਾਰ ਜੀ ਆਏ ਤੇ ਫਤਹਿ ਬੁਲਾਈ। ਉਨ੍ਹਾਂ ਦੇ ਹੱਥ ਵਿਚ ਨਾਵਲ ਫੜੇ ਹੋਏ ਸੀ। ਸਾਹਮਣੇ ਕਿਤਾਬਾਂ ਦੀ ਦੁਕਾਨ ਤੋਂ ਖਰੀਦ ਕੇ ਲਿਆਏ ਸੀ। ਮੈਂ ਪੁੱਛਿਆ, ਇਹ ਕਿਉਂ? ਆਖਣ ਲੱਗੇ, ੧੧.੩੦ ਵਜੇ ਗੱਡੀ ਪਹੁੰਚਣੀ

ਹੈ ਦਿੱਲੀ, ਸਵੇਰੇ-ਸਵੇਰੇ ਮਨ ਨਹੀਂ ਲੱਗਣਾ ਤੇ ਸੋਚਿਆ, ਇਹ ਪੜ੍ਹਾਂਗੇ। ਵੇਖੋ! ਅੰਮ੍ਰਿਤ ਵੇਲੇ ਦਾ ਟਾਈਮ ਹੈ, ਸਰਦਾਰ ਹੈ, ਪਰ ਇੰਨੀ ਵੀ ਨਹੀਂ ਸੋਝੀ ਕਿ ਕੀ ਪੜ੍ਹਨਾ ਹੈ! ਤਕਰੀਬਨ ਹਰ ਬੰਦੇ ਨੂੰ ਕੁਝ ਨਾ ਕੁਝ ਪੜ੍ਹਨ ਦਾ ਸ਼ੌਕ ਹੁੰਦਾ ਹੈ। ਕੋਈ ਨਾਵਲ ਪੜ੍ਹਦਾ ਹੈ, ਕੋਈ ਕਹਾਣੀਆਂ ਦੀਆਂ ਕਿਤਾਬਾਂ ਤੇ ਕੋਈ ਫਿਲਮੀ ਮੈਗਜ਼ੀਨ।

ਇਕ ਬੀਬੀ ਆਪਣੀ ਸੰਗਤ ਦੀ ਹੀ ਹੈ। ਕੀਰਤਨ ਕਰਦੀ ਹੈ। ਵਾਜਾ ਵੀ ਸਿੱਖਿਆ ਹੈ। ਇਕ ਦਿਨ ਉਨ੍ਹਾਂ ਦੇ ਘਰ ਜਾਣ ਦਾ ਸਮਾਂ ਬਣਿਆ। ਉਨ੍ਹਾਂ ਨੇ ਸਾਨੂੰ ਪਲੰਘ 'ਤੇ ਬਿਠਾਇਆ। ਉਸ ਪਲੰਘ ਦੇ ਪਿੱਛੇ ਢੋਅ ਸੀ। ਕੁਦਰਤੀ ਉਹ ਢੋਅ ਖੁੱਲ੍ਹ ਗਈ। ਕੀ ਦੇਖਿਆ? ਉਸ ਵਿਚ ੧੦-੧੨ ਨਾਵਲ ਪਏ ਹੋਏ ਸੀ। ਮੈਂ ਸਾਰੇ ਹੀ ਕੱਢ ਲਏ ਤੇ ਕੱਢ ਕੇ ਮੰਜੇ 'ਤੇ ਲਗਾ ਦਿੱਤੇ। ਜਦੋਂ ਉਹ ਚਾਹ ਲੈ ਕੇ ਆਈ ਤੇ ਕਦੀ ਚਾਹ ਵੱਲ ਤੱਕੇ ਤੇ ਕਦੀ ਨਾਵਲਾਂ ਵੱਲ। ਕਹਿੰਦੀ, ਇਹ ਕਿੱਥੋਂ ਬਾਹਰ ਆ ਗਏ! ਮੈਂ ਕਿਹਾ, ਤੁਸੀਂ ਦੱਸੋ ਮੈਨੂੰ, ਇਹ ਕੌਣ ਪੜ੍ਹਦਾ ਹੈ? ਹੁਣ ਕੋਈ ਬਹਾਨਾ ਨਹੀਂ ਸੀ। ਪਲੰਘ ਉਸੇ ਦਾ ਸੀ। ਜਿਹੜਾ ਪੜ੍ਹਦਾ ਹੈ ਉਹ ਕੋਲ ਹੀ ਰੱਖਦਾ ਹੈ। ਘਰਵਾਲੇ ਦਾ ਸਾਨੂੰ ਪਤਾ ਸੀ ਉਹ ਏਸ ਲਾਈਨ ਵਿਚ ਨਹੀਂ। ਮੈਂ ਕਿਹਾ, ਇਹ ਕੌਣ ਪੜ੍ਹਦਾ ਹੈ? ਉਹ ਕਹਿਣ ਲੱਗੀ, ਮੇਰੀ ਆਦਤ ਹੈ, ਮੈਂ ਨਾਵਲ ਪੜ੍ਹਦਿਆਂ ਸੌਂਦੀ ਹਾਂ। ਦਾਸ ਨੂੰ ਬਾਬਾ ਖੜਕ ਸਿੰਘ ਜੀ ਦਾ ਬਚਨ ਯਾਦ ਆ ਗਿਆ।

ਬਾਬਾ ਖੜਕ ਸਿੰਘ ਜੀ ਕਹਿੰਦੇ ਸੀ, ਸੌਣ ਦੀ ਵੀ ਜਾਚ ਚਾਹੀਦੀ ਹੈ। ਇਕ ਤੇ ਕਹਿੰਦੇ ਸੀ, ਜਦੋਂ ਨੀਂਦਰ ਆਈ ਹੋਵੇ, ਸਿੱਖ ਉਦੋਂ ਹੀ ਸੌਵੇਂ, ਕਈ ਐਵੇਂ ਹੀ ਆਲਸ ਕਰ ਜਾਂਦੇ ਹਨ, ਦੂਜਾ ਦੱਸਦੇ ਸੀ, ਕਿਸੇ ਨੂੰ ਨੀਂਦ ਪੈਣ ਲਈ ੧੦ ਮਿੰਟ ਦਾ ਸਮਾਂ ਲੱਗਦਾ ਹੈ, ਕਿਸੇ ਨੂੰ ਕੁਝ ਵੱਧ, ਕਿਸੇ ਨੂੰ ਕੁਝ ਘੱਟ। ਸਿੱਖ ਉਨਾ ਸਮਾਂ ਸਿਮਰਨ ਕਰਦਿਆਂ ਸੌਂਵੇਂ, ਵਾਹਿਗੁਰੂ ਨੂੰ ਯਾਦ ਕਰਦਿਆਂ ਸੌਂਵੇਂ। ਫਿਰ ਰਾਤ ਵੀ ਉਸ ਦੇ ਚਰਨਾਂ ਵਿਚ ਹੀ ਬੀਤੇਗੀ ਜਿਸ ਨੂੰ ਯਾਦ ਕਰਦਿਆਂ ਸੌਂਵਾਂਗੇ।

ਬਾਬਾ ਨੰਦ ਸਿੰਘ ਜੀ ਆਪਣੇ ਸਿਰ ਵਾਲੇ ਬੰਨੇ, ਗੁਰੂ ਨਾਨਕ ਸਾਹਿਬ ਦੀ ਫੋਟੋ ਰੱਖਦੇ ਸੀ। ਤੁਸੀਂ ਫੋਟੋ ਨਾ ਰੱਖੋ, ਭਾਵੇਂ ਸੁਰਤੀ ਨਾਲ ਹੀ ਭਾਵਨਾ ਬਣਾ

ਲਵੋ ਕਿ ਤੁਸੀਂ ਮੇਰੇ ਪਿੱਛੇ ਹੋ ਸਤਿਗੁਰੂ! ਤੇ ਮੈਂ ਤੁਹਾਡੀ ਗੋਦ ਵਿਚ ਹਾਂ। ਤੁਸੀਂ ਵੀ ਕਰ ਕੇ ਵੇਖਿਓ! ਬੜਾ ਹੀ ਆਨੰਦ ਬਣਦਾ ਹੈ। ਬਾਬਾ ਜੀ ੨ ਘੰਟੇ ਅਰਾਮ ਕਰਦੇ ਸਨ ਤੇ ਭਾਵਨਾ ਬਣਾਉਣੀ ਕਿ ਗੁਰੂ ਨਾਨਕ ਦੀ ਗੋਦ ਵਿਚ ਸਿਰ ਰੱਖਿਆ ਹੈ। ਕਿਵੇਂ ਨਾ ਸਿਮਰਨ ਚੱਲੇ? ਕਿਵੇਂ ਨਾ ਨਾਲ-ਨਾਲ ਨਾਮ ਦਾ ਰਸ ਚੱਲੇਗਾ? ਕੋਈ ਬੀਬੀ ਨਾਵਲ ਪੜ੍ਹਦੀ ਸੌਂਵੇਂ ਤੇ ਕੋਈ ਇੰਝ ਸੌਂਵੇਂ, ਆਪੇ ਤੱਕੜੀ 'ਚ ਤੋਲ ਲਵੋ, ਕਿੰਨਾ ਫਰਕ ਹੈ? ਜੇ ਨਾਵਲ ਪੜ੍ਹਦਿਆਂ ਸੌਂਵੋਂਗੇ ਤੇ ਰਾਤ ਉਹੋ ਜਿਹੇ ਹੀ ਖਿਆਲ ਆਉਣਗੇ।

ਇਕ ਵਾਰੀ ਅਸੀਂ ਅਮਰੀਕਾ ਤੋਂ ਆ ਰਹੇ ਸੀ। ੪੦੦ ਸਵਾਰੀ ਸੀ ਜਹਾਜ਼ ਵਿਚ। ਦਾਸ ਨੇ ਟਾਈਮ ਵੇਖਿਆ, ਪੌਣੇ ਚਾਰ ਵੱਜੇ ਸੀ। ਸੀਟ ਤੋਂ ਉੱਠੇ। ਗਏ। ਮੂੰਹ-ਹੱਥ ਧੋਤਾ, ਕਿਉਂਕਿ ਇਸ਼ਨਾਨ ਲਈ ਤਾਂ ਜਹਾਜ਼ ਵਿਚ ਜਗ੍ਹਾ ਨਹੀਂ ਹੁੰਦੀ। ਜਦੋਂ ਆਪਣੀ ਸੀਟ 'ਤੇ ਵਾਪਸ ਆ ਰਿਹਾ ਸੀ ਕਿ ਨਿਤਨੇਮ ਕਰੀਏ ਤੇ ਅਚਾਨਕ ਮਨ ਵਿਚ ਵਿਚਾਰ ਆਈ ਕਿ ਵੇਖੀਏ! ਜਹਾਜ਼ ਵਿਚ ਕੀ ਪੁਜ਼ੀਸ਼ਨ ਹੈ ਬਾਕੀ ਯਾਤਰੀਆਂ ਦੀ? ਜਦੋਂ ਜਹਾਜ਼ ਵਿਚ ਨਿਗਾਹ ਮਾਰੀ ਤਾਂ ਵੇਖਿਆ, ਕੋਈ ੨੫੦ ਸਵਾਰੀ ਸੁੱਤੀ ਪਈ ਸੀ। ਪਤਾ ਹੀ ਨਹੀਂ ਕਿ ਕਿੱਥੇ ਪਏ ਹਾਂ, ਕੀ ਟਾਈਮ ਹੈ, ਅੰਮ੍ਰਿਤ ਵੇਲਾ ਸੰਭਾਲਣਾ ਹੈ! ਜਦੋਂ ਅਗਲੀ ਗੱਲ ਪੜ੍ਹੋਗੇ ਤੇ ਕਹੋਗੇ, ਇਨ੍ਹਾਂ ਨਾਲੋਂ ਸੁੱਤੇ ਚੰਗੇ ਕਿਉਂਕਿ ਜਿਹੜੀ ੧੫੦ ਸਵਾਰੀ ਜਾਗਦੀ ਸੀ ਉਹ ਸੁੱਤਿਆਂ ਨਾਲੋਂ ਵੀ ਭੈੜੀ! ਉਨ੍ਹਾਂ ਨੇ ਹੱਥਾਂ ਵਿਚ ਜਿਹੜੀਆਂ ਚੀਜ਼ਾਂ ਪੜ੍ਹਨ ਵਾਸਤੇ ਫੜੀਆਂ, ਵੇਖ ਕੇ ਮਨ ਵਿਚ ਇੰਨਾ ਅਫਸੋਸ ਹੋਇਆ ਕਿ ਸਮਾਂ ਕਿਹੜਾ ਹੈ? ਅੰਮ੍ਰਿਤ ਵੇਲਾ, ਨਾਮ ਜਪਣ ਦਾ ਤੇ ਇਹ ਪੜ੍ਹਦੇ ਕੀ ਪਏ ਹਨ? ਗੰਦਗੀ ਭਰੇ, ਵਾਸ਼ਨਾ ਭਰੇ ਨਾਵਲ? ਦਾਸ ਨੇ ਸੋਚਿਆ, ਪਤਾ ਨਹੀਂ ਕਿਹੜੇ ਧਰਮ ਨੂੰ ਮੰਨਣ ਵਾਲੇ ਹਨ ਪਰ ਇਨ੍ਹਾਂ ਦੇ ਮੁਰਸ਼ਦ ਨੇ ਸਿਖਾਇਆ ਹੀ ਨਹੀਂ।

ਜੇ ਤੁਸੀਂ ਵੀ ਸਫਰ ਵਿਚ ਇਹੋ ਜਿਹੀਆਂ ਚੀਜ਼ਾਂ ਲੈ ਜਾਂਦੇ ਹੋ ਕਿ ਰਸਤੇ ਵਿਚ ਟਾਈਮ ਪਾਸ ਹੋ ਜਾਵੇ ਤਾਂ ਗੱਲ ਕੁਝ ਹੋਰ ਹੈ ਪਰ ਜੇ ਰਸਤੇ ਵਿਚ ਸੁਖਮਨੀ ਸਾਹਿਬ ਜਾਂ ਜਪੁਜੀ ਸਾਹਿਬ ਜਾਂ ਚੌਪਈ ਸਾਹਿਬ ਪੜ੍ਹਦੇ ਜਾ ਰਹੇ ਹੋ ਤਾਂ ਸਮਾਂ ਪਾਸ ਨਹੀਂ, ਸਮਾਂ ਸਫਲਾ ਹੁੰਦਾ ਹੈ। ਜਹਾਜ਼ ਵਿਚ ਦਾਸ ਨੇ ਜੋ

ਕੁਝ ਉਸ ਵੇਲੇ ਉਨ੍ਹਾਂ ਦੇ ਹੱਥਾਂ ਵਿਚ ਵੇਖਿਆ ਅੰਮ੍ਰਿਤ ਵੇਲੇ--- ਗੰਦਗੀ ਭਰੇ ਨਾਵਲ, ਗੰਦਗੀ ਭਰੀਆਂ ਕਿਤਾਬਾਂ ਪੜ੍ਹ ਰਹੇ ਹਨ ਤਾਂ ਆਖਿਆ, ਸੱਚੇ ਪਾਤਸ਼ਾਹ! ਇਨ੍ਹਾਂ ਨਾਲੋਂ ਤਾਂ ਸੁੱਤੇ ਚੰਗੇ।

ਦਾਸ ਅਗਾਂਹ ਤੁਰਿਆ ਜਾ ਰਿਹਾ ਸੀ, ਆਪਣੀ ਸੀਟ ਵੱਲ ਤੇ ਇਕ ਹੋਰ ਪਾਸੇ ਨਿਗਾਹ ਪਈ ਜਿੱਥੇ ੨ ਅੰਗਰੇਜ਼ (ਸ਼ਾਇਦ ਅਮਰੀਕਨ ਮੂਲ ਦੇ) ਸਿੰਘ ਤੇ ਸਿੰਘਣੀ ਬੈਠੇ ਹੋਏ ਸੀ, ਉਨ੍ਹਾਂ ਤੇ ਆਪਣੀ-ਆਪਣੀ ਲਾਈਟ ਜਗਾਈ ਹੋਈ ਸੀ, ਉਹ ਤਿੰਨੇ ਵੀ ਪੜ੍ਹ ਰਹੇ ਸੀ। ਮਨ ਵਿਚ ਵਿਚਾਰ ਆਈ ਕਿ ਵੇਖੀਏ, ਇਹ ਕੀ ਪੜ੍ਹ ਰਹੇ ਹਨ? ਜਦੋਂ ਮੇਰੀ ਉਨ੍ਹਾਂ 'ਤੇ ਨਿਗਾਹ ਪਈ ਤਾਂ ਕੀ ਦੇਖਿਆ, ਤਿੰਨਾਂ ਦੇ ਹੱਥਾਂ ਵਿਚ ਅੰਗਰੇਜ਼ੀ ਦੇ ਗੁਟਕੇ ਸਨ ਤੇ ਜਾਪੁ ਸਾਹਿਬ ਦਾ ਪਾਠ ਕਰ ਰਹੇ ਸਨ। ਇਕ ਪਾਸੇ ਕੂੜ ਤੇ ਇਕ ਪਾਸੇ ਹੀਰਿਆਂ ਦਾ ਵਪਾਰ। ਉਹ ਤਿੰਨੇ ਅੰਗਰੇਜ਼ ਵੀ, ਜਦੋਂ ਕਲਗੀਆਂ ਵਾਲੇ ਦੀ ਮੋਹਰ ਨਹੀਂ ਲੱਗੀ ਹੋਵੇਗੀ, ਜਹਾਜ਼ ਵਿਚ ਉਹ ਪਹਿਲੇ ਵੀ ਸਫਰ ਕਰਦੇ ਹੋਣਗੇ, ਪਰ ਅੰਮ੍ਰਿਤ ਵੇਲੇ ਜੁੜਦੇ ਨਹੀਂ ਹੋਣਗੇ, ਜਦੋਂ ਤੋਂ ਪੰਜ-ਪਿਆਰਿਆਂ ਤੋਂ ਖੰਡੇ-ਬਾਟੇ ਦੀ ਪਹੁਲ ਲਈ ਤੇ ਉਨ੍ਹਾਂ ਦੱਸਿਆ ਕਿ ਅੰਮ੍ਰਿਤ ਵੇਲਾ ਕਿਵੇਂ ਸੰਭਾਲਣਾ ਹੈ ਤਾਂ ਵੇਖੋ! ਸਫਰ ਵਿਚ ਵੀ ਅੰਮ੍ਰਿਤ ਵੇਲਾ ਸੰਭਾਲ ਰਹੇ ਹਨ। ਅੰਮ੍ਰਿਤ ਛਕਣ ਤੋਂ ਪਹਿਲੇ ਸ਼ਾਇਦ ਇਹ ਵੀ ਉਨ੍ਹਾਂ ਵਿਚ ਸ਼ਾਮਿਲ ਹੋਣਗੇ! ਮਾਣ ਆ ਗਿਆ ਕਲਗੀਆਂ ਵਾਲੇ 'ਤੇ ਕਿ ਜਦ ਦੀ ਤੇਰੀ ਮੋਹਰ ਲੱਗੀ ਹੈ, ਤੇਰੇ ਬਣੇ ਹਨ, ਜੀਵਨ ਬਣ ਗਿਆ ਹੈ।

ਤੁਸੀਂ ਵੀ ਸਫਰ 'ਚ ਹੋਵੋ, ਕਿਧਰੇ ਜਾਵੋ, ਜਾਂ ਘਰ ਵਿਚ ਹੀ ਵਿਹਲੇ ਸਮੇਂ ਮਹਾਂ ਪੁਰਸ਼ਾਂ ਦੀਆਂ ਕਿਤਾਬਾਂ ਪੜ੍ਹਿਆ ਕਰੋ! ਕਈ ਕੁਝ ਮਿਲੇਗਾ ਤੁਹਾਨੂੰ। ਮਹਾਂ ਪੁਰਸ਼ਾਂ ਦੀਆਂ ਕਿਤਾਬਾਂ ਰਾਹੀਂ, ਪਿੱਛੇ ਹੋ ਗੁਜ਼ਰੇ ਮਹਾਂ ਪੁਰਸ਼ ਜਾਂ ਮੌਜੂਦਾ ਮਹਾਂ ਪੁਰਸ਼, ਚਾਹੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਹੀ ਕਿਉਂ ਨਾ ਰਹਿੰਦੇ ਹੋਣ, ਉਨ੍ਹਾਂ ਦੀ ਸੰਗਤ ਹੋ ਜਾਂਦੀ ਹੈ। ਉਨ੍ਹਾਂ ਦੀਆਂ ਪੁਸਤਕਾਂ ਆਤਮਿਕ ਉੱਨਤੀ ਦਾ ਬੜਾ ਭਾਰੀ ਵਸੀਲਾ ਸਾਬਤ ਹੋ ਸਕਦੀਆਂ ਹਨ। ਸਾਨੂੰ ਇਨ੍ਹਾਂ ਤੋਂ ਲਾਭ ਉਠਾਉਣਾ ਚਾਹੀਦਾ ਹੈ। ਜਿਸ ਉੱਤੇ ਵਾਹਿਗੁਰੂ ਮਿਹਰ ਕਰੇ, ਉਸ ਨੂੰ ਹੀ ਧਾਰਮਿਕ ਕਿਤਾਬਾਂ ਪੜ੍ਹਨ ਦਾ ਸ਼ੌਕ ਪੈਦਾ ਹੁੰਦਾ ਹੈ। ਜੇ ਕਿਧਰੇ

ਸਤਿਗੁਰੂ ਦੀ ਕਿਰਪਾ ਨਾਲ ਇਹ ਦਾਤ ਝੋਲੀ 'ਚ ਪੈ ਜਾਵੇ ਤਾਂ ਧਾਰਮਿਕ ਕਿਤਾਬਾਂ, ਮਹਾਂ ਪੁਰਸ਼ਾਂ ਦੀਆਂ ਕਿਤਾਬਾਂ ਨੂੰ ਆਮ ਕਿਤਾਬਾਂ ਦੀ ਤਰ੍ਹਾਂ ਨਾ ਪੜ੍ਹਨਾ! ਕੋਈ ਵੀ ਧਾਰਮਿਕ ਕਿਤਾਬ ਹੋਵੇ ਉਸ ਦੀ ਇਕ ਸਾਖੀ ਨੂੰ ੨ ਵਾਰੀ ੪ ਵਾਰੀ ਭਾਵੇਂ ੧੦ ਵਾਰੀ ਪੜ੍ਹੋ, ਹੁਣ ਪੜ੍ਹਨ ਤੋਂ ਬਾਅਦ ਪੰਜ ਮਿੰਟ ਲਈ ਸੋਚੋ ਕਿ ਇਹ ਸਾਖੀ ਜੋ ਮੈਂ ਪੜ੍ਹੀ ਹੈ, ਇਸ ਦਾ ਨਿਚੋੜ ਕੀ ਹੈ, ਇਸ ਵਿਚ ਉਪਦੇਸ਼ ਕੀ ਮਿਲਦਾ ਹੈ, ਕੀ ਸਿਖਿਆ ਪ੍ਰਾਪਤ ਹੋ ਰਹੀ ਹੈ? ਫਿਰ ਸੋਚੋ, ਉਸ ਸਾਖੀ ਵਿੱਚੋਂ ਜੋ ਸਿਖਿਆ ਮਿਲਦੀ ਹੈ, ਉਸ ਸਿਖਿਆ ਮੁਤਾਬਕ, ਮੇਰੇ ਜੀਵਨ ਵਿਚ ਕਿੰਨੀ ਕੁ ਕਮੀ ਹੈ?

ਕੁਝ ਸਮਾਂ ਹੋਇਆ, ਇਕ ਬੀਬੀ ਲੁਧਿਆਣੇ ਤੋਂ ਆਈ। ਸਤਿਸੰਗੀ ਸੀ। ਕਹਿਣ ਲੱਗੀ, ਸਾਡੇ ਘਰ ਕੋਈ ਧਾਰਮਿਕ ਕਿਤਾਬ ਨਹੀਂ। ਦਾਸ ਨੇ ਉਸੇ ਵਕਤ ੨ ਕਿਤਾਬਾਂ ਬਾਬਾ ਨੰਦ ਸਿੰਘ ਜੀ ਦੇ ਜੀਵਨ ਦੀਆਂ, ੨ ਗੁਰੂ ਇਤਿਹਾਸ ਦੀਆਂ ਦਿੱਤੀਆਂ। ਮਨ ਵਿਚ ਸ਼ੁਕਰ ਕੀਤਾ ਕਿ ਵਾਹਿਗੁਰੂ ਨੇ ਮਿਹਰ ਕੀਤੀ ਹੈ ਜੋ ਧਾਰਮਿਕ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਜਾਗਿਆ ਹੈ। ਉਹ ਬੀਬੀ, ਕੁਦਰਤੀ ੪-੫ ਦਿਨ ਬਾਅਦ ਫਿਰ ਆਈ। ਕਹਿੰਦੀ, ਮੈਨੂੰ ਹੋਰ ਕਿਤਾਬਾਂ ਦਿਓ। ਦਾਸ ਨੇ ਕਿਹਾ, ੪-੫ ਦਿਨ ਹੋਏ ਤਾਂ ਤੁਹਾਨੂੰ ਦਿੱਤੀਆਂ ਤੇ ਸੀ। ਉਹ ਕਹਿਣ ਲੱਗੀ, ਉਹ ਤੇ ਮੈਂ ਪੜ੍ਹ ਲਈਆਂ ਹਨ। ਦਾਸ ਨੇ ਬੇਨਤੀ ਕੀਤੀ ਕਿ ਬੀਬੀ, ਇਹ ਕੋਈ ਮੁਕਾਬਲਾ ਨਹੀਂ ਕਿ ਦੋ ਦਿਨ ਵਿਚ ਕਿਤਾਬ ਪੜ੍ਹ ਕੇ ਖਤਮ ਕਰਨੀ ਹੈ। ਜੇ ਇੰਝ ਫਟਾ-ਫਟ ਧਾਰਮਿਕ ਕਿਤਾਬ ਸਿਰਫ ਪੜ੍ਹੀ ਹੀ ਜਾਵਾਂਗੇ ਤਾਂ ਇਹ 'ਪੜਿ ਪੜਿ ਗਡੀ ਲਦੀਅਹਿ' ਵਾਲੀ ਗੱਲ ਹੋ ਜਾਵੇਗੀ। ਕੋਈ ਵੀ ਧਾਰਮਿਕ ਕਿਤਾਬ ਪੜ੍ਹੋ, ਉਸ ਦੀ ਇੱਕ-ਇੱਕ ਸਾਖੀ ਨੂੰ ਕਈ-ਕਈ ਵਾਰੀ ਪੜ੍ਹ ਕੇ ਉਸ ਤੋਂ ਸੇਧ ਲੈਣੀ ਹੈ, ਉਸ ਮੁਤਾਬਕ ਆਪਣੇ ਜੀਵਨ ਨੂੰ ਢਾਲਣਾ ਹੈ। ਸਾਧਕ ਬੰਦੇ ਲਈ ਇਹ ਬਹੁਤ ਜ਼ਰੂਰੀ ਹੈ, ਕੀ-ਕੀ ਪੜ੍ਹਨਾ ਹੈ? ਇਸ ਚੀਜ਼ ਦਾ ਧਿਆਨ ਰੱਖੋ।

ਅੱਖਾਂ ਇਕ ਹੋਰ ਵੀ ਕੰਮ ਕਰਦੀਆਂ ਹਨ। ਉਹ ਹੈ, ਵੇਖਣਾ। ਜਦੋਂ ਪਰਵਾਰ 'ਚ ਬੈਠ ਕੇ ਅਸੀਂ ਟੀ.ਵੀ. ਦੇਖਦੇ ਹਾਂ ਤੇ ਜਿੰਨੇ ਕੁ ਪੁੰਨ ਕੀਤੇ ਹੁੰਦੇ ਹਨ, ਉਹ ਸੜਨੇ ਸ਼ੁਰੂ ਹੋ ਜਾਂਦੇ ਹਨ। ਝੂਠੇ ਰੰਗ-ਤਮਾਸ਼ੇ ਟੀ.ਵੀ. ਤੇ ਸੀਰੀਅਲ

ਵੇਖਣੇ, ਪਿਕਚਰਾਂ ਵੇਖਣੀਆਂ- ਇਹ ਪੁੰਨ ਗੁਆਉਣ ਦਾ ਮਾਰਗ ਹੈ। ਇਨ੍ਹਾਂ ਨਾਲ ਮਨ ਬਾਹਰ ਭਟਕ ਜਾਂਦਾ ਹੈ।

ਕਿਸੇ ਨੇ ਦਾਸ ਨੂੰ ਪ੍ਰਸ਼ਨ ਕੀਤਾ ਕਿ ਫਿਲਮਾਂ ਵੇਖਣ ਦਾ ਕੀ ਨੁਕਸਾਨ ਹੈ? ਜਦੋਂ ਤੁਸੀਂ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਪੜ੍ਹਨ ਲਈ ਬੈਠੇ ਹੋਵੋਗੇ, ਉਹੀ ਸੀਨ ਤੁਹਾਡੇ ਸਾਹਮਣੇ ਆਉਣਗੇ ਜੋ ਤੁਹਾਨੂੰ ਗੁਰੂ ਨਾਨਕ ਦੇ ਚਰਨਾਂ ਤੋਂ ਤੋੜ ਦੇਣਗੇ। ਅੱਖਾਂ ਨੂੰ ਉਹੀ ਚੀਜ਼ ਦਿਖਾਓ, ਜਿਸ ਨਾਲ ਗੁਰੂ ਨਾਨਕ ਹੀ ਯਾਦ ਆਵੇ।

ਕੋਈ ਵਿਰਲਾ ਹੀ ਹੋਵੇਗਾ, ਜਿਸ ਨੇ ਟੀ.ਵੀ. ਨੂੰ 'ਮੱਥਾ ਟੇਕਿਆ' ਹੋਵੇਗਾ। ਕਸੂਰ ਟੀ.ਵੀ. ਦਾ ਨਹੀਂ, ਪਰ ਸਾਧਕ ਬੰਦੇ ਨੇ ਇਹ ਧਿਆਨ ਰੱਖਣਾ ਹੈ ਕਿ ਟੀ.ਵੀ. 'ਤੇ ਕਿਹੜੇ ਪ੍ਰੋਗਰਾਮ ਦੇਖਣੇ ਹਨ। ਮਹਾਂ ਪੁਰਸ਼ ਬਚਨ ਕਰਦੇ ਸਨ ਕਿ ਗਿਲਾਸ ਦਾ ਕਸੂਰ ਨਹੀਂ ਪਰ ਗਿਲਾਸ ਵਿਚ ਪੀਣਾ ਕੀ ਹੈ, ਦੁੱਧ ਕਿ ਜ਼ਹਿਰ? ਇਹ ਪੀਣ ਵਾਲੇ ਨੇ ਸੋਚਣਾ ਹੈ। ਟੀ.ਵੀ. 'ਤੇ ਮਹਾਂ ਪੁਰਸ਼ਾਂ ਦੇ ਬਚਨ ਵੀ ਆਉਂਦੇ ਹਨ, ਕੀਰਤਨ ਦੇ ਪ੍ਰੋਗਰਾਮ ਵੀ ਆਉਂਦੇ ਹਨ, ਹੋਰ ਜੋ ਧਾਰਮਿਕ ਪ੍ਰੋਗਰਾਮ ਆਉਂਦੇ ਹਨ, ਉਹ ਵੇਖੋ! ਕਿਧਰੇ ਐਸਾ ਨਾ ਹੋਵੇ ਕਿ ੧ ਪਾਠ, ੨ ਪਾਠ ਸੁਖਮਨੀ ਸਾਹਿਬ ਦੇ ਕੀਤੇ ਤੇ ੨ ਘੰਟੇ ਦੂਜੇ ਪ੍ਰੋਗਰਾਮ ਵੇਖੇ, ਜਿੰਨਾ ਕੁ ਭਾਂਡਾ ਭਰਿਆ ਸੀ, ਖਾਲੀ!

ਦਾਸ ਇਕ ਦਿਨ ਸ਼ਹੀਦਾਂ ਸਾਹਿਬ ਬੈਠਾ ਸੀ। ਇਕ ਬੀਬੀ ੧੦੦ ਦਾ ਨੋਟ ਤੇ ਇਕ ਪਰਚੀ ਮੇਰੀ ਝੋਲੀ ਵਿਚ ਰੱਖ ਗਈ। ਦਾਸ ਨੇ ਜਦੋਂ ਆਪਣੀ ਜੋ ਹਾਜ਼ਰੀ ਭਰਨੀ ਸੀ ਭਰ ਕੇ ਪਰਚੀ ਪੜ੍ਹੀ ਤੇ ਉਸ ਵਿਚ ਲਿਖਿਆ ਸੀ ਕਿ ਅਸੀਂ ਨਵਾਂ ਟੀ.ਵੀ. ਖਰੀਦਿਆ ਹੈ ਰੰਗਦਾਰ, ਅਰਦਾਸ ਕਰ ਦਿਓ। ਪਹਿਲੇ ਤੇ ਮੈਨੂੰ ਬੜਾ ਗੁੱਸਾ ਚੜ੍ਹਿਆ ਕਿ ਟੈਲੀਵੀਜ਼ਨ ਦੀ ਅਰਦਾਸ ਕਰਾਂ ਕਿ ਇਹ ਠੀਕ-ਠਾਕ ਚੱਲੇ ਤੇ ਇਹ ਰੱਜ ਕੇ ਵੇਖਣ? ਪਰ ਮੈਨੂੰ ਅਗਲੀ ਗੱਲ ਬੜੀ ਪਸੰਦ ਆਈ। ਉਹ ਕੀ ਸੀ, ਕਿ ਅਸੀਂ ੧੧੦੦ ਪਾਠ ਜਪੁਜੀ ਸਾਹਿਬ ਦੇ ਕੀਤੇ ਨੇ ਅਸੀਂ ਟੈਲੀਵੀਜ਼ਨ ਲਿਆਂਦਾ ਹੈ, ਸਾਡੀ ਇਹ ਅਰਦਾਸ ਕਰ ਦਿਓ ਕਿ ਅਸੀਂ ਟੀ.ਵੀ. ਵਿਚ ਚੰਗੀਆਂ ਚੀਜ਼ਾਂ ਅੰਮ੍ਰਿਤ ਵਰਗੀਆਂ ਚੀਜ਼ਾਂ ਵੇਖੀਏ, ਦੂਜੀ ਕਿਸੇ ਚੀਜ਼ ਦੇ ਗੁਲਾਮ ਨਾ ਬਣ ਜਾਈਏ!

ਜਦੋਂ ਬੰਦਾ ਧਾਰਮਿਕ ਪ੍ਰੋਗਰਾਮ ਦੇਖ ਕੇ ਉਸ ਵਿਚ ਘੰਟਾ-ਦੋ ਘੰਟਾ ਸਮਾਂ ਬਿਤਾਏਗਾ ਤਾਂ ਇਹ ਵੀ ਤਸੱਲੀ ਰਹਿੰਦੀ ਹੈ ਕਿ ਮੇਰੀਆਂ ਅੱਖਾਂ ਨੇ ਕੁਝ ਦੇਖ ਲਿਆ ਹੈ ਤੇ ਇਸ ਤਰ੍ਹਾਂ ਰਹੇ ਵੀ ਗੁਰੂ ਨਾਨਕ ਦੇ ਪਹਿਰੇ ਵਿਚ।

ਬਾਬਾ ਜੀ ਦੇ ਬਚਨ ਹਨ। ਇਹ ਜਿਹੜੇ ਦੂਜੇ ਰੰਗ-ਤਮਾਸ਼ੇ ਨੇ ਇਹ ਨਰਕਾਂ ਦਾ ਮੂੰਹ ਦਿਖਾਉਂਦੇ ਹਨ ਤੇ ਗੁਰੂ ਨਾਨਕ ਦੇ ਘਰ ਦੇ ਧਾਰਮਿਕ ਸੀਰੀਅਲ ਸੱਚਖੰਡ ਵਿਚ ਜਗ੍ਹਾ ਦਿਵਾਉਂਦੇ ਹਨ। ਪਿੱਛੇ ਜਿਹੇ, ਬਾਬਾ ਦੀਪ ਸਿੰਘ ਕਲੋਨੀ ਕਿਸੇ ਦੇ ਘਰ ਪਾਠਾਂ ਦੀਆਂ ਲੜੀਆਂ ਚੱਲ ਰਹੀਆਂ ਸਨ। ਦਾਸ ਨੇ ਪੁੱਛਿਆ, ਰੌਲਾਂ ਦੀ ਕੋਈ ਮੁਸ਼ਕਲ ਤੇ ਨਹੀਂ ਆਈ? ਉਨ੍ਹਾਂ ਆਖਿਆ ਕਿ ੧ ਵਜੇ ਤੋਂ ਲੈ ਕੇ ੩ ਵਜੇ ਤਕ ਬੜੀ ਮੁਸ਼ਕਲ ਆਈ, ਬਾਕੀ ਟਾਈਮ ਤਾਂ ਇੰਨੀ ਰੌਲ ਰਹੀ ਕਿ ਪੁੱਛੋ ਕੁਝ ਨਾ! ਇਸ ਦਾ ਕਾਰਨ ਕੀ ਸੀ ਕਿ ਉਸ ਟਾਈਮ 'ਤੇ ਜਿਹੜੇ ਸੀਰੀਅਲ ਆਉਂਦੇ ਨੇ, ਅਸੀਂ ਉਹ ਜ਼ਰੂਰ ਵੇਖਣੇ ਹੁੰਦੇ ਹਨ, ਉਹ ਨਹੀਂ ਛੱਡ ਸਕਦੇ। ਹੁਣ ਜੇ ਕੋਈ ਕਹੇ, ਮੈਂ ਫਲਾਣਾ ਸੀਰੀਅਲ ਨਹੀਂ ਛੱਡ ਸਕਦਾ ਤਾਂ ਇਸ ਦਾ ਮਤਲਬ ਹੈ ਕਿ ਉਹ ਉਸ ਦਾ ਗੁਲਾਮ ਬਣ ਗਿਆ ਹੈ ਜਦ ਕਿ ਗੁਲਾਮ ਤੇ ਬਣਨਾ ਸੀ ਗੁਰੂ ਦਾ। ਜਦੋਂ ਅਸੀਂ ਸੀਰੀਅਲ ਵੇਖਦੇ ਹਾਂ ਫੇਰ ਗੁਰੂ ਨੂੰ ਅੱਖਾਂ ਵਿੱਚੋਂ ਕੱਢਣਾ ਪੈਂਦਾ ਹੈ।

ਦਾਸ ਇਕ ਵਾਰੀ ਕਿਸੇ ਘਰ ਗਿਆ। ਉਨ੍ਹਾਂ ਇੱਕੋ ਕਮਰੇ ਵਿਚ ੨ ਟੀ.ਵੀ. ਰੱਖੇ ਹੋਏ ਸੀ। ਦਾਸ ਨੇ ਪੁੱਛਿਆ- ਇੱਕੋ ਕਮਰੇ 'ਚ ਦੋ ਟੀ.ਵੀਜ਼. ਦਾ ਕੀ ਕੰਮ? ਉਹ ਕਹਿਣ ਲੱਗੇ, ਸਾਡੇ ਘਰ ੧੯ ਘੰਟੇ ਟੀ.ਵੀ. ਚੱਲਦਾ ਹੈ, ਜਦੋਂ ਗਰਮ ਹੋ ਜਾਂਦਾ ਹੈ, ਉਹ ਬੰਦ ਕਰ ਕੇ ਦੂਜਾ ਚਾਲੂ ਕਰ ਲਈਦਾ ਹੈ। ਆਪੇ ਅੰਦਾਜ਼ਾ ਲਾ ਲਇਓ ਕਿ ਜਿਸ ਘਰ ਵਿਚ ੨੪ ਘੰਟਿਆਂ ਵਿੱਚੋਂ ੧੯ ਘੰਟੇ ਟੀ.ਵੀ. ਚੱਲਦਾ ਹੈ, ਉਥੇ ਤਾਂ ਘੋਰ ਕਲਜੁਗ ਹੈ। ਹੜ੍ਹ ਆਇਆ ਪਿਆ ਹੈ, ੬੦-੭੦ ਚੈਨਲ ਚੱਲ ਰਹੇ ਹਨ।

ਅੰਮ੍ਰਿਤਸਰ ਵਿਚ ੩ ਘਰਾਂ ਵਿਚ Chance ਹੋਇਆ ਹੈ ਮੇਰੇ ਨਾਲ, ਕਿ ਦਾਸ ਨੇ ਵੇਖਿਆ, ਘਰਾਂ 'ਚ ਰਸੋਈ ਵਿਚ ਟੀ.ਵੀ. ਲੱਗਾ ਹੈ। ਦਾਸ ਨੇ ਪੁੱਛਿਆ, ਰਸੋਈ 'ਚ ਕਿਉਂ ਟੀ.ਵੀ.? ਉਹ ਕਹਿੰਦੇ, ਕਮਰੇ 'ਚ ਟੀ.ਵੀ ਤੇ ਸੀਰੀਅਲ ਵੇਖਦੇ ਹੋਈਦਾ ਹੈ ਤੇ ਰੋਟੀ ਦਾ ਟਾਈਮ ਹੋ ਜਾਂਦਾ ਹੈ, ਜੇ ਰੋਟੀ

ਬਣਾਉਣ ਚਲੇ ਜਾਈਏ ਰਸੋਈ ਵਿਚ ਤੇ ਸੀਰੀਅਲ ਦਾ Link ਟੁੱਟ ਜਾਂਦਾ ਹੈ, ਇਸ ਲਈ ਅਸੀਂ ਰਸੋਈ 'ਚ ਹੀ ਲਵਾ ਲਿਆ ਹੈ। ਹੁਣ ਜੋ ਕੁਝ ਅੰਨ 'ਚ ਪੈਣਾ ਹੈ, ਉਹੀ ਅਸਰ ਹੋਣਾ ਹੈ। ਹਲਵਾਈ ਕੋਲੋਂ ਲੈ ਲਵੋ ੫ ਰੁਪਏ ਦਾ ਕੜਾਹ ਤੇ ਉਹ ਕੜਾਹ ਹੀ ਹੈ। ਦਰਬਾਰ ਸਾਹਿਬ ਤੋਂ ਲਈਏ, ਵਿੱਚ ਬਾਣੀ ਪੈਂਦੀ ਹੈ ਤਾਂ ਹੀ ਉਹ ਪ੍ਰਸ਼ਾਦ ਬਣਦਾ ਹੈ ਤੇ ਜੇ ਇਹ ਕੁਝ ਪਵੇਗਾ ਅੰਨ ਵਿਚ ਤੇ ਫਿਰ ਖਾਣ ਵਾਲਿਆਂ ਦੀ ਬੁੱਧੀ ਵੀ ਤੇ ਉਹੋ ਜਿਹੀ ਹੀ ਹੋਵੇਗੀ।

ਇਕ ਮੁਹੱਲੇ ਦੀ ਬੀਬੀ ਨਾਲ ਬਚਨ ਹੋਏ। ਇਹ ਬੀਬੀ ਰੋਜ਼ ਆਪਣੇ ਬੱਚਿਆਂ ਨੂੰ ਲੈ ਕੇ 'ਸ਼ਹੀਦਾਂ ਸਾਹਿਬ' ਜਾਂਦੀ ਸੀ। ਦਾਸ ਨੇ ਉਸ ਨੂੰ ਪੁੱਛਿਆ, ਤੂੰ ਅੱਗੇ ਰੋਜ਼ ਜਾਂਦੀ ਸੀ ਬੱਚੇ ਨਾਲ ਲੈ ਕੇ, ਉਥੇ ਬਾਣੀ ਵੀ ਪੜ੍ਹਦੀ ਸੀ, ਝਾੜੂ ਦੀ ਸੇਵਾ ਵੀ ਕਰਦੀ ਸੀ ਪਰ ਹੁਣ ਕਿਉਂ ਨਹੀਂ ਜਾਂਦੀ? ਉਹ ਬੀਬੀ ਕਹਿੰਦੀ, ਅਸੀਂ Cable ਲਵਾ ਲਈ ਹੈ। ਸਵੇਰੇ-ਸ਼ਾਮ, ਫਿਲਮਾਂ, ਸੀਰੀਅਲ ਬੜੇ-ਬੜੇ ਵਧੀਆ ਆਉਂਦੇ ਹਨ, ਉਹ ਸੀਰੀਅਲ ਛੱਡ ਕੇ ਸ਼ਹੀਦਾਂ ਸਾਹਿਬ ਨਹੀਂ ਜਾਇਆ ਜਾਂਦਾ। ਇਹ ਹੈ ਕਲਜੁਗ ਦਾ ਪ੍ਰਭਾਵ।

ਪਹਿਲੇ ਸਿਨੇਮਾ ਘਰ ਹੁੰਦੇ ਸੀ, ਕੋਈ ਮਹੀਨੇ ਬਾਅਦ ਫਿਲਮ ਦੇਖਣ ਜਾਂਦਾ ਸੀ ਤੇ ਵੱਧ ਤੋਂ ਵੱਧ ਕੋਈ ਹਫਤੇ ਬਾਅਦ ਦੇਖਣ ਜਾਂਦਾ ਸੀ। ਵੇਖਦਿਆਂ-ਵੇਖਦਿਆਂ ਟੀ.ਵੀ. ਚੱਲ ਪਏ। ਪਹਿਲੇ ੧੫ ਦਿਨ ਬਾਅਦ ਫਿਲਮ ਆਉਂਦੀ ਸੀ, ਵੇਖਦਿਆਂ-ਵੇਖਦਿਆਂ ਹਫਤੇ ਬਾਅਦ ਤੇ ਹੁਣ ਤਾਂ ਗਿਣਤੀ ਹੀ ਕੋਈ ਨਹੀਂ। ਹਰ ਸਮੇਂ ਟੀ.ਵੀ. 'ਤੇ ਸੀਰੀਅਲ, ਫਿਲਮਾਂ, ਵੀ.ਸੀ.ਆਰ., ਵੀ.ਸੀ.ਪੀ., ਸੀ.ਡੀ. ਚੱਲ ਪਈਆਂ ਨੇ। ਕੈਸਟਾਂ ਲਿਆਓ ਕਿਰਾਏ 'ਤੇ, ਤੇ ਜਿੰਨੀਆਂ ਮਰਜ਼ੀ ਪਏ ਵੇਖੋ! ਭਾਵੇਂ ਸਾਰਾ ਦਿਨ ਗੰਦਗੀ ਪਏ ਵੇਖੋ! ਇਹ ਹਾਲ ਹੋ ਗਿਆ ਹੈ! ਕਲਜੁਗ ਨੇ ਕਿਹਾ ਸੀ ਕਿ ਇਹੋ ਜਿਹਾ ਮਹੌਲ ਬਣਾਵਾਂਗਾ ਕਿ ਘਰ-ਘਰ ਵੇਸਵਾ ਨਚਾਵਾਂਗਾ! ਅੱਜ ਇਹ ਬਚਨ ਸਤ ਹੋ ਰਿਹਾ ਹੈ।

ਕੁਝ ਦਿਨ ਹੋਏ ਦਾਸ ਨੂੰ ਇਕ ਗੁਰਮੁਖ ਪਿਆਰਾ ਮਿਲਿਆ। ਕਹਿੰਦਾ, ਔਲਾਦ ਨਾਮ ਨਹੀਂ ਜਪਦੀ, ਹਰ ਵਕਤ ਟੀ.ਵੀ. ਲਾਈ ਰੱਖਦੇ ਹਨ। ਬੱਚਿਆਂ ਨੇ ਤੇ ਵਹੁਟੀ ਨੇ ਜ਼ਿਦ ਕਰ ਕੇ ਕੇਬਲ ਤਾਰ ਲਵਾ ਲਈ ਹੈ, ਹੁਣ ਤੇ ਮੇਰਾ ਘਰ ਵੇਸਵਾ ਦਾ ਕੋਠਾ ਬਣ ਗਿਆ ਹੈ। ਉਹ ਗੁਰਮੁਖ ਪਿਆਰਾ ਕਹਿਣ ਲੱਗਾ, ਮੈਂ

ਹੁਣ ਇਕ ਸੁੱਖਣਾ ਸੁੱਖੀ ਹੈ ਕਿ ੧੩ ਸਹਿਜ ਪਾਠਾਂ ਦੇ ਭੋਗ ਘਰ ਵਿਚ ਪਾਉਣੇ ਹਨ। ੧੫ ਦਿਨ ਵਿਚ ਇਕ ਸਹਿਜ ਪਾਠ ਦਾ ਭੋਗ ਸਾਰੇ ਪਰਵਾਰ ਨੇ ਮਿਲ ਕੇ ਪਾਉਣਾ ਹੈ। ਹੁਣ ਆਪੇ ਅੰਦਾਜ਼ਾ ਲਾ ਲਵੋ ਕਿ ਪਤਨੀ ਨੂੰ ਵੀ ਤੇ ਬੱਚਿਆਂ ਨੂੰ ਵੀ ਗੁਰਬਾਣੀ ਪੜ੍ਹਨ ਲਗਾ ਦਿੱਤਾ। ਪੰਜ-ਛੇ ਮਹੀਨੇ ਜਿਸ ਘਰ ਵਿਚ ਲਗਾਤਾਰ ਬਾਣੀ ਚੱਲੇਗੀ, ਉਸ ਘਰ ਵਿੱਚੋਂ ਤੇ ਆਪੇ ਹੀ ਸਾਰਾ ਨਰਕ ਨਿਕਲ ਜਾਵੇਗਾ। ਇਹੋ ਜਿਹੇ ਉਦਮ-ਉਪਰਾਲੇ ਟੀ.ਵੀ. ਨੂੰ ਠੱਲ੍ਹ ਪਾ ਸਕਦੇ ਹਨ।

ਜੇ ਸੱਚਮੁਚ ਹੀ ਇਸ ਮਾਰਗ 'ਤੇ ਚੱਲਣ ਦਾ ਸ਼ੌਕ ਜੇ ਤਾਂ ਇਨ੍ਹਾਂ ਚੀਜ਼ਾਂ ਦਾ ਧਿਆਨ ਰੱਖਣ ਦੀ ਬਹੁਤ ਲੋੜ ਹੈ! ਵਿਅਰਥ ਗੱਲਾਂ ਕਰਨ ਨਾਲ, ਵਿਅਰਥ ਚੀਜ਼ਾਂ ਵੇਖਣ, ਪੜ੍ਹਨ ਨਾਲ ਪੁੰਨ ਸੜਦੇ ਹਨ। ਅਸੀਂ ਆਪਣੇ ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ, ਮਨੋਰੰਜਨ ਲਈ, ਸਮਾਂ ਪਾਸ ਕਰਨ ਲਈ ਕਈ ਸਾਧਨ ਬਣਾਏ ਹੁੰਦੇ ਹਨ ਜਿਵੇਂ ਕਿਸੇ ਦੇ ਘਰ ਜਾਣਾ, ਟੀ.ਵੀ. ਦੇਖਣਾ ਤੇ ਹੋਰ ਕਈ ਫਾਲਤੂ ਦੇ ਝਮੇਲੇ। ਇਕ ਗੱਲ ਧਿਆਨ ਰੱਖਿਓ! ਝਮੇਲੇ ਨਹੀਂ ਜੇ ਮੁੱਕਣੇ, ਬੰਦੇ ਨੇ ਮੁੱਕ ਜਾਣਾ ਹੈ! ਜ਼ਿੰਦਗੀ ਨੂੰ ਕਿਸੇ ਢਾਂਚੇ ਵਿਚ ਬਣਾ ਕੇ ਤੋਰੋ, ਜ਼ਿੰਦਗੀ ਸਫਲ ਹੋ ਜਾਵੇਗੀ। ਰੰਗੇ ਹੋਏ ਸਿੱਖਾਂ ਦੇ ਜੀਵਨ ਤੋਂ ਸੇਧ ਲਈਏ!

ਭਾਈ ਤਿਲਕਾ ਹੋਇਆ ਹੈ, ਗੁਰੂ ਅਰਜਨ ਦੇਵ ਜੀ ਦੇ ਸਮੇਂ। ਉਸ ਨੇ ਆਪਣੀ ਜ਼ਿੰਦਗੀ ਦੀ ਇਕ ਰੁਟੀਨ ਬਣਾਈ ਸੀ। ਸਵੇਰੇ ੨ ਵਜੇ ਉੱਠ ਕੇ ਇਸ਼ਨਾਨ ਕਰ ਕੇ, ਗੁਰੂ ਅਰਜਨ ਦੇਵ ਜੀ ਦੇ ਚਰਨਾਂ ਦਾ ਧਿਆਨ ਕਰ ਕੇ, ਸਿਮਰਨ 'ਚ, ਨਿਤਨੇਮ ਵਿਚ ਜੁੜਦਾ ਸੀ। ੭-੮ ਵਜੇ ਚਾਹ-ਪਾਣੀ ਲੈ ਕੇ ਫਿਰ ਕਿਰਤ 'ਤੇ ਜਾਣਾ। ਘਰ ਆ ਕੇ ਦੋ ਘੰਟੇ ਮੋਨ ਧਾਰਨਾ, ਪਰਵਾਰ ਵਿਚ ਕਿਸੇ ਨਾਲ ਗੱਲ ਨਹੀਂ ਕਰਨੀ, ਬੰਦ ਕਮਰੇ 'ਚ ਗੁਰੂ ਦੇ ਚਰਨਾਂ ਦਾ ਧਿਆਨ ਧਰ ਕੇ ਸਾਈਂ ਨਾਲ ਜੁੜਨਾ। ਫਿਰ ਇਕ ਘੰਟਾ Research ਕਰਨੀ। ਗੁਰੂ ਸਾਹਿਬਾਂ ਦੀਆਂ ਕਥਾ-ਕਹਾਣੀਆਂ ਪੜ੍ਹਨੀਆਂ। ਗੁਰੂ ਦੀਆਂ ਕਥਾ-ਕਹਾਣੀਆਂ ਪੜ੍ਹੀਏ, ਅੱਗੇ ਗੁਰੂ ਦੀ ਫਿਲਮ ਚੱਲ ਪੈਂਦੀ ਹੈ।

ਇਕ ਵਾਰੀ ਬਾਬਾ ਨੰਦ ਸਿੰਘ ਜੀ ਨੇ ਭਾਈ ਡਰੋਲੀ ਨੂੰ ਕਿਹਾ, ਕੋਈ ਬਾਬਾ ਜੀ ਦੀ ਕਥਾ ਸੁਣਾ। ਉਹ ਕਹਿਣ ਲੱਗਾ, ਤੁਹਾਨੂੰ ਕਥਾ ਦੀ ਕੀ ਲੋੜ ਹੈ? ਤੁਹਾਡਾ ਤੇ ਸੁਆਸ-ਸੁਆਸ ਸਿਮਰਨ ਚੱਲਦਾ ਹੈ! ਬਾਬਾ ਜੀ ਕਹਿੰਦੇ, ਜਿਸ

ਦੀ ਕਥਾ ਸੁਣੀਏ, ਉਸ ਦੀ ਅੱਗੇ ਫਿਲਮ ਚੱਲ ਪੈਂਦੀ ਹੈ ਤੇ ਫਿਰ ਇਕ ਵਾਰੀ ਨਹੀਂ ਕਈ ਵਾਰੀ ਦਰਸ਼ਨ ਹੋ ਜਾਂਦੇ ਹਨ।

ਸਾਧਕ ਬੰਦੇ ਲਈ ਬਹੁਤ ਜ਼ਰੂਰੀ ਹੈ, ਇਨ੍ਹਾਂ ਚੀਜ਼ਾਂ ਦਾ ਧਿਆਨ ਰੱਖਣਾ। ਜੇ ਨਹੀਂ ਧਿਆਨ ਰੱਖਦੇ ਤੇ ਇਕ ਪਾਸੇ ਨਿਤਨੇਮ ਕਰ ਕੇ ਬਾਣੀ ਪੜ੍ਹ ਕੇ ਪੁੰਨ ਬਣਾਓਗੇ ਤੇ ਦੂਜੇ ਪਾਸੇ ਇਨ੍ਹਾਂ ਚੀਜ਼ਾਂ ਨਾਲ ਸੜੀ ਜਾਣਗੇ। **ਇਹ ਸਤਵੀਂ ਜੁਗਤੀ ਬਹੁਤ ਧਿਆਨ ਦੇਣ ਵਾਲੀ ਹੈ ਸਾਧਕ ਲਈ ਵਿਅਰਥ ਦੀਆਂ ਗੱਲਾਂ ਸੁਣਨ 'ਤੇ ਕਰਨ 'ਤੇ, ਨੇਤ੍ਰਾਂ ਨਾਲ ਵਿਅਰਥ ਵੇਖਣ ਅਤੇ ਪੜ੍ਹਨ 'ਤੇ ਕੰਟਰੋਲ ਕਰੇ।**

ਅਠਵੀਂ ਜੁਗਤੀ

੮. ਸਾਧਕ ਬੰਦੇ ਲਈ ਅਠਵੀਂ ਜੁਗਤੀ ਹੈ, ਧਿਆਨ ਰੱਖਣਯੋਗ ਗੱਲ ਕਿ ਪਰਮਾਰਥ ਦੇ ਕਿਸੇ ਵੀ ਨੇਮ ਨੂੰ ਬੋਝ ਪਾ ਕੇ ਨਾ ਕਰੇ, ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕਰੇ।

ਕਈ ਵਾਰੀ ਰੱਬ ਵਾਲੇ ਬੰਨੇ ਦੇ ਕੰਮ ਅਸੀਂ ਬੋਝ ਪਾ ਕੇ ਕਰਦੇ ਹਾਂ ਤਾਂ ਵੀ ਮੰਜ਼ਿਲ ਦੂਰ ਹੈ। ਗੱਲ ਤਾਂ ਹੀ ਬਣਦੀ ਹੈ ਜੇ ਕਿਸੇ ਕੰਮ ਵਿਚ ਸਫਲਤਾ ਪ੍ਰਾਪਤ ਹੋ ਜਾਵੇ। ਬੱਚਾ ਸਕੂਲ ਪੜ੍ਹਦਾ ਹੋਵੇ, ਸਾਰਾ ਸਾਲ ਪੜ੍ਹਾਈ ਕਰੇ, ਪੇਪਰ ਹੋਣ ਤਾਂ ਫੇਲ੍ਹ ਹੋ ਜਾਵੇ, ਬੜਾ ਦੁੱਖ ਹੁੰਦਾ ਹੈ। ਸਾਰਾ ਸਾਲ ਮਿਹਨਤ ਕੀਤੀ, ਫਿਰ ਵੀ ਫੇਲ੍ਹ ਹੋ ਗਿਆ। ਜਦੋਂ ਕਾਰਨ ਲੱਭੇਗਾ ਤਾਂ ਇਹੀ ਕਾਰਨ ਲੱਭੇਗਾ ਕਿ ਇਸ ਬੱਚੇ ਨੇ ਮਨ ਲਾ ਕੇ ਪੜ੍ਹਾਈ ਨਹੀਂ ਕੀਤੀ। ਇਹ ਸਕੂਲ ਤੇ ਜ਼ਰੂਰ ਜਾਂਦਾ ਰਿਹਾ ਹੈ, ਕਿਤਾਬਾਂ-ਕਾਪੀਆਂ ਵੀ ਲੀਤੀਆਂ, ਮਾਸਟਰ ਕੋਲੋਂ ਸਕੂਲ ਦਾ ਕੰਮ ਲਿਆ ਵੀ ਤੇ ਕੀਤਾ ਵੀ ਪਰ ਇਸ ਦਾ ਪੜ੍ਹਾਈ ਵਿਚ ਮਨ ਨਹੀਂ ਸੀ ਲੱਗਦਾ, ਇਹ ਪੜ੍ਹਾਈ ਨੂੰ ਬੋਝ ਸਮਝ ਕੇ ਕਰਦਾ ਰਿਹਾ ਹੈ, ਇਸ ਦੇ ਅੰਦਰ ਪੜ੍ਹਨ ਦਾ ਕੋਈ ਸ਼ੌਕ ਨਹੀਂ ਸੀ, ਚਾਅ ਨਹੀਂ ਸੀ ਇਹ ਤਾਂ ਸਿਰਫ ਮਜਬੂਰੀ ਵੱਸ, ਡਰ ਵੱਸ ਹੋ ਕੇ ਪੜ੍ਹਦਾ ਰਿਹਾ ਹੈ। ਇਸੇ ਕਰਕੇ ਸਫਲਤਾ ਪ੍ਰਾਪਤ ਨਹੀਂ ਹੋ ਸਕੀ।

ਜਿਹੜਾ ਪੜ੍ਹਾਈ ਨੂੰ ਖੁਸ਼ੀ-ਖੁਸ਼ੀ ਕਰੇ, ਚਿਤ ਲਾ ਕੇ ਕਰੇ, ਉਹ ਫੇਲ੍ਹ ਨਹੀਂ ਹੁੰਦਾ। ਸਾਡੀ ਵੀ ਗੁਰੂ ਦੇ ਦਰ 'ਤੇ ਕੀਤੀ ਹੋਈ ਸੇਵਾ, ਕੀਤੇ ਨੇਮ ਤਾਂ ਹੀ ਥਾਇਂ ਪੈਣਗੇ, ਤਾਂ ਹੀ ਪ੍ਰਾਪਤੀ ਹੋਵੇਗੀ ਤਾਂ ਹੀ ਸਫਲਤਾ ਮਿਲੇਗੀ ਜੇ ਸਾਰੇ ਕੰਮ ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕਰਾਂਗੇ, ਚਿੱਤ ਲਾ ਕੇ ਕਰਾਂਗੇ। ਸੱਚੇ ਪਰਮਾਤਮਾ ਦੀ ਖੁਸ਼ੀ ਪ੍ਰਾਪਤ ਕਰਨ ਲਈ, ਸਫਲਤਾ ਪ੍ਰਾਪਤ ਕਰਨ ਲਈ, ਮੰਜ਼ਿਲ ਤਕ ਪਹੁੰਚਣ ਲਈ ਜ਼ਰੂਰੀ ਹੈ ਕਿ ਗੁਰੂ ਵਾਲੇ ਬੰਨੇ ਜਿੰਨੇ ਵੀ ਕੰਮ

ਕਰੀਏ, ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕਰੀਏ, ਬੋਝ ਸਮਝ ਕੇ ਨਾ ਕਰੀਏ। ਜਿੰਨੇ ਵੀ ਪ੍ਰਮਾਰਥ ਵਾਲੇ ਬੰਨੇ ਤੁਹਾਡੇ ਕਦਮ ਨੇ, ਕੋਈ ਨੇਮ ਹੈ, ਕੋਈ ਸੇਵਾ ਹੈ, ਸਿਮਰਨ ਦਾ ਨੇਮ ਹੈ, ਨਿਤਨੇਮ ਹੈ, ਸੁਖਮਨੀ ਸਾਹਿਬ ਦੇ ਪਾਠਾਂ ਦਾ ਨੇਮ ਹੈ, ਕਈ ਵਾਰੀ ਅਸੀਂ ਬੋਝ ਪਾ ਕੇ ਕਰਦੇ ਹਾਂ ਕਿ ਕਰਨਾ ਪੈਣਾ ਹੈ। ਇਹ ਹੈ ਬੋਝ। ਇਕ ਹੈ ਚੜ੍ਹਦੀ ਕਲਾ ਨਾਲ ਕਰਨਾ ਕਿ ਸ਼ੁਕਰ ਹੈ ਕਿ ਸੇਵਾ ਮਿਲੀ ਹੈ, ਕਿਸੇ ਬਹਾਨੇ ਕੋਈ ਸੇਵਾ ਹੋਈ ਹੈ!

ਪਾਠਾਂ ਦੀਆਂ ਰੌਲਾਂ ਚੱਲ ਰਹੀਆਂ ਹੋਣ, ਕਈ ਸਰੀਰ ਐਸੇ ਹੁੰਦੇ ਹਨ ਕਿ ਰੌਲ 'ਤੇ ਬੈਠਣ ਵੇਲੇ ਇਕ ਬੋਝ ਹੁੰਦਾ ਹੈ, ਪਤਾ ਹੈ ਕਿ ੨ ਤੋਂ ੪ ਦੀ ਲਿਖਾਈ ਹੈ, ਦੇਣੀ ਪੈਣੀ ਹੈ, ਬੈਠਣਾ ਪੈਣਾ ਹੈ! ਉਹੋ ਕਿਧਰੇ ਹਿਰਦੇ ਨੂੰ ਨਿੱਕਾ ਜਿਹਾ ਕਰੰਟ ਲੱਗ ਜਾਵੇ, ਗਿਆਨ ਹੋਵੇ ਕਿ ਅੱਗ ਲੱਗੀ ਪਈ ਹੈ ਸੰਸਾਰ ਵਿਚ, ਬੜਾ ਰੌਲਾ ਹੈ, ਮੇਰ-ਤੇਰ ਬਣੀ ਪਈ ਹੈ, ਬੜੀਆਂ ਮੁਸ਼ਕਲਾਂ ਨੇ, ਸ਼ੁਕਰ ਹੈ ਕਿ ਗੁਰੂ ਦੇ ਚਰਨਾਂ 'ਚ ਦੋ ਘੰਟੇ ਬੈਠ ਕੇ ਬਾਣੀ ਪੜ੍ਹਾਂਗਾ, ਕੋਈ ਫੋਨ ਵੀ ਨਹੀਂ ਆਏਗਾ, ਕੋਈ ਬੁਲਾਉਣ ਵਾਲਾ ਵੀ ਨਹੀਂ ਹੋਵੇਗਾ!

ਬਾਬਾ ਜੀ ਬਚਨ ਕਰਦੇ ਸਨ, ਰੌਲ ਦੇਣ ਵੇਲੇ ਤੇਰਾ ਧਿਆਨ ਬਾਣੀ ਦੇ ਇੱਕ-ਇੱਕ ਅੱਖਰ ਵਿਚ ਖੁੱਭਿਆ ਹੋਵੇ, ਜੁੜਿਆ ਹੋਵੇ! ਫੇਰ ਵੇਖ! ਤੇਰੀ ਇਹ ਪੜ੍ਹੀ ਹੋਈ ਬਾਣੀ ਤੇਰੀ ਜ਼ਿੰਦਗੀ ਵਿਚ ਕਿੰਨਾ ਰੰਗ ਲਿਆਂਦੀ ਹੈ! ਉਹੋ ਕੰਮ ਗਿਆਨ ਹੋ ਜਾਵੇ ਤੇ ਚੜ੍ਹਦੀ ਕਲਾ ਨਾਲ ਹੁੰਦਾ ਹੈ ਤੇ ਉਹੋ ਕੰਮ ਗਿਆਨ ਨਾ ਹੋਵੇ ਤੇ ਬੋਝ ਪਾ ਕੇ ਹੁੰਦਾ ਹੈ। ਜਦੋਂ ਬੋਝ ਪਾ ਕੇ ਹੋਵੇ, ਉਹੋ ਬੰਦਾ ਦੋ ਘੰਟੇ ਰੌਲ ਵਿਚ ਬਾਰ-ਬਾਰ ਘੜੀ ਵੇਖੇਗਾ ਕਿ ਕਦੋਂ ਮੈਂ ਉੱਠਣਾ ਹੈ, ਅਗਲੀ ਰੌਲ ਕਦੋਂ ਆਵੇਗੀ? ਇਸ ਤਰ੍ਹਾਂ ਬੰਦੇ ਨੂੰ ਰੱਜ ਵੀ ਨਹੀਂ ਹੁੰਦਾ, ਉੱਤੋਂ-ਉੱਤੋਂ ਹੀ ਲੰਘ ਜਾਂਦਾ ਹੈ। ਉਹੋ ਬਾਣੀ, ਜੁੜ ਕੇ ਪੜ੍ਹੇ, ਖੁਸ਼ੀ ਤੇ ਚੜ੍ਹਦੀ ਕਲਾ ਨਾਲ ਪੜ੍ਹੇ, ਰੱਜ ਆਉਂਦਾ ਹੈ।

ਜਿਹੜਾ ਮਾੜਾ ਜਿਹਾ ਟੱਪਿਆ ਹੈ ਉਹੀ ਜਾਣਦਾ ਹੈ ਕਿ ਜੇ ਉਸ ਦਾ ਕੋਈ ਨੇਮ ਰਹਿ ਜਾਵੇ, ਕਿੰਨਾ ਦੁਖੀ ਹੁੰਦਾ ਹੈ ਉਸ ਦਾ ਮਨ ਜਾਂ ਕਿਧਰੇ ਜ਼ਰਾ ਜਿਹਾ ਲੇਟ ਹੋ ਜਾਵੇ ਨੇਮ ਤੋਂ ਤੇ ਕਿੰਨਾ ਉਛਾਲੇ ਖਾਂਦਾ ਹੈ ਮਨ! ਉਸ ਨੂੰ ਹੁੰਦਾ ਹੈ ਕਿ ਮੈਂ ਜਲਦੀ-ਜਲਦੀ ਪਹੁੰਚਾਂ ਗੁਰੂ ਸਾਹਿਬ ਦੇ ਕਮਰੇ 'ਚ ਤੇ ਬਾਣੀ

ਪੜ੍ਹਾਂ, ਸਿਮਰਨ ਕਰਾਂ ਕਿਉਂਕਿ ਉਸ ਨੂੰ ਡਾਢੀ ਭੁੱਖ ਲੱਗੀ ਹੁੰਦੀ ਹੈ। ਬੜਾ ਅਨੰਦ ਹੈ ਜਦੋਂ ਸਿਮਰਨ ਵੀ, ਸੇਵਾ ਦੀ ਬੰਦਗੀ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਵੇ। ਇਕ ਤੇ ਹੈ ਕਿ ਨਿਤਨੇਮ ਕੀਤਾ, ਕਰ ਕੇ ਗੁਟਕਾ ਰੱਖਿਆ, ਤੇ ਅੰਦਰ ਖਿਆਲ ਬਣ ਗਏ ਕਿ ਸ਼ੁਕਰ ਹੈ, ਕੰਮ ਖਤਮ ਹੋ ਗਿਆ ਹੈ ਪਾਠ ਦਾ, ਸ਼ੁਕਰ ਹੈ, ਨੇਮ ਖਤਮ ਹੋਇਆ! ਪਰ ਜਿਸ ਨੂੰ ਭੁੱਖ ਲੱਗਣੀ ਸ਼ੁਰੂ ਹੋ ਜਾਵੇ, ਉਹ ਨਿਤਨੇਮ ਕਰਨ ਤੋਂ ਬਾਅਦ ਇਹ ਨਹੀਂ ਸੋਚਦਾ ਕਿ ਕੰਮ ਖਤਮ ਹੋ ਗਿਆ ਹੈ। ਯਤਨ ਕਰਦਾ ਹੈ, ਅੰਦਰ ਸਿਮਰਨ ਦਾ ਭੋਗ ਨਾ ਪਵੇ!

ਇਕ ਹੈ ਭੁੱਖ ਲੱਗਣੀ। ਇਕ ਹੈ, ਧੱਕੇ ਨਾਲ ਚਲਾਉਣਾ। ਅਸੀਂ ਕੈਨੇਡਾ ਗਏ। ਇਕ ਬੰਦਾ, ੪ ਦਿਨ ਓਸ ਦੇ ਇਲਾਕੇ ਵਿਚ ਰਹੇ, ਚਾਰ ਦਿਨ ਉਹ ਬੰਦਾ ਸਾਡੇ ਨਾਲ ਹੀ। ਹਰ ਪ੍ਰੋਗਰਾਮ 'ਤੇ ਨਾਲ। ਦਾਸ ਨੇ ਪੁੱਛ ਲਿਆ, ਤੁਹਾਡਾ ਕੰਮ-ਕਾਰ ਕਿਸ ਤਰ੍ਹਾਂ? ਉਹ ਕਹਿਣ ਲੱਗਾ। ਮੇਰਾ ਸਟੋਰ ਹੈ। ਦਾਸ ਨੇ ਪੁੱਛਿਆ, ਤੁਸੀਂ ਤੇ ੪ ਦਿਨ ਤੋਂ ਸਾਡੇ ਨਾਲ ਹੋ, ਉਥੇ ਫਿਰ ਕਿਸ ਤਰ੍ਹਾਂ ਚਲਾਉਂਦੇ ਹੋ? ਕਹਿਣ ਲੱਗਾ, ਨੌਕਰ ਹੈ ਉਥੇ, ਉਹ ਕੰਮ ਚਲਾਈ ਜਾਂਦਾ ਹੈ। ਦਾਸ ਨੇ ਪੁੱਛਿਆ, ਕੀ ਉਹ ਤੁਹਾਡੀ ਪੂਰਤੀ ਕਰੀ ਜਾਂਦਾ ਹੈ? ਨੁਕਸਾਨ ਨਹੀਂ ਹੁੰਦਾ? ਉਹ ਕਹਿਣ ਲੱਗਾ, ਨੁਕਸਾਨ ਤੇ ਹੁੰਦਾ ਹੈ ਪਰ ਕੀ ਕਰਾਂ? ਰਿਹਾ ਹੀ ਨਹੀਂ ਜਾਂਦਾ। ਬੜੀ ਭੁੱਖ ਲੱਗਦੀ ਹੈ।

ਉਹ ਪਿਆਰ 'ਚ ਆ ਕੇ ਦੱਸਣ ਲੱਗਾ। ਕਹਿੰਦਾ, ਛਨੀ ਤੇ ਐਤਵਾਰ ਮੈਂ ਆਪਣਾ ਸਟੋਰ ਬੰਦ ਰੱਖਦਾ ਹਾਂ। ਦੋਵੇਂ ਦਿਨ ਗੁਰਦੁਆਰੇ ਹੀ ਸਮਾਂ ਬਿਤਾਉਂਦਾ ਹਾਂ। ਉਥੇ ਹੀ ਥਾਲੀਆਂ ਮਾਂਜਣੀਆਂ, ਜੋੜੇ ਝਾੜਨੇ, ਕੀਰਤਨ ਸੁਣਨਾ, ਬਾਹਰੋਂ ਕੋਈ ਕਥਾ ਕਰਨ ਆਇਆ ਹੋਵੇ ਉਸ ਦੇ ਵਿਚਾਰ ਸੁਣਨੇ। ਉਸ ਨੇ ਜਦੋਂ ਆਪਣੀ ਅਗਲੀ ਸਕੀਮ ਸੁਣਾਈ ਤਾਂ ਦਾਸ ਨੂੰ ਹੋਰ ਵੀ ਹੈਰਾਨੀ ਹੋਈ। ਕਹਿਣ ਲੱਗਾ, ਜਦੋਂ ਮੇਰਾ ਕੋਈ ਕੰਮ ਦਾ ਹਿਸਾਬ-ਕਿਤਾਬ ਐਸਾ ਬਣ ਗਿਆ, ਮੈਂ ਸਕੀਮ ਬਣਾਈ ਹੈ ਕਿ ੬ ਮਹੀਨੇ ਕੈਨੇਡਾ ਰਹਿਣਾ ਹੈ ਤੇ ੬ ਮਹੀਨੇ ਦਰਬਾਰ ਸਾਹਿਬ, ਗੁਰੂ ਰਾਮਦਾਸ ਜੀ ਦੇ ਚਰਨਾਂ 'ਚ। ਜਦੋਂ ਗੁਰੂ ਦਾ ਕੰਮ ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕਰੋ, ਫੇਰ ਰੱਜ ਵੀ ਹੁੰਦਾ ਹੈ।

ਪ੍ਰਮਾਰਥ ਦੇ ਕੰਮਾਂ ਵਿਚ ਸਾਰੀਆਂ ਹੀ ਗੱਲਾਂ ਆਉਣਗੀਆਂ। ਰੌਲਾਂ ਦੀ

ਵੀ, ਸੇਵਾ ਦੀ ਵੀ, ਪ੍ਰਕਾਸ਼ ਦੀ ਵੀ। ਜਿਨ੍ਹਾਂ ਦੇ ਘਰਾਂ 'ਚ ਗੁਰੂ ਸਾਹਿਬ ਦਾ ਕਮਰਾ ਹੋਵੇ, ਗੁਰੂ ਸਾਹਿਬ ਦਾ ਪ੍ਰਕਾਸ਼ ਹੋਵੇ, ਕਈਆਂ ਦੇ ਘਰਾਂ 'ਚ ਮਸਲਾ ਬਣਿਆ ਹੁੰਦਾ ਹੈ। ਕੋਈ ਕਹੇਗਾ, ਪ੍ਰਕਾਸ਼ ਤੂੰ ਕਰ, ਕੋਈ ਕਹੇਗਾ, ਸੁਖ-ਆਸਨ ਤੂੰ ਕਰ!

ਇਕ ਵਾਰੀ ਸਾਨੂੰ ਕਿਸੇ ਦੇ ਘਰ ਜਾਣ ਦਾ ਸਮਾਂ ਬਣਿਆ। ੧੦-੧੨ ਕਮਰੇ ਉਨ੍ਹਾਂ ਦੇ ਘਰ ਵਿਚ। ਗੁਰੂ ਸਾਹਿਬ ਦਾ ਕਮਰਾ ਬਣਾਇਆ ਤੇ ਹੈ ਮਕਾਨ ਵਿਚ ਪਰ ਤੀਸਰੀ ਮੰਜ਼ਿਲ 'ਤੇ, ਜਿੱਥੇ ਜਾਣ-ਆਉਣ ਵਿਚ ਵੀ ਆਲਸ ਆ ਜਾਵੇ। ਘਰ ਵਿਚ ਨੂੰਹਾਂ ਤੇ ਪੁੱਤਰ ਨੇ ਪਰ ਕਿਸੇ ਕੋਲ ਸਮਾਂ ਨਹੀਂ ਗੁਰੂ ਸਾਹਿਬ ਦੇ ਪ੍ਰਕਾਸ਼ ਲਈ। ਬਜ਼ੁਰਗ ਮਾਤਾ ਹੈ ਜੋ ਇੰਨੀਆਂ ਪੌੜੀਆਂ ਚੜ੍ਹ ਕੇ ਜਾ ਨਹੀਂ ਸਕਦੀ। ਗੁਰੂ ਸਾਹਿਬ ਦੇ ਪ੍ਰਕਾਸ਼ ਤੇ ਸੁਖ-ਆਸਨ ਲਈ ਪਾਠੀ ਸਿੰਘ ਰੱਖਿਆ ਹੈ। ਉਹੀ ਕਰ ਜਾਂਦੇ ਹਨ। ਆਪ ਸਿਰਫ ਸੰਗਰਾਂਦ ਨੂੰ ਮੱਥਾ ਟੇਕਣ ਜਾਂਦਾ ਹੈ ਪਰਵਾਰ, ਗੁਰੂ ਸਾਹਿਬ ਦੇ ਕਮਰੇ 'ਚ। ਇਸ ਨੂੰ ਕੀ ਕਹਾਂਗੇ? ਘਰ 'ਚ ਗੁਰੂ ਸਾਹਿਬ ਦਾ ਪ੍ਰਕਾਸ਼ ਤੇ ਹੈ ਪਰ ਅੰਦਰ ਗੁਰੂ ਲਈ ਕੋਈ ਚਾਅ ਨਹੀਂ।

ਬਾਬਾ ਨੰਦ ਸਿੰਘ ਜੀ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ-ਨਾਜ਼ਰ ਪ੍ਰਗਟ ਗੁਰਾਂ ਕੀ ਦੇਹ ਜਾਣ ਕੇ ਸੇਵਾ ਕੀਤੀ ਪ੍ਰਕਾਸ਼ ਦੀ, ਮਰਯਾਦਾ ਦੱਸਦੇ ਸਨ ਕਿ ਇਸ਼ਨਾਨ ਕਰ ਕੇ, ਸੁੱਚੇ ਕੱਪੜੇ ਪਾ ਕੇ, ਦਰਵਾਜ਼ੇ 'ਤੇ 'ਸਤਿਨਾਮ-ਵਾਹਿਗੁਰੂ' ਦਾ 'ਅਵਾਜਾ' ਦੇ ਕੇ ਅਦਬ ਨਾਲ ਕਮਰੇ 'ਚ ਦਾਖਲ ਹੋਣਾ ਹੈ, ਪਿਆਰ ਨਾਲ ਨਮਸਕਾਰ ਕਰ ਕੇ ਪਿਆਰ ਨਾਲ ਦਸਾਂ ਪਾਤਸ਼ਾਹੀਆਂ ਨੂੰ 'ਧੰਨ ਧੰਨ' ਕਹਿ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਧੰਨ' ਕਹਿ ਕੇ ਬੇਨਤੀ ਕਰਨੀ ਹੈ, ਕਿਰਪਾ ਕਰ ਕੇ ਗਰੀਬਾਂ ਨੂੰ ਦਰਸ਼ਨ ਦਿਓ! ਪ੍ਰਕਾਸ਼ ਕਰਦਿਆਂ ਪਹਿਲੀ ਪਉੜੀ ਪੜ੍ਹਨੀ ਹੈ। ਹੁਣ ਆਪੇ ਹੀ ਤੋਲ ਲਵੋ ਕਿ ਉਹ ਪਰਵਾਰ ਜਿਨ੍ਹਾਂ ਦੇ ਘਰ 'ਚ ਪ੍ਰਕਾਸ਼ ਕਿਵੇਂ ਹੋ ਰਿਹਾ ਹੈ ਤੇ ਇਕ ਕੋਈ ਇਸ ਤਰ੍ਹਾਂ ਰੋਜ਼ ਪਿਆਰ ਤੇ ਚੜ੍ਹਦੀ ਕਲਾ ਨਾਲ ਕਰੇ ਪ੍ਰਕਾਸ਼, ਕਿੰਨਾ ਅੰਤਰ ਹੈ?

ਕਈਆਂ ਘਰਾਂ ਵਿਚ ਭੋਗ ਲੱਗਦਾ ਹੈ, 'ਥਾਲਾ' ਜਾਂਦਾ ਹੈ ਗੁਰੂ ਸਾਹਿਬ ਦੇ ਕਮਰੇ 'ਚ। ਕਈਆਂ ਘਰਾਂ 'ਚ ਜਿੱਥੇ ਨਹੀਂ ਪ੍ਰੇਮ ਵਾਲੀ ਗੱਲ, ਉਥੇ ਮਸਲਾ

ਬਣ ਜਾਂਦਾ ਹੈ। ਇਕ ਕਹੇਗਾ, ਤੂੰ ਥਾਲੀ ਨੂੰ ਲਿਜਾ ਤੇ ਦੂਜਾ ਕਹੇਗਾ, ਤੂੰ ਲਿਜਾ। ਇਹ ਕੀ ਹੈ? ਭੋਗ ਲਵਾਉਣਾ ਇਕ ਬੋਝ ਬਣ ਗਿਆ ਹੈ।

ਦਾਸ ਦੇ ਆਪਣੇ ਘਰ ਵਿਚ, ਬੱਚਿਆਂ ਨੂੰ ਕਹਿੰਦੀ ਹੈ ਮਾਤਾ, ਤੂੰ ਲੈ ਜਾ ਥਾਲੀ। ਇਕ ਕਹੇਗਾ, ਦੂਜੇ ਨੂੰ ਕਹੋ, ਉਹ ਲੈ ਜਾਵੇ। ਅਸੀਂ ਸੁਣਦੇ ਹੋਈਦਾ ਹੈ ਕਮਰੇ 'ਚ ਬੈਠੇ, ਫੇਰ ਅਵਾਜ਼ ਦੇਈਦੀ ਹੈ ਕਿ ਅਸੀਂ ਲੈ ਜਾਂਦੇ ਹਾਂ, ਸਾਨੂੰ ਖੁਸ਼ੀ ਹੁੰਦੀ ਹੈ ਕਿ ਚੱਲੋ! ਥਾਲ ਲਾਵਾਂਗੇ ਭੋਗ ਦਾ ਸੁਰਤੀ ਨਾਲ ਹਾਜ਼ਰੀ ਲੱਗ ਜਾਵੇਗੀ, ਨਾਲੇ ਜੋਦੜੀ ਵੀ ਕਰ ਲਵਾਂਗੇ! ਬਾਬਾ ਜੀ ਨਾਲ ਕੋਈ ਦਿਲ ਦੀ ਗੱਲ ਵੀ ਕਰ ਲਵਾਂਗੇ! ਇਕ ਹੈ ਬੋਝ ਨਾਲ, ਇਕ ਹੈ ਖੁਸ਼ੀ ਨਾਲ।

ਜਿਨ੍ਹਾਂ ਘਰਾਂ 'ਚ ਗੁਰੂ ਸਾਹਿਬ ਦਾ ਕਮਰਾ ਹੈ, ਯਤਨ ਕਰੋ, ਤਿੰਨ ਵੇਲੇ 'ਥਾਲਾ' ਭੇਜਿਆ ਕਰੋ, ਬਾਹਰ ਬੈਠ ਕੇ ਜਪੁਜੀ ਸਾਹਿਬ ਜੀ ਦਾ ਪਾਠ ਕਰੋ, ਦਰਵਾਜ਼ੇ ਦੇ ਬਾਹਰ ਬੈਠ ਕੇ, ਜ਼ਮੀਨ 'ਤੇ ਸੇਵਕ ਬਣ ਕੇ ਬੈਠ ਕੇ ਕਰੋ, ਭਾਵਨਾ ਬਣਾਓ ਕਿ ਅੰਦਰ ਮਾਲਕ ਪ੍ਰਸ਼ਾਦਾ ਛਕ ਰਿਹਾ ਹੈ, ਥਾਲ ਲਿਆਉਣਾ ਹੈ, ਹੱਥ ਧੁਆਉਣੇ ਹਨ! ਦਾਸ ਤੇ ਜਿਹੜੇ ਜਲ ਨਾਲ ਹੱਥ ਧੁਆਈਦੇ ਹਨ, ਉਹ ਜ਼ਰੂਰ ਛਕ ਲਈਦਾ ਹੈ। ਪਤਾ ਨਹੀਂ ਉਸੇ ਨਾਲ ਹੀ ਤੁਰੀ ਜਾਈਦਾ ਹੈ।

ਕਈ ਕੱਟੜ ਲੋਕ ਇਥੋਂ ਤਕ ਕਹਿ ਦੇਂਦੇ ਹਨ ਕਿ ਭੋਗ ਲਵਾਉਣ ਦੀ ਕੀ ਲੋੜ ਹੈ? ਪਰ ਕਿਧਰੇ ਪੜ੍ਹੋ ਇਤਿਹਾਸ, ਜਿਨ੍ਹਾਂ ਨੇ ਪ੍ਰੇਮ, ਭਾਵਨਾ ਤੇ ਸ਼ਰਧਾ ਨਾਲ ਭੋਗ ਲਵਾਇਆ, ਉਨ੍ਹਾਂ ਨੂੰ ਭੋਗ ਲਵਾਉਣ ਦੇ ਸਦਕੇ ਹੀ ਪ੍ਰਾਪਤੀ ਹੋ ਗਈ, ਪ੍ਰਤੱਖ ਦਰਸ਼ਨ ਹੋ ਗਏ। ਗੁਰਬਾਣੀ ਕਹਿੰਦੀ ਹੈ:

ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥

(ਅੰਗ ੧੨੬੬)

ਬਾਬਾ ਨੰਦ ਸਿੰਘ ਜੀ ਤੇ ਸੰਤ ਜਵੰਦ ਸਿੰਘ ਜੀ ਗੁਰਦੁਆਰਾ ਸਾਰਾਗੜ੍ਹੀ ਵਿਖੇ ਤਪੱਸਿਆ ਕਰਦੇ ਸਨ। ਇਕ ਦਿਨ ਫੁਰਨਾ ਬਣਿਆ ਕਿ ਅਸੀਂ ਰੋਜ਼ ਗੁਰੂ ਸਾਹਿਬ ਅੱਗੇ ਪਰਸ਼ਾਦਾ ਰੱਖਦੇ ਹਾਂ, ਛਕਦੇ ਤੇ ਹੈ ਨਹੀਂ! ਸਾਡਾ ਚਿੱਤ ਕਰਦਾ ਹੈ ਕਿ ਗੁਰੂ ਨਾਨਕ ਸਾਹਿਬ ਪ੍ਰਤੱਖ ਦਰਸ਼ਨ ਦੇ ਕੇ ਪ੍ਰਸ਼ਾਦਾ ਛਕਣ। ਐਸੀ ਭਾਵਨਾ ਬਣਾਈ ਕਿ ਸਤਿਗੁਰੂ! ਜੇ ਤੁਸੀਂ ਪ੍ਰਤੱਖ ਹੋ ਕੇ ਛਕੋਗੇ ਤਾਂ ਹੀ ਅਸੀਂ ਛਕਾਂਗੇ, ਨਹੀਂ ਤੇ ਭੁੱਖੇ ਹੀ ਬੈਠੇ ਹਾਂ। ਹੁਣ ਰੋਜ਼ ਪ੍ਰਸ਼ਾਦੇ ਦਾ ਥਾਲ

ਬਦਲਦੇ ਹਨ ਪਰ ਕੋਈ ਛਕਦਾ ਨਹੀਂ। ਇਨ੍ਹਾਂ ਨੇ ਵੀ ਆਪਣੇ ਮਨ ਨੂੰ ਪੱਕਾ ਰੱਖਿਆ। ਇਕ ਦਿਨ ਭਗਤੀ ਥਾਇਂ ਪਈ। ਗੁਰੂ ਗ੍ਰੰਥ ਸਾਹਿਬ 'ਚੋਂ ਪ੍ਰਤੱਖ ਗੁਰੂ ਨਾਨਕ ਹਾਜ਼ਰ ਹੋਏ।

ਜੇ ਭਗਤ ਧੰਨੇ ਦੀ ਗੱਲ ਲੈ ਲਈਏ, ਧੰਨੇ ਨੂੰ ਬ੍ਰਾਹਮਣ ਨੇ ਇਕ ਪੱਥਰ ਲਪੇਟ ਕੇ ਦਿੱਤਾ ਸੀ। ਪਾਠ ਪੂਜਾ ਤੇ ਆਉਂਦੀ ਨਹੀਂ ਸੀ ਪਰ ਅੰਦਰ ਚਾਅ ਸੀ ਕਿ ਇਹ ਠਾਕੁਰ ਹੈ, ਮੈਂ ਵੀ ਠਾਕੁਰ ਨੂੰ ਬ੍ਰਾਹਮਣ ਦੀ ਤਰ੍ਹਾਂ ਭੋਗ ਲਵਾਉਣੈਂ। ਉਸ ਨੇ ਬੜੇ ਚਾਅ ਨਾਲ ਲੱਸੀ ਰਿੜਕੀ, ਰੋਟੀਆਂ ਪਕਾਈਆਂ, ਮੱਖਣ ਕੱਢਿਆ, ਕੌਲੀ 'ਚ ਪਾ ਕੇ ਰੱਖਿਆ, ਠਾਕੁਰ ਅੱਗੇ ਰੱਖ ਕੇ ਅਰਦਾਸ ਕਰੇ, ਭੋਗ ਲਾਵੋ! ਕੀ ਜਾਣਦਾ ਸੀ, ਇਹ ਤੇ ਪੱਥਰ ਦਾ ਟੁਕੜਾ ਹੈ, ਭੋਗ ਕਿਵੇਂ ਲਾਵੇਗਾ? ਜ਼ਿਦ 'ਚ ਆ ਗਿਆ। ਪਿਆਰ ਵਾਲੀ ਜ਼ਿਦ। ਕਹਿੰਦਾ, ਮੈਂ ਵੀ ਤੈਨੂੰ ਛਕਾਏ ਬਗੈਰ ਨਹੀਂ ਛਕਣਾ! ਤਿੰਨੇ ਟਾਈਮ ਤਾਜ਼ਾ ਪਰਸ਼ਾਦਾ ਤਿਆਰ ਕਰ ਕੇ ਪੱਥਰ ਅੱਗੇ ਰੱਖਣਾ ਤੇ ਚੁੱਕ ਲੈਣਾ। ੭ ਦਿਨ ਇਸੇ ਤਰ੍ਹਾਂ ਹੀ ਲੰਘ ਗਏ। ਅਖੀਰ ਉਸ ਦੇ ਭੋਲੇਪਣ 'ਤੇ ਠਾਕੁਰ ਰੀਝ ਪਏ ਤੇ ਪਰਸ਼ਾਦਾ ਛਕਿਆ।

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸੀ ਕਿ ਧੰਨੇ ਦੇ ਪੱਥਰ ਵਿੱਚੋਂ ਰੱਬ ਨਹੀਂ ਸੀ ਪ੍ਰਗਟ ਹੋਇਆ ਬਲਕਿ ਧੰਨੇ ਦੀ ਭਾਵਨਾ 'ਚੋਂ ਰੱਬ ਪ੍ਰਗਟ ਹੋਇਆ ਸੀ। ਧੰਨੇ ਨੇ ਆਪਣੀ ਸ਼ਰਧਾ ਤੇ ਭਾਵਨਾ ਨਾਲ ਪੱਥਰ 'ਚੋਂ ਰੱਬ ਨੂੰ ਪ੍ਰਗਟ ਕਰ ਲਿਆ ਤੇ ਅਸੀਂ ਗੁਰੂ ਗ੍ਰੰਥ ਸਾਹਿਬ, ਪ੍ਰਤੱਖ ਗੁਰਾਂ ਕੀ ਦੇਹ ਤੇ ਜੇ ਭਾਵਨਾ ਰੱਖਾਂਗੇ ਤੇ ਕੀ ਸਾਨੂੰ ਦਰਸ਼ਨ ਨਹੀਂ ਹੋਣਗੇ? ਲੋੜ ਹੈ ਪ੍ਰਤੀਤ ਦੀ, ਸ਼ਰਧਾ ਦੀ, ਪ੍ਰੇਮ ਦੀ, ਭਾਵਨਾ ਦੀ, ਉਤਸ਼ਾਹ ਦੀ, ਚਾਅ ਦੀ, ਉਸ ਦੇ ਦਰਸ਼ਨਾਂ ਦੀ ਤਾਂਘ ਦੀ। ਬਾਬਾ ਨੰਦ ਸਿੰਘ ਜੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚੋਂ ਪ੍ਰਤੱਖ ਗੁਰੂ ਨਾਨਕ ਸਾਹਿਬ ਦੇ ਹਾਜ਼ਰ-ਨਾਜ਼ਰ ਦਰਸ਼ਨ ਕਰ ਕੇ ਭੋਗ ਲਵਾਂਦੇ ਸਨ।

ਅਖਬਾਰ 'ਚ ਇਕ ਵਾਰੀ ਇੰਟਰਵਿਊ ਆਈ ਸੀ ਇਕ ਫਕੀਰ ਦੀ ਜਿਹੜਾ ਗੁਰੂ ਨਾਨਕ ਸਾਹਿਬ ਦੇ ਅਸਥਾਨ 'ਤੇ ਪਾਕਿਸਤਾਨ 'ਚ ਸੇਵਾ ਕਰਦਾ ਹੈ। ਪਹਿਲਾਂ ਉਹ ਫਕੀਰ ਪਹਿਲਵਾਨ ਸੀ। ਉਸ ਦਾ ਨੇਮ ਸ਼ੀ ਮਹੀਨੇ ਬਾਅਦ ਉਸ ਗੁਰਦੁਆਰੇ ਜਾਣਾ ਤੇ ਉਥੇ ਸੇਵਾ ਕਰਨੀ। ਸ਼ਾਦੀ ਉਸ ਨੇ ਕਰਾਈ ਨਹੀਂ ਸੀ। ਵੰਡ ਤੋਂ ਬਾਅਦ ਉਸ ਨੇ ਉਸੇ ਅਸਥਾਨ ਦੀ ਪੱਕੀ ਸੇਵਾ ਸੰਭਾਲ ਲਈ।

ਅਖਬਾਰ ਵਾਲੇ ਨੇ ਇੰਟਰਵਿਊ 'ਚ ਪੁੱਛਿਆ, ਤੂੰ ਜੋ ਇਥੇ ਇੰਨੇ ਸਮੇਂ ਤੋਂ ਸੇਵਾ-ਸੰਭਾਲ ਕਰਦਾ ਹੈਂ, ਕੀ ਤੈਨੂੰ ਕਦੀ ਗੁਰੂ ਨਾਨਕ ਨੇ ਪ੍ਰਤੱਖ ਦਰਸ਼ਨ ਵੀ ਦਿੱਤੇ ਹਨ? ਉਸ ਨੇ ਕਿਹਾ, ਰਮਜ਼ ਦੀਆਂ ਗੱਲਾਂ ਦੱਸੀਆਂ ਨਹੀਂ ਜਾਂਦੀਆਂ। ਪਰ ਉਹ ਅਖਬਾਰ ਵਾਲਾ ਖਹਿੜੇ ਪੈ ਗਿਆ ਕਿ ਤੇਰੇ ਜਵਾਬ ਦੇਣ ਨਾਲ ਕਈਆਂ ਦਾ ਪਾਰ-ਉਤਾਰਾ ਹੋ ਸਕਦਾ ਹੈ। ਉਸ ਫਕੀਰ ਨੇ ਉਸ ਦੀ ਬਹੁਤ ਜ਼ਿਦ ਕਰਨ ਤੇ ਦੱਸਿਆ ਕਿ ਮੈਂ ਰੋਜ਼ ਸ਼ਾਮ ਨੂੰ ਪਰਸ਼ਾਦੇ ਦਾ ਥਾਲਾ ਤਿਆਰ ਕਰਦਾ ਹਾਂ, ਉੱਤੇ ਕੱਪੜਾ ਪਾ ਕੇ, ਏਸ ਗੁਰਦੁਆਰੇ ਦੀ ਹਜ਼ੂਰੀ 'ਚ ਰੱਖ ਕੇ ਅਰਦਾਸ ਕਰਦਾ ਹਾਂ ਕਿ ਪਰਸ਼ਾਦਾ ਛਕੋ। ਜੇ ਸੱਚ ਦੱਸਾਂ, ਤੇ ਪਹਿਲਾਂ ਗੁਰੂ ਨਾਨਕ ਸਾਹਿਬ ਪਰਸ਼ਾਦਾ ਛਕਦੇ ਹਨ ਤੇ ਮੈਂ ਬਾਅਦ ਵਿਚ ਪਰਸ਼ਾਦਾ ਛਕਦਾ ਹਾਂ।

ਗੱਲ ਤੇ ਸਾਰੀ ਪ੍ਰੇਮ ਦੀ ਹੈ, ਅੰਦਰਲੇ ਚਾਅ ਦੀ ਹੈ। ਨਾਮਦੇਵ ਦੇ ਅੰਦਰ ਕਿੰਨਾ ਕੁ ਚਾਅ ਹੋਵੇਗਾ! ਕੋਈ ਬਹੁਤਾ ਅਮੀਰ ਵੀ ਨਹੀਂ ਸੀ, ਪਰ ਥੋੜ੍ਹੇ-ਥੋੜ੍ਹੇ ਪੈਸੇ ਜੋੜ ਕੇ ਭਗਵਾਨ ਨੂੰ ਭੋਗ ਲਵਾਉਣ ਲਈ ਸੋਨੇ ਦੀ ਕਟੋਰੀ ਬਣਵਾਈ ਹੋਈ ਸੀ। ਗੁਰਬਾਣੀ ਕਹਿੰਦੀ ਹੈ:

ਸੁੋਇਨ ਕਟੋਰੀ ਅੰਮ੍ਰਿਤ ਭਰੀ ॥
ਲੈ ਨਾਮੈ ਹਰਿ ਆਗੈ ਧਰੀ ॥੨॥

(ਅੰਗ ੧੧੬੩)

ਇਹਦੇ ਵਿਚ ਦਸਵੰਧ ਵੀ ਆਵੇਗਾ। ਇਕ ਹੈ, ਖੁਸ਼ੀ ਨਾਲ ਗੁਰੂ ਦੀ ਅਮਾਨਤ ਸਮਝ ਕੇ ਦਸਵੰਧ ਦੇਣਾ ਪਰ ਜਿਨ੍ਹਾਂ ਦੇ ਅੰਦਰੋਂ ਅਜੇ ਮਾਇਆ ਦੀ ਪਕੜ ਨਹੀਂ ਨਿਕਲੀ, ਉਨ੍ਹਾਂ ਨੂੰ ਦਸਵੰਧ ਦੇਣਾ ਵੀ ਔਖਾ ਲੱਗਦਾ ਹੈ, ਕੰਨੀ ਕਤਰਾਉਂਦੇ ਹਨ। ਬਾਬਾ ਜੀ ਦੇ ਬਚਨ ਹਨ, ਜਦੋਂ ਅਸੀਂ ਇਕ ਹਿੱਸਾ ਗੁਰੂ-ਘਰ ਲਈ ਕੱਢਦੇ ਹਾਂ ਤਾਂ ਘਰ 'ਚ ਪਏ ਬਾਕੀ ੯ ਹਿੱਸੇ ਵੀ ਅੰਮ੍ਰਿਤ ਬਣ ਜਾਣਗੇ, ਘਰ ਦੇ ਰਾਸ਼ਨ ਵਿਚ ਵੀ ਬਰਕਤ ਪੈ ਜਾਵੇਗੀ, ਨਹੀਂ ਤੇ ਫਿਰ ਮਾਇਆ ਤਾਂ ਅਗਨੀ ਹੈ! ਜਿਹੜੇ ਦਸਵੰਧ ਨਹੀਂ ਕੱਢਦੇ, ਉਨ੍ਹਾਂ ਦਾ ਪੈਸਾ ਹਸਪਤਾਲਾਂ 'ਚ ਲੱਗਦਾ ਹੈ ਜਾਂ ਕਚਿਹਰੀਆਂ ਵਿਚ। ਦਸਵੰਧ ਦੇਣ ਨਾਲ ਕਦੀ ਕੁਝ ਘਟਦਾ ਨਹੀਂ ਸਗੋਂ ਬਾਕੀ ਦੀ ਮਾਇਆ ਸਫਲੀ ਹੋ ਜਾਂਦੀ ਹੈ।

ਕਈਆਂ ਦੇ ਅੰਦਰ ਇੰਨਾ ਪ੍ਰੇਮ ਹੈ ਗੁਰੂ ਦੇ ਚਰਨਾਂ ਨਾਲ ਕਿ ਉਹ ਦਸਵੰਧ ਤੋਂ ਵੀ ਉੱਪਰ ਉਠੇ ਹਨ। ਉਨ੍ਹਾਂ ਨੇ ਇਕ ਗੋਲਕ ਲਾ ਕੇ ਗੁਰੂ ਨੂੰ ਆਪਣੀ ਫਰਮ ਵਿਚ ਭਾਈਵਾਲ ਬਣਾਇਆ ਹੈ, ਬਾਬਾ ਦੀਪ ਸਿੰਘ ਜੀ ਨੂੰ ਆਪਣੀ ਫਰਮ 'ਚ ਭਾਈਵਾਲ ਬਣਾਇਆ ਹੈ, ਇੰਨਾ ਮੋਹ ਨੂੰ ਤਿਆਗਿਆ ਹੈ!

ਕਈ ਵਾਰੀ ਘਰ 'ਚ ਕੋਈ ਮੁਸ਼ਕਲ ਆ ਜਾਵੇ ਤੇ ਬੰਦਾ ਸੁੱਖ ਲੈਂਦਾ ਹੈ ਕਿ ਮੈਂ ਫਲਾਣੀ ਸੇਵਾ ਦੇਵਾਂਗਾ, ੫੦੦੦ ਦੀ ਜਾਂ ੧੦,੦੦੦ ਦੀ ਸੇਵਾ ਦੇਵਾਂਗਾ। ਜਦੋਂ ਮੁਸ਼ਕਲ ਚਲੀ ਗਈ, ਮਾਇਆ ਹੁੰਦੀ ਵੀ ਹੈ ਪਰ ਦੇਣ ਲੱਗਿਆਂ ਇਕ ਬੋਝ ਬਣਿਆ ਹੁੰਦਾ ਹੈ, ਕਈ ਟਾਲ-ਮਟੋਲ ਵੀ ਕਰਦਾ ਹੈ। ਜੇ ਦੇਂਦਾ ਵੀ ਹੈ ਤੇ ਬੜਾ ਮਨ ਨੂੰ ਪੱਕਾ ਕਰ ਕੇ ਕਿ ਨਿਕਲ ਰਹੇ ਹਨ, ਮੇਰੇ ਪੱਲਿਓਂ ਜਾ ਰਹੇ ਹਨ!

ਇਕ ਸ਼ਹਿਰ ਦੀ ਗੱਲ ਹੈ। ੧੯-੨੦ ਸਾਲ ਦੀ, ਕਿਸੇ ਦੀ ਜਾਇਦਾਦ ਸੀ, ਮਕਾਨ; ਉਹ ਮਕਾਨ ਵਿਕਦਾ ਨਹੀਂ ਸੀ। ਦਾਸ ਨੂੰ ਕਹਿੰਦੇ, ਤੁਸੀਂ ਅਰਦਾਸ ਕਰੋ, ਅਸੀਂ ਇੱਕ ਲੱਖ ਭਲਾਈ ਕੇਂਦਰ ਵਾਸਤੇ ਦੇਵਾਂਗੇ। ਦਾਸ ਨੇ ਕਿਹਾ, ਖਾਲੀ ਅਰਦਾਸ ਨੇ ਕੰਮ ਨਹੀਂ ਕਰਨਾ। ਸੁਖਮਨੀ ਸਾਹਿਬ ਜੀ ਦੇ ੧੩ ਪਾਠ ਹਫਤੇ ਦੇ ਨੇਮ ਦਿੱਤਾ ਤੇ ਕਿਹਾ, ਦੇਗ ਕਰਾ ਕੇ ਅਰਦਾਸ ਕਰੀ ਜਾਵੋ। ਮਹੀਨੇ ੨ ਮਹੀਨੇ ਵਿਚ ਗਾਹਕ ਲੱਗ ਗਿਆ, ਸੁਖਮਨੀ ਸਾਹਿਬ ਦੀ ਬਾਣੀ ਨੇ ਕਿਰਪਾ ਕਰ ਦਿੱਤੀ, ਸਮਾਂ ਨੇੜੇ ਲੈ ਆਂਦਾ, ਬੰਧਨ ਕੱਟ ਦਿੱਤੇ, ਉਹ ਮਕਾਨ ਵਿਕ ਗਿਆ।

ਹੁਣ ਉਹ ਜਿਹੜੀ ਸੁੱਖਣਾ ਸੁੱਖੀ ਸੀ ਉਹ ਬੋਝ ਬਣ ਗਈ। **Payment** ਮਿਲ ਗਈ ਪਰ ਹੁਣ ਹਿੰਮਤ ਨਹੀਂ ਪੈ ਰਹੀ। ਅਸੀਂ ਵੀ ਕੋਈ ਜ਼ੋਰ ਵਾਲਾ ਨੇਮ ਨਹੀਂ ਰੱਖਿਆ ਹੋਇਆ। ਕੋਈ ਸੇਵਾ ਦਾ ਕੰਮ ਹੋਵੇ, ਸੰਗਤ ਵਿਚ ਵੀ ਸਿਰਫ ਇਸ਼ਾਰਾ ਹੀ ਦੇਈਦਾ ਹੈ, **Door to Door** ਵਾਲਾ ਕੋਈ ਕੰਮ ਨਹੀਂ। (ਪਿਉ ਬੜਾ ਵੱਡਾ ਹੈ, ਸਾਰੀ ਜ਼ਿੰਦਗੀ ਜਿਸ ਨੇ ਮਾਇਆ ਨੂੰ ਹੱਥ ਨਹੀਂ ਲਾਇਆ, ਉਹ ਭੁੱਖਾ ਰਹਿਣ ਦੇਵੇਗਾ? ਰਹਿਣ ਦੇਂਦਾ ਵੀ ਨਹੀਂ। ਬੜੀ ਕਿਰਪਾ ਹੈ)। ਉਸ ਨੂੰ ਇਕ ਦਿਨ ਕਿਸੇ ਸੱਜਣ ਨੇ ਕਿਹਾ ਕਿ ਤੂੰ ਸੁੱਖਿਆ ਸੀ

ਕਿ ਮੈਂ ਦੇਵਾਂਗਾ। ਜਿਸ ਨੂੰ ਦੇਣਾ ਬੋਝ ਲੱਗੇ, ਉਹ ਸਕੀਮਾਂ ਵੀ ਸੋਚਦਾ ਹੈ। ਕਹਿਣ ਲੱਗਾ, ਨਹੀਂ! ਮੈਂ ਸੋਚਿਆ ਸੀ ਕਿ ਜੇ ਮਹੀਨੇ 'ਚ ਹੋ ਜਾਵੇਗਾ ਕੰਮ, ਫੇਰ ਦੇਵਾਂਗਾ! ਦੋ ਹਫਤੇ ਉੱਤੇ ਹੋ ਗਏ ਹਨ, ਇਸ ਲਈ ਨਹੀਂ ਬਣਦਾ। ਮਹੀਨੇ ਬਾਅਦ ਕਿਸੇ ਹੋਰ ਨੇ ਕਹਿ ਦਿੱਤਾ, ਉਸ ਨੂੰ ਵੀ ਇਹੀ ਗੱਲ ਕਹੀ। ਫਿਰ ਕਹਿੰਦਾ, ਅੱਜ ਸੋਚਦਾ ਹਾਂ, ਕੋਈ ਕਮੇਟੀ ਪਾ ਲੈਂਦਾ ਹਾਂ, ਉਹ ਥੋੜ੍ਹੀ-ਥੋੜ੍ਹੀ ਭਰਾਂਗਾ। ਫੇਰ ਕਮੇਟੀ ਚੁੱਕ ਕੇ ਦੇ ਦੇਵਾਂਗਾ। ਇਹ ਕੀ ਹੈ? 'ਬੋਝ'। ਇਕ ਹੈ, ਉਸੇ ਚੀਜ਼ ਨੂੰ ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕਰਨਾ, ਇਕ ਹੈ ਬੋਝ ਪਾ ਕੇ ਕਰਨਾ। ਹੁੰਦਾ ਅੰਦਰ ਮੋਹ ਹੈ, ਤੇ ਮੋਹ ਜਨਮ-ਮਰਨ 'ਚ ਪਾਉਂਦਾ ਹੈ।

'ਵਸਤੀ ਰਾਮ' ਅੰਮ੍ਰਿਤਸਰ ਦਾ ਇਕ ਸ਼ਾਹੂਕਾਰ, ਕੋਈ ਮੁਸ਼ਕਲ ਆ ਗਈ। ਸੁੱਖਣਾ ਸੁੱਖੀ, ਫਲਾਣੇ ਮਹਾਂ ਪੁਰਸ਼ਾਂ ਦੇ ਡੇਰੇ ੧੦੦ ਚਾਦਰਾਂ ਚੜ੍ਹਾਵਾਂਗਾ। ਰੋਜ਼ ਅਰਦਾਸ ਕਰੇ, ਅਰਦਾਸ ਪ੍ਰਵਾਨ ਹੋ ਗਈ, ਕੰਮ ਬਣ ਗਿਆ। ਹੁਣ ਚਾਹੀਦਾ ਤੇ ਇਹ ਸੀ ਕਿ ਕੰਮ ਹੋ ਗਿਆ, ਉਸ ਸਮੇਂ ਜਾਂਦਾ ਡੇਰੇ 'ਤੇ ਅਤੇ ਚਾਦਰਾਂ ਚੜ੍ਹਾ ਕੇ ਆਪਣੀ ਸੁੱਖਣਾ ਲਾਹੁੰਦਾ। ਪਰ ਸੋਚਦਾ ਹੈ, ਕੱਲ੍ਹ ਚੜ੍ਹਾਵਾਂਗਾ। ਅਗਲੇ ਦਿਨ ਫੇਰ ਕਹਿੰਦਾ ਹੈ, ਅੱਛਾ ਕੱਲ੍ਹ ਸਹੀ! ਅਗਲੇ ਦਿਨ ਫਿਰ ਕੋਈ ਹੋਰ ਕੰਮ ਪੈ ਗਿਆ। ਕਹਿੰਦਾ, ਅਗਲੇ ਹਫਤੇ।

ਕਰਦਿਆਂ-ਕਰਦਿਆਂ ਕਈ ਮਹੀਨੇ ਬੀਤ ਗਏ। ਇਕ ਦਿਨ ਮਨ 'ਚ ਖਿਆਲ ਆਇਆ ਕਿ ੧੦੦ ਚਾਦਰਾਂ ਸੁੱਖੀਆਂ ਸਨ ਪਰ ਹੁਣ ਤੇ ਬੜਾ ਟਾਈਮ ਹੋ ਗਿਆ ਹੈ, ਮਹਿੰਗੀਆਂ ਹੋ ਗਈਆਂ ਹੋਣਗੀਆਂ, ੫੦ ਹੀ ਚੜ੍ਹਾ ਦੇਂਦਾ ਹਾਂ, ਹੁਣ ਰੇਟ ਵਧ ਗਏ ਹੋਣੇ ਹਨ! ੫੦ ਦੇ ਖਿਆਲ ਨੂੰ ਲੈ ਕੇ ਬਜ਼ਾਰ ਤੁਰ ਪਿਆ। ਰਸਤੇ 'ਚ ਸੋਚਦਾ ਹੈ ਕਿ ਮਹਾਂ ਪੁਰਸ਼ਾਂ ਨੂੰ ਕੋਈ ਚਾਦਰਾਂ ਦਾ ਘਾਟਾ ਹੈ? ੨੦ ਹੀ ਚੜ੍ਹਾ ਦੇਂਦਾ ਹਾਂ! ਜਦੋਂ ਖਰੀਦਣ ਗਿਆ, ਰੇਟ ਵੇਖੇ, ਮਨ 'ਚ ਸੋਚਦਾ ਹੈ ਕਿ ੧੦ ਹੀ ਚੜ੍ਹਾ ਦੇਂਦਾ ਹਾਂ, ੧੦ ਹੀ ਬੜੀਆਂ ਹਨ, ਇਕ Zero ਹੀ ਲੱਥਣੀ ਹੈ! ਕੰਮ ਬਣ ਗਿਆ ਤੇ ਸੁੱਖਣਾ ਕਿੱਥੇ ਦੀ ਕਿੱਥੇ ਚਲੀ ਗਈ? ਜਦੋਂ ਮਹਾਂ ਪੁਰਸ਼ਾਂ ਨੇ ਤਾੜਨਾ ਕੀਤੀ; ਕਹਿੰਦੇ, ਸਾਨੂੰ ਤ੍ਰਿਸ਼ਨਾ ਨਹੀਂ, ਪਰ ਤੂੰ ਜੇ ਇਹੋ ਜਿਹੀਆਂ ਚਲਾਕੀਆਂ ਨਿਰੰਕਾਰ ਨਾਲ ਵਰਤੇਂਗਾ ਤੇ ਇਹੋ ਜਿਹੀ ਪਿੱਠ ਲੱਗੇਗੀ ਕਿ ਜ਼ਿੰਦਗੀ ਭਰ ਨਹੀਂ ਉਠ ਸਕੇਂਗਾ!

ਮੱਖਣ ਸ਼ਾਹ ਨੇ ਵੀ ਸੁੱਖਣਾ ਸੁੱਖੀ ਸੀ। ਸਮੁੰਦਰ 'ਚ ਤੂਫਾਨ ਆ ਗਿਆ ਤੇ ਅਰਦਾਸ ਕੀਤੀ, ਸਤਿਗੁਰੂ! ਕਿਰਪਾ ਕਰੋ, ਮੇਰੀ ਬੇੜੀ ਡੁੱਬ ਰਹੀ ਹੈ, ਮੈਂ ਆਪ ਜੀ ਦੀ ਬਖਸ਼ੀ ਹੋਈ ਕਮਾਈ ਵਿੱਚੋਂ ੫੦੦ ਮੋਹਰਾਂ ਭੇਟਾ ਕਰਾਂਗਾ। ਅਰਦਾਸ ਪਹੁੰਚੀ ਗੁਰੂ ਸਾਹਿਬ ਦੇ ਚਰਨਾਂ 'ਚ ਅਤੇ ਗੁਰੂ ਸਾਹਿਬ ਨੇ ਮੋਢਾ ਦੇ ਕੇ ਬੇੜਾ ਬੰਨੇ ਲਾਇਆ। ਜਦੋਂ ਤੂਫਾਨ ਥੰਮ ਗਿਆ ਤੇ ਉਹ ਸਭ ਤੋਂ ਪਹਿਲਾਂ ਗੁਰੂ-ਘਰ ਦੀ ਸੁੱਖਣਾ ਲਾਹੁਣ ਵਾਸਤੇ ਦਿੱਲੀ ਪਹੁੰਚਿਆ। ਉਥੇ ਜਾ ਕੇ ਪਤਾ ਲੱਗਾ ਕਿ 'ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, 'ਬਾਬਾ ਵੱਸੇ ਬਕਾਲੇ' ਕਹਿ ਕੇ ਜੋਤੀ ਜੋਤ ਸਮਾ ਗਏ ਹਨ।

ਮੱਖਣ ਸ਼ਾਹ ਬਾਬੇ ਬਕਾਲੇ ਪਹੁੰਚਿਆ। ਪਰ ਉਥੇ ਜਾ ਕੇ ੨੨ ਮੰਜੀਦਾਰ ਵੇਖ ਕੇ ਬਹੁਤ ਪ੍ਰੇਸ਼ਾਨ ਹੋਇਆ ਤੇ ਅਰਦਾਸ ਕੀਤੀ ਕਿ ਗੁਰੂ-ਘਰ ਦੀ ਅਮਾਨਤ ਆਪ ਹੀ ਮੰਗ ਕੇ ਲੈ ਲੈਣਾ। ਸਾਰਿਆਂ ਅੱਗੇ ੨-੨ ਮੋਹਰਾਂ ਰੱਖ ਕੇ ਮੱਥਾ ਟੇਕੀ ਜਾਵੇ ਤੇ ਸੋਚਿਆ ਕਿ ਜਿਹੜਾ ਅਸਲੀ ਗੁਰੂ ਹੋਵੇਗਾ, ਉਹ ਆਪੇ ਹੀ ਮੰਗ ਲਵੇਗਾ। ਪਰ ਗੱਲ ਨਾ ਬਣੀ। ਜੇ ਬੋਝ ਸਮਝ ਕੇ ਦੇ ਰਿਹਾ ਹੁੰਦਾ ਤੇ ਸੋਚਦਾ ਕਿ ਚੱਲਦੇ ਹਾਂ, ਨਹੀਂ ਤੇ ਨਾ ਸਹੀ! ਪਰ ਉਸ ਨੇ ਐਸਾ ਨਹੀਂ ਕੀਤਾ। ਅਜੇ ਵੀ ਸੱਚੇ ਗੁਰੂ ਦੀ ਤਲਾਸ਼ ਜਾਰੀ ਰੱਖੀ।

ਕਿਸੇ ਨੇ ਗੁਰੂ ਤੇਗ ਬਹਾਦਰ ਜੀ ਦੀ ਦੱਸ ਪਾਈ। ਆਖਿਆ, ਕੋਈ ਤੇਗਾ-ਤੇਗਾ ਹੈ, ਭੋਰੇ 'ਚ ਹੀ ਬੈਠਾ ਤਪ ਕਰਦਾ ਰਹਿੰਦਾ ਹੈ। ਜਾ ਕੇ ਦਰਸ਼ਨ ਕੀਤੇ। ਮਨ ਨੂੰ ਥੋੜ੍ਹੀ ਠੰਢ ਜਿਹੀ ਪਈ ਤੇ ੫ ਮੋਹਰਾਂ ਰੱਖ ਕੇ ਮੱਥਾ ਟੇਕਿਆ ਤੇ ਸੋਚਿਆ, ਸੱਚੇ ਹੋਣਗੇ ਤੇ ਬਾਕੀ ਮੰਗ ਲੈਣਗੇ! ਗੁਰੂ ਸਾਹਿਬ ਨੇ ਆਪਣਾ ਜ਼ਖਮੀ ਮੋਢਾ ਦਿਖਾ ਕੇ ਕਿਹਾ, ਓਇ ਸੁੱਖਣਾ ੫੦੦ ਦੀ ਤੇ ਚੜ੍ਹਾ ੫ ਰਿਹਾ ਹੈਂ? ਖੁਸ਼ੀ ਦੀ ਹੱਦ ਨਾ ਰਹੀ। ਸੱਚੇ ਗੁਰੂ ਦੀ ਤਲਾਸ਼ ਹੀ ਤਾਂ ਕਰ ਰਿਹਾ ਸੀ, ਜਲਦੀ ਨਾਲ ੫੦੦ ਮੋਹਰਾਂ ਚਰਨਾਂ 'ਤੇ ਰੱਖ ਕੇ ਨਮਸਕਾਰ ਕੀਤੀ। ਛੋਟੇ ਲੈਵਲ ਤੋਂ ਬਾਅਦ ਵੱਡੇ ਲੈਵਲ ਤਕ, ਦਸਵੰਧ ਜਾਂ ਸੁੱਖਣਾ ਜੋ ਵੀ ਕਾਰਜ, ਇਕ ਹੈ ਬੋਝ ਥੱਲੇ ਕਰਨੇ, ਇਕ ਹੈ ਖੁਸ਼ੀ ਨਾਲ ਕਰਨੇ, ਸ਼ੁਕਰ ਹੈ, ਸ਼ੁਕਰ ਹੈ!

ਅੰਮ੍ਰਿਤਸਰ ਦੀ ਇਕ ਕਲੋਨੀ ਦੀ ਇਕ ਬੀਬੀ, ੬੦ ਕੁ ਸਾਲ ਦੀ ਉਮਰ। ਘਰਵਾਲੇ ਦੀ Death ਹੋ ਗਈ। ਸੋਨਾ ਬਹੁਤ ਸੀ ਓਹਦੇ ਕੋਲ। ਉਹ

ਬੀਬੀ ਬਾਬਾ ਦਰਸ਼ਨ ਸਿੰਘ ਜੀ (ਘਨੂਪੁਰ ਕਾਲੇ ਵਾਲੇ) ਮਹਾਂ ਪੁਰਸ਼ਾਂ ਕੋਲ ਗਈ। ਕਹਿੰਦੀ, ਦੋਵੇਂ ਪੁੱਤਰ ਮੈਨੂੰ ਪੁੱਛਦੇ ਨਹੀਂ। ਸੋਨਾ, ਮਾਇਆ ਬਹੁਤ ਹੈ ਮੇਰੇ ਕੋਲ। ਮਹਾਂ ਪੁਰਸ਼ ਕਹਿੰਦੇ, ਆਪਣੇ ਹੱਥੀਂ ਜਿੰਨਾ ਦਾਨ-ਪੁੰਨ ਕਰ ਸਕਦੀ ਹੈਂ, ਕਰ ਜਾ, ਉਹ ਦਰਗਾਹੀ ਗੱਲ ਹੈ। ਪੁੱਤਰਾਂ ਕੋਲ ਵੀ ਮਾਇਆ ਬਹੁਤ ਸੀ। ਉਹ ਬੀਬੀ ਵੱਡੇ ਬਾਬਾ ਜੀ ਕੋਲ ਜਾ ਕੇ ਕਈ ਕੁਝ ਭੁਗਤਾ ਕੇ ਆਈ ਤੇ ਮਨ 'ਚ ਖੁਸ਼ ਕਿ ਜੋ ਕੁਝ ਕਰ ਰਹੀ ਹਾਂ, ਦਰਗਾਹ ਦੀ ਗੱਲ ਬਣ ਰਹੀ ਹੈ। ਭਾਵ ਗੁਰੂ-ਘਰ ਲਈ ਦਸਵੰਧ ਜਾਂ ਮਾਇਆ ਵੀ ਦੇਣੀ ਹੈ ਤੇ ਉਹ ਖੁਸ਼ੀ ਤੇ ਚੜ੍ਹਦੀ ਕਲਾ ਨਾਲ।

ਅਸੀਂ ਆਪਣੇ ਮਨਾਂ 'ਤੇ ਝਾਤੀ ਪਾਈਏ, ਸਾਨੂੰ ਤਾਂ ੪-੫ ਵਜੇ ਉਠਣਾ ਵੀ ਔਖਾ ਲੱਗਦਾ ਹੈ ਪਰ ਬਾਬਾ ਨੰਦ ਸਿੰਘ ਜੀ, ਰਾਤ ਸਵਾ ਬਾਰ੍ਹਾਂ ਵਜੇ ਕੇਸੀਂ-ਇਸ਼ਨਾਨ ਕਰਨਾ ਤੇ ਸਵੇਰੇ 7½ ਵਜੇ ਤਕ ਸਮਾਧੀ 'ਚ ਲੀਨ ਰਹਿਣਾ। ਫਿਰ ਘੰਟਾ ਸੈਰ ਕਰਨੀ ਤਾਂ ਵੀ ਸਿਮਰਨ ਜਾਰੀ। ਦੁਪਿਹਰ ਪਰਸ਼ਾਦੇ ਦਾ ਭੋਗ ਲਵਾਉਣਾ ੩ ਵਜੇ ਫਿਰ ਦੀਵਾਨ ਲੱਗਣੇ। ਸ਼ਾਮ ਨੂੰ ਕੀਰਤਨ, ਰਹਿਰਾਸ। ਰਾਤ ੧੦ ਵਜੇ ਇਕ ਸੁਰ ਦਾ ਕੀਰਤਨ ਸੁਣਨ ਦੀ ਹਾਜ਼ਰੀ, ਅਗਲੇ ਦਿਨ ਫਿਰ ਸਵਾ-ਬਾਰ੍ਹਾਂ ਇਸ਼ਨਾਨ ਕਰ ਲੈਣਾ। ਕੋਈ ਥਕਾਵਟ ਨਹੀਂ। ਚੜ੍ਹਦੀ ਕਲਾ।

ਮਾਤਾ ਕੌਲਾਂ ਜੀ ਦੇ ਗੁਰਦੁਆਰੇ, ਰੋਜ਼ ਸਵੇਰੇ ੪ ਵਜੇ ਦੁੱਧ ਨਾਲ ਇਸ਼ਨਾਨ ਦੀ ਸੇਵਾ ਹੁੰਦੀ ਹੈ ਤੇ ਰੋਜ਼ ਹਾਜ਼ਰੀ ਲੱਗਦੀ ਹੈ। ਉਹ ਹਾਜ਼ਰੀ ਹਫਤੇ ਬਾਅਦ ਦਾਸ ਕੋਲ ਪਹੁੰਚਦੀ ਹੈ। ਕੌਣ ਆਇਆ ਤੇ ਕਿਸ ਦਾ ਨਾਗਾ? ਇਸ ਤਰ੍ਹਾਂ ਦਾਸ ਨੂੰ ਹਾਜ਼ਰੀ ਦਾ ਕਾਗਜ਼ ਮਿਲਿਆ। ਇਕ ਸਰੀਰ ਰੋਜ਼ ਸੇਵਾ 'ਚ ਆਉਣ ਵਾਲਾ, ਉਸ ਦੇ ੭ ਦਿਨ ਵਿਚ ੩ ਨਾਗੇ ਸਨ। ਮੈਂ ਕਾਰਨ ਪੁੱਛਿਆ ਤੇ ਕਹਿਣ ਲੱਗਾ, ਜਾਗ ਨਹੀਂ ਖੁੱਲ੍ਹੀ, ਸਰੀਰਕ ਥਕਾਵਟ ਕਰਕੇ ਉਠਿਆ ਨਹੀਂ ਗਿਆ। ਦਾਸ ਨੇ ਬੇਨਤੀ ਕੀਤੀ, ਸਰੀਰ ਥੱਕਦਾ ਹੈ, ਆਤਮਾ ਨਹੀਂ ਥੱਕਦੀ। ਜੇ ਅੰਦਰ ਚੜ੍ਹਦੀ ਕਲਾ ਹੋਵੇ, ਫੇਰ ਸਰੀਰ ਦੀ ਥਕਾਵਟ ਕੋਈ ਮਾਇਨੇ ਨਹੀਂ ਰੱਖਦੀ, ਚੜ੍ਹਦੀ ਕਲਾ ਦੇ ਸਦਕੇ ਬੰਦਾ ਤੁਰਿਆ ਰਹਿੰਦਾ ਹੈ।

'ਭਾਈ ਨੰਦ ਲਾਲ' ਬਜ਼ੁਰਗ ਉਮਰ ਪਰ ਸਭ ਤੋਂ ਪਹਿਲੇ ਅੰਮ੍ਰਿਤ ਵੇਲੇ

ਦੇ ਦੀਵਾਨ 'ਚ ਪਹੁੰਚਣਾ। ਕਲਗੀਆਂ ਵਾਲੇ ਪਾਤਸ਼ਾਹ ਨੇ ਇਕ ਵਾਰੀ ਕਿਹਾ ਵੀ 'ਨੰਦ ਲਾਲ! ਤੇਰੀ ਵਡੇਰੀ ਉਮਰ ਹੈ, ਇੰਨੀ ਸਵੇਰੇ ਪਹਾੜੀ 'ਤੇ ਚੜ੍ਹ ਕੇ ਨਾ ਆਇਆ ਕਰ। ਜੇ ਹੁੰਦਾ ਕਿਧਰੇ ਬੋਝ ਸਮਝ ਕੇ ਹਾਜ਼ਰੀ ਭਰਨ ਵਾਲਾ ਤੇ ਕਹਿੰਦਾ, ਚਲੋ ਸ਼ੁਕਰ ਹੈ, ਗੁਰੂ ਸਾਹਿਬ ਨੇ ਤੇ ਕਹਿ ਹੀ ਦਿੱਤਾ ਹੈ, ਨਹੀਂ ਜਾਂਦੇ! ਪਰ ਨੰਦ ਲਾਲ ਅੰਮ੍ਰਿਤ ਵੇਲੇ ਦੇ ਦੀਵਾਨ ਦੀ ਹਾਜ਼ਰੀ ਕੋਈ ਬੋਝ ਸਮਝ ਕੇ ਨਹੀਂ ਸੀ ਭਰਦੇ, ਖੁਸ਼ੀ ਤੇ ਚੜ੍ਹਦੀ ਕਲਾ ਨਾਲ ਜਾਂਦੇ ਸਨ। ਕੀ ਜਵਾਬ ਦਿੱਤਾ? ਕਹਿੰਦੇ, ਸਤਿਗੁਰੂ! ਮੈਂ ਤੇ ਤੇਰੇ ਦਰ ਦਾ ਉਹ ਛੋਟਾ ਜਿਹਾ ਬੱਚਾ ਹਾਂ ਜਿਹੜਾ ਤੇਰੇ ਦਰ 'ਤੇ ਆ ਕੇ ਰਿੜ੍ਹਨ ਦੀ ਜਾਚ ਸਿੱਖ ਰਿਹਾ ਹੈ, ਮੇਰੀ ਬੇਨਤੀ ਹੈ, ਕਿਰਪਾ ਕਰ ਕੇ ਏਸ ਬੱਚੇ ਨੂੰ ਰਿੜ੍ਹਨ ਦੀ ਜਾਚ ਸਿੱਖਣ ਤੋਂ ਨਾ ਰੋਕੋ।

ਤੁਹਾਡੀ ਜ਼ਿੰਦਗੀ 'ਚ ਕੋਈ ਵੀ ਗੁਰੂ-ਘਰ ਦੀ ਕਿਸੇ ਕਿਸਮ ਦੀ ਵੀ ਸੇਵਾ ਹੋਵੇ, ਜੇ ਚਾਹੁੰਦੇ ਹੋ ਸੇਵਾ ਥਾਇਂ ਪਾਉਣੀ, ਸੱਚੇ ਪਰਮਾਤਮਾ ਦੀ ਖੁਸ਼ੀ ਲੈਣੀ ਤਾਂ ਗੁਰੂ-ਘਰ ਦੀ ਨੀਵੀਂ ਤੋਂ ਨੀਵੀਂ ਸੇਵਾ ਵੀ ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕਰਿਓ! ਕਈ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਤੁਹਾਨੂੰ ਕਿਸੇ ਨੇ ਕਿਹਾ ਹੈ ਕਿ ਭਈ ਤੇਰੇ 'ਤੇ Ban ਹੈ, ਤੂੰ ਅੱਧਾ ਘੰਟਾ, ਇਕ ਹਫਤੇ ਲਈ ਜੋੜੇ ਝਾੜਨੇ ਹਨ, ਜੇ ਬੱਧਾ-ਚੱਟੀ ਨਾਲ ਕਰ ਰਹੇ ਹੋ ਕਿ ਮੈਨੂੰ ਸੇਵਾ ਕਰਨੀ ਪੈਣੀ ਹੈ, ਮੇਰੇ 'ਤੇ Ban ਲੱਗਾ ਹੈ ਤੇ ਗੱਲ ਕੁਝ ਹੋਰ ਹੈ ਪਰ ਕਿਧਰੇ ਇਹੀ ਸੇਵਾ ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕਰੋ ਤੇ ਅਨੰਦ ਕੁਝ ਹੋਰ ਹੈ। ਸੇਵਾ ਦਾ ਐਸਾ ਸੁਆਦ ਆ ਜਾਵੇਗਾ ਕਿ ਅਨੁਭਵੀ ਰਸ ਦੀ ਪ੍ਰਾਪਤੀ ਹੋ ਜਾਵੇਗੀ। ਇੰਨੇ ਚਾਅ ਤੇ ਪ੍ਰੇਮ ਭਾਵਨਾ ਨਾਲ ਸੇਵਾ ਕਰੋ ਕਿ ਪਤਾ ਨਹੀਂ ਇਹ ਬਾਬਾ ਬੁੱਢਾ ਜੀ ਦਾ ਜੋੜਾ ਹੈ ਕਿ ਮਾਤਾ ਕੌਲਾਂ ਜੀ ਦਾ!

ਬਾਬਾ ਨੰਦ ਸਿੰਘ ਜੀ, ਇੰਨੀ ਕਮਾਈ, ਬੰਦਗੀ, ਜਪ-ਤਪ ਦੇ ਹੁੰਦਿਆਂ ਆਪਣੇ ਗਲੇ ਦੇ ਹਜ਼ੂਰੀਏ ਨਾਲ ਦਰਸ਼ਨ ਕਰਨ ਆਈ ਸੰਗਤ ਦੇ ਜੋੜਿਆਂ ਦੀ ਸੇਵਾ ਆਪ ਕਰਨੀ ਕਿਉਂਕਿ ਅੰਦਰ ਇਕ ਚਾਅ ਸੀ। ਮਨ 'ਚ ਇਹੀ ਹੁੰਦਾ ਸੀ ਕਿ ਮੇਰੀ ਵੀ ਕਿਸੇ ਪੱਜ ਗੁਰੂ-ਘਰ 'ਚ ਹਾਜ਼ਰੀ ਲੱਗ ਜਾਵੇ! ਮੈਨੂੰ ਵੀ ਕਿਸੇ ਤਰੀਕੇ ਸੇਵਾ ਮਿਲ ਜਾਵੇ! ਬਾਬਾ ਕੁੰਦਨ ਸਿੰਘ ਜੀ, ਸਾਰੇ ਸੇਵਕਾਂ ਨੇ ਜਦੋਂ ਅਰਾਮ 'ਚ ਹੋਣਾ, ਮੂੰਹ 'ਤੇ ਕੱਪੜਾ ਲੈਣਾ ਕਿ ਮੈਨੂੰ ਕੋਈ ਵੇਖੇ ਨਾ! (ਕਿਉਂਕਿ

ਮਹਾਂ ਪੁਰਸ਼ਾਂ ਨੂੰ ਕੋਈ ਸੇਵਾ ਨਹੀਂ ਕਰਨ ਦੇਂਦਾ।) ਕਮਰੇ ਦੀ ਚਿਟਕਣੀ ਖੋਲ੍ਹਣੀ ਤੇ ਬਾਹਰ ਜਾ ਕੇ ਜਿੰਨੇ ਬਰਤਨ ਜੂਠੇ ਇਧਰ-ਉਧਰ ਪਏ ਹੋਣੇ, ਇਕੱਠੇ ਕਰਨੇ ਤੇ ਲਿਜਾ ਕੇ ਮਾਂਜਣੇ ਤੇ ਬੜੇ ਪ੍ਰਸੰਨ ਹੋਣਾ, ਝਾੜੂ ਦੇਣਾ, ਚਰਨਾਂ ਦੀ ਧੂੜੀ ਇਕੱਠੀ ਕਰ ਕੇ ਮੱਥੇ 'ਤੇ ਲਾਉਣੀ।

ਭਾਈ ਨੰਦ ਲਾਲ, ਇੰਨੇ ਵੱਡੇ ਵਿਦਵਾਨ, ਕਿੰਨੀਆਂ ਕਲਾ ਦੇ ਮਾਹਰ! ਲੇਖਕ! ਪਰ ਕਲਗੀਆਂ ਵਾਲੇ ਦੇ ਦਰ 'ਤੇ ਜੂਠੇ ਭਾਂਡੇ ਮਾਂਜਣੇ, ਝਾੜੂ ਦੇਣਾ। ਵੱਡੇ-ਵੱਡੇ ਰਾਜਿਆਂ ਕੋਲੋਂ ਸੁਨੇਹੇ ਆਉਣੇ ਕਿ ਕਿੱਥੇ ਜੀਵਨ ਗੁਆਨਾ ਪਿਆ ਹੈਂ? ਸਾਡੇ ਕੋਲ ਆ ਜਾ, ਚਿੱਟੀਆਂ ਗੱਦੀਆਂ 'ਤੇ ਬੈਠ ਇੱਜ਼ਤ ਨਾਲ, ਇੰਨੀ ਤਨਖਾਹ ਲੈ ਲੈ ਪਰ ਨੰਦ ਲਾਲ ਨੇ ਕੀ ਜਵਾਬ ਦੇਣਾ? ਆਖਣਾ, ਜੋ ਸੁਆਦ ਤੇ ਅਨੰਦ ਕਲਗੀਆਂ ਵਾਲੇ ਦੇ ਦਰ 'ਤੇ ਜੂਠੇ ਭਾਂਡੇ ਮਾਂਜਣ ਵਿਚ ਹੈ ਉਹ ਚਿੱਟੀਆਂ ਚਾਦਰਾਂ 'ਤੇ ਕਿੱਥੇ!

ਜੇ ਗੁਰੂ ਅਰਜਨ ਸਾਹਿਬ ਜੀ ਦੇ ਜੀਵਨ ਵੱਲ ਝਾਤੀ ਮਾਰੀਏ ਤਾਂ ਉਨ੍ਹਾਂ ਨੇ ਵੀ ਸੰਗਤਾਂ ਦੀ ਸੇਵਾ ਹੱਥੀਂ ਕਰ ਕੇ ਸਾਡੇ ਲਈ ਪੂਰਨੇ ਪਾਏ ਹਨ। ਜਦੋਂ ਕਾਬਲ ਤੋਂ ਸੰਗਤ ਆ ਰਹੀ ਸੀ ਦਰਸ਼ਨਾਂ ਨੂੰ ਪਿੱਪਲੀ ਸਾਹਿਬ ਰੁਕੀ ਤੇ ਭੇਸ ਬਦਲਾ ਕੇ ਆਪ ਗਏ ਸੰਗਤਾਂ ਦੀ ਸੇਵਾ ਕੀਤੀ, ਉਨ੍ਹਾਂ ਨੂੰ ਲੰਗਰ ਛਕਾਇਆ, ਬਜ਼ੁਰਗਾਂ ਦੀਆਂ ਲੱਤਾਂ ਵੀ ਘੁੱਟੀਆਂ। ਇਥੋਂ ਤਕ ਕਿ ਜਦੋਂ ਸੰਗਤ ਹਰਿਮੰਦਰ ਸਾਹਿਬ ਅੰਦਰ ਦਰਸ਼ਨਾਂ ਨੂੰ ਗਈ ਤੇ ਸੰਗਤ ਦੇ ਜੋੜਿਆਂ ਦੀ ਰਾਖੀ ਬੈਠ ਕੇ ਸੰਗਤਾਂ ਦੇ ਜੋੜੇ ਵੀ ਆਪਣੇ ਗਲ ਦੇ ਪਰਨੇ ਨਾਲ ਸਾਫ ਕੀਤੇ। ਜਦੋਂ ਬਾਬਾ ਬੁੱਢਾ ਜੀ ਨੂੰ ਪਤਾ ਲੱਗਾ ਤੇ ਉਨ੍ਹਾਂ ਜਾ ਕੇ ਕਿਹਾ, ਇਹ ਤੁਸੀਂ ਕੀ ਕਰ ਰਹੇ ਹੋ? ਸੰਗਤਾਂ ਦੇ ਜੋੜੇ ਸਾਫ ਕਰ ਰਹੇ ਹੋ? ਤੇ ਬੜੇ ਪਿਆਰ 'ਚ ਭਿੱਜ ਕੇ ਆਖਿਆ, ਬਾਬਾ ਜੀ! ਸਾਨੂੰ ਤਾਂ ਇੰਝ ਲੱਗ ਰਿਹਾ ਹੈ, ਇਹ ਗੁਰੂ ਨਾਨਕ ਸਾਹਿਬ ਦਾ ਜੋੜਾ ਹੈ!

ਕੋਈ ਅਖੰਡ ਪਾਠ ਕਰਵਾਏ, ਇਕ ਹੈ, ਬਸ ਮਾਇਆ ਦੇ ਦਿੱਤੀ ਤੇ ਗੱਲ ਖਤਮ ਤੇ ਇਕ ਹੈ, ਕੋਈ ਅਖੰਡ ਪਾਠ ਕਰਾਏ ਤੇ ਅੰਦਰ ਚਾਅ ਹੋਵੇ ਕਿ ਮੈਂ ਬੈਠ ਕੇ ਕੋਲ ਪਾਠ ਸੁਣਾਂ, ਹੱਥੀਂ ਚੌਰ ਸਾਹਿਬ ਕਰਾਂ! ਜੇ ਘਰ ਕਰਵਾਏ ਤੇ ਚਾਅ ਨਾਲ ਪਾਠੀ ਸਿੰਘਾਂ ਦੀ ਸੇਵਾ ਕਰੇ। ਬੜਾ ਫਰਕ ਹੈ ਦੋਹਾਂ ਵਿਚ। ਕੋਈ

ਕੀਰਤਨ ਕਰਾਵੇ, ਘਰ ਸੰਗਤ ਆਈ ਹੋਵੇ, ਕੋਈ ਰੰਗ 'ਚ ਸੇਵਾ ਕਰੇ, ਘਰ ਆਈ ਸੰਗਤ ਦੇ ਸ਼ਰਧਾ ਨਾਲ ਜੋੜੇ ਝਾੜੇ ਤੇ ਕੋਈ ਬਹਿਰਿਆਂ ਕੋਲੋਂ ਸੇਵਾ ਕਰਵਾਏ, ਬਹੁਤ ਫਰਕ ਹੈ। ਇਕ ਗੱਲ ਪੱਕੀ ਜਾਣ ਲੈਣਾ ਕਿ ਜਿਨ੍ਹਾਂ ਨੇ ਅੰਦਰ ਚਾਅ ਹੋਵੇ, ਉਨ੍ਹਾਂ ਦੇ ਮਾੜੇ ਕਰਮ ਵੀ ਭਲੇ ਬਣ ਜਾਂਦੇ ਹਨ! ਸਿੱਖ ਜਿਹੜਾ ਰੰਗ 'ਚ ਰਹਿਣ ਵਾਲਾ ਹੋਵੇ, ਉਸ ਉੱਤੇ ਤਾਂ ਆਉਣ ਵਾਲੀਆਂ ਬਿਪਤਾਂ ਵੀ ਗੁਰੂ ਨਹੀਂ ਆਉਣ ਦੇਂਦਾ, ਸਿਰ 'ਤੇ ਹੱਥ ਰੱਖ ਕੇ ਟਾਲ ਦੇਂਦਾ ਹੈ।

ਅਨੰਦਪੁਰ ਤੋਂ ਕਲਗੀਧਰ ਦੇ ਸੰਗਤ ਦਰਸ਼ਨ ਕਰਨ ਆ ਰਹੀ ਸੀ। ਸੰਗਤ ਦੇ ਨਾਲ ਇਕ ੯ ਸਾਲ ਦਾ ਬੱਚਾ ਵੀ। ਓਸ ਬੱਚੇ ਨੇ ਅੰਦਰ ਸੰਗਤ ਦੀ ਸੇਵਾ 'ਚ ਇਕ ਨਸ਼ਾ ਸੀ, ਰੰਗ ਸੀ, ਲੁਤਫ ਸੀ, ਪਖੰਡ ਨਹੀਂ ਸੀ, ਅੰਦਰਲੀ ਸਾਂਝ ਸੀ ਤੇ ਜਿਹੜਾ ਪਖੰਡ ਤੋਂ ਰਹਿਤ ਹੋ ਜਾਵੇ ਉਦ੍ਹੇ ਵਰਗਾ ਪਿਆਰਾ ਸਿੱਖ ਕੋਈ ਨਹੀਂ। ਇੰਨੀ ਕੁ ਘੁੰਡੀ ਹੈ ਕਿ ਅੰਦਰੋਂ ਮਾਲਕ ਨਾਲ ਸਾਂਝ ਪੈ ਜਾਵੇ, ਐਸੀ ਸਾਂਝ ਕਿ ਉਸ ਦੀ ਸੰਗਤ ਦੀ, ਸੇਵਾ ਦਾ ਰੰਗ ਲੱਗ ਜਾਵੇ, ਐਹੋ ਜਿਹਾ ਸਿੱਖ ਦੇ ਤਾਂ ਕੋਈ ਪਿਛਲੇ ਕਰਮਾਂ ਅਨੁਸਾਰ ਮਾੜੇ ਲਿਖੇ ਵੀ ਹੋਣ ਕਰਮ ਉਹ ਵੀ ਭਲੇ ਬਣ ਜਾਂਦੇ ਹਨ, ਲੇਖ ਬਦਲ ਜਾਂਦੇ ਹਨ। ਜਦੋਂ ਮਸਤਕ ਲੱਗਦਾ ਹੈ ਗੁਰੂ-ਚਰਨਾਂ 'ਤੇ, ਤਾਂ ਗੁਰੂ ਇੰਞ ਰੰਗ 'ਚ, ਚੜ੍ਹਦੀ ਕਲਾ 'ਚ ਸੇਵਾ ਕਰਨ ਵਾਲਿਆਂ ਦੇ ਲੇਖ ਵੀ ਬਦਲਦਾ ਹੈ। ਉਸ ਬੱਚੇ ਦੇ ਅੰਦਰ ਇੰਨਾ ਰੰਗ ਸੀ ਸੇਵਾ ਦਾ, ਕਿ ਇਕ-ਇਕ ਥਾਲ ਚੁੱਕ ਕੇ ਬਰਤਨ ਮਾਂਜਣੇ, ਸੰਗਤ ਦੀਆਂ ਲੱਤਾਂ ਘੁੱਟਣੀਆਂ।

ਸੰਗਤ ਨੇ ਜਿੱਧਰ ਵੀ ਥਕਾਵਟ ਨਾਲ ਲੰਮੇ ਪੈ ਜਾਣਾ ਪਰ ਉਸ ਬੱਚੇ ਨੇ ਸਾਰਾ ਕਾਰਜ ਸੰਭਾਲ ਕੇ ਫੇਰ ਅਰਾਮ ਕਰਨਾ। ਜਦੋਂ ਪਹੁੰਚੇ ਕਲਗੀਧਰ ਦੇ ਦਰਸ਼ਨ ਕੀਤੇ, ਸੰਗਤਾਂ ਬੈਠੀਆਂ ਸਨ, ਉਹ ਬੈਠਾ ਵੀ ਦਰਸ਼ਨ ਕਰ ਰਿਹਾ ਹੈ। ਨਾਲ ਪਿਆਰ ਨਾਲ ਕੀਰਤਨ ਸ੍ਰਵਣ ਕਰ ਰਿਹਾ ਹੈ। ਗੁਰੂ ਸਾਹਿਬ ਨੇ ਉਂਗਲ ਦਾ ਇਸ਼ਾਰਾ ਕਰ ਕੇ ਬੱਚੇ ਨੂੰ ਕੋਲ ਬੁਲਾ ਲਿਆ। ਪਹਿਲੇ ਪ੍ਰਸੰਨਤਾ 'ਚ ਰਹੇ ਫਿਰ ਚਿਹਰਾ ਉਦਾਸ ਹੋ ਗਿਆ। ਫਿਰ ਕਲਮ, ਸਿਆਹੀ ਮੰਗਵਾ ਕੇ ਬੱਚੇ ਦੇ ਮੱਥੇ 'ਤੇ ਨਿੱਕੀ ਜਿਹੀ ਬਿੰਦੀ ਬਣਾ ਦਿੱਤੀ। ਸਾਰੇ ਬੜੇ ਹੈਰਾਨ ਹੋਏ। ਸੰਗਤਾਂ ਦੇ ਪੁੱਛਣ 'ਤੇ ਸਤਿਗੁਰੂ ਨੇ ਰਮਜ਼ ਦੀ ਗੱਲ ਦੱਸੀ ਕਿ ਇਸ ਬੱਚੇ ਦੀ

ਉਮਰ ਵਿਧਾਤਾ ਨੇ ਕੁੱਲ ੯ ਸਾਲ ਲਿਖੀ ਸੀ। ਅੱਜ ਇਸ ਦਾ ਆਖਰੀ ਦਿਨ ਸੀ। ਅੱਜ ਜਿਸ ਸੰਗਤ ਨਾਲ ਇਹ ਦਰਸ਼ਨ ਕਰਨ ਆਇਆ ਹੈ, ਸੰਗਤ ਨੇ ਇਸ ਦੀ ਲਾਸ਼ ਲੈ ਕੇ ਜਾਣਾ ਸੀ। ਅਸੀਂ ਇਸ ਬੱਚੇ ਦੀ ਸੇਵਾ 'ਚ ਪ੍ਰੇਮ ਵੇਖ ਕੇ, ਰੰਗ ਵੇਖ ਕੇ, ਬਿੰਦੀ ਲਾ ਕੇ ਇਸ ਦੀ ਉਮਰ ੯ ਤੋਂ ੯੦ ਸਾਲ ਕਰ ਦਿੱਤੀ ਹੈ।

ਜੇ ਗੁਰੂ ਸਾਹਿਬ ਜੀ ਦੇ ਜੀਵਨ ਵੱਲ ਝਾਤੀ ਮਾਰੀਏ ਤੇ ਉਨ੍ਹਾਂ ਦਾ ਜੀਵਨ ਪੜ੍ਹ ਕੇ ਵੀ ਸਾਨੂੰ ਚੜ੍ਹਦੀ ਕਲਾ ਤੇ, ਸੇਵਾ ਕਰਨ ਦਾ ਉਤਸ਼ਾਹ ਮਿਲਦਾ ਹੈ। ਉਨ੍ਹਾਂ ਦੇ ਵਾਹੇ ਪੂਰਨੇ, ਸਾਡੇ ਲਈ ਸੱਚੀ ਸਿੱਖੀ ਦੇ ਪੂਰਨੇ ਹਨ। ਉਨ੍ਹਾਂ ਦੀਆਂ ਕਰਨੀਆਂ ਸਾਡੇ ਲਈ ਚਾਨਣ- ਮੁਨਾਰਾ ਹਨ। ਉਨ੍ਹਾਂ ਦੇ ਪਾਏ ਨਮੂਨੇ ਜਗਤ ਲਈ ਰੋਸ਼ਨੀ-ਘਰ ਹਨ। ਇਸ ਭਵ-ਸਾਗਰ ਵਿਚ ਉਨ੍ਹਾਂ ਨੇ ਸਾਡੇ ਲਈ ਚਾਨਣ-ਮੁਨਾਰਾ ਖੜ੍ਹਾ ਕੀਤਾ ਹੈ। ਉਨ੍ਹਾਂ ਨੇ ਸਾਨੂੰ ਸਿਖਾਏ ਸਿੱਖੀ ਦੇ ਪੂਰਨੇ, ਚੜ੍ਹਦੀ ਕਲਾ ਤੇ ਪ੍ਰੇਮ ਵਿਚ ਭਿੱਜ ਕੇ ਘਾਲਣਾਂ ਘਾਲੀਆਂ, ਸਾਨੂੰ ਕੁਝ ਸਿਖਾਉਣ ਦੇ ਲਈ।

ਗੁਰੂ ਅੰਗਦ ਸਾਹਿਬ ਭਲੇ ਘਰ ਜੰਮੇ, ਭਲੇ ਘਰ ਵਿਆਹੇ, ਸੁਖਾਂ 'ਚ ਪਲੇ, ਹੁਕਮ ਹਾਸਲ ਵਾਲੇ ਪਰ ਗੁਰੂ ਨਾਨਕ ਦੀ ਹਰ ਤਰ੍ਹਾਂ ਦੀ ਸੇਵਾ ਨੂੰ ਚੜ੍ਹਦੀ ਕਲਾ ਤੇ ਖੁਸ਼ੀ ਨਾਲ ਕੀਤਾ, ਹਰ ਹੁਕਮ ਨੂੰ ਚੜ੍ਹਦੀ ਕਲਾ ਨਾਲ ਮੰਨਿਆ। ਲੂਣ ਦੀ ਪੰਡ ਆਪਣੇ ਸਿਰ 'ਤੇ ਚੁੱਕੀ, ਨਦੀਨੇ ਦੀਆਂ, ਚਿੱਕੜ ਭਰੀਆਂ ਪੰਡਾਂ ਢੋਈਆਂ, ਚਰਨ ਪਖਾ ਲਏ ਹਨ, ਕੱਪੜੇ ਧੋਂਦੇ ਹਨ, ਕਿਹੜੀ ਸੇਵਾ ਜਿਹੜੀ ਉਨ੍ਹਾਂ ਨੇ ਆਪਣੇ ਗੁਰੂ ਦੀ ਨਹੀਂ ਕੀਤੀ? ਪਰ ਇਹ ਸਾਰੀ ਸੇਵਾ ਕੋਈ ਢੱਠੀ ਹੋਈ ਸੁਰਤ ਨਹੀਂ ਕਰਾ ਸਕਦੀ। ਭਾਈ ਲਹਿਣਾ ਜੀ, ਗੁਰੂ ਨਾਨਕ ਦੀ ਹਰ ਸੇਵਾ, ਰਸ ਵਿਚ, ਉਤਸ਼ਾਹ ਵਿਚ, ਚੜ੍ਹਦੀ ਕਲਾ ਵਿਚ ਕਰਦੇ ਸਨ। ਨਾਸਮਝ ਲੋਕ ਕਹਿੰਦੇ ਸੀ। ਪਤਾ ਨਹੀਂ ਲਹਿਣੇ ਦਾ ਮਗਜ਼ ਫਿਰ ਗਿਆ ਹੈ ਜੋ ਪ੍ਰਮੇਸ਼ਰ ਦੇ ਦਿੱਤੇ ਸੁਖ-ਅਰਾਮ ਤਿਆਗ ਕੇ, ਆਪਣਿਆਂ ਨੂੰ ਤਿਆਗ ਕੇ, ਘਰ-ਬਾਰ ਛੱਡ ਕੇ, ਨਾਨਕ-ਤਪੇ ਦੇ ਦੁਆਰੇ ਜਾ ਕੇ ਸੇਵਾ ਕਰ ਰਿਹਾ ਹੈ!

ਇਕ ਦਿਨ ਗੁਰੂ ਨਾਨਕ ਸਾਹਿਬ ਜੀ ਦੇ ਪ੍ਰੇਮ 'ਚ ਬੱਧੇ, ਲੂਣ ਦੀ ਪੰਡ ਸਿਰ 'ਤੇ ਚੁੱਕ ਕੇ ਪੈਦਲ ਹੀ ਤੁਰ ਪਏ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ। ਜਦੋਂ

ਕਰਤਾਰਪੁਰ ਪਹੁੰਚੇ, ਘਰ ਗਏ ਤੇ ਪਤਾ ਲੱਗਾ ਗੁਰੂ ਸਾਹਿਬ ਖੇਤਾਂ 'ਚ ਗਏ ਨੇ, ਤੇ ਖੇਤਾਂ ਵੱਲ ਤੁਰ ਪਏ। ਉਥੇ ਜਾ ਕੇ ਦੇਖਿਆ, ਸੇਵਕ ਖੇਤਾਂ ਵਿਚ ਧਾਨਾਂ ਦਾ ਨਦੀਨਾਂ ਕਰ ਰਹੇ ਸੀ ਭਾਵ ਘਾਹ-ਬੂਟੀ ਕੱਢ ਰਹੇ ਸੀ। ਉਹ ਵੀ ਨਦੀਨਾ ਕੱਢਣ ਲੱਗ ਪਏ। ਜਦੋਂ ਗੁਰੂ ਸਾਹਿਬ ਨੇ ਕਿਹਾ, ਇਹ ਛੱਡ ਦੇ ਤੇ ਜੋ ਘਾਹ-ਬੂਟੀ ਇਕੱਠੀ ਹੋ ਗਈ ਹੈ ਉਹ ਬੰਨ੍ਹ ਕੇ ਘਰ ਨੂੰ ਲਿਜਾ ਕੇ ਡੰਗਰਾਂ ਨੂੰ ਪਾ ਦੇ। ਲਹਿਣਾ ਜੀ ਨੇ ਤਰੁੰਤ ਹੀ ਆਗਿਆ ਪਾ ਕੇ ਪਾਣੀ ਦੇ ਭਿੱਜੇ, ਚਿੱਕੜ ਚੋਂਦੇ ਪਏ ਘਾਹ ਦੀ ਪੰਡ ਬੰਨ੍ਹੀ ਤੇ ਸਿਰ 'ਤੇ ਚੁੱਕ ਕੇ ਘਰ ਨੂੰ ਤੁਰ ਪਏ। ਚਿੱਕੜ ਦੀਆਂ ਛਿੱਟਾਂ ਨਾਲ ਰੇਸ਼ਮੀ ਜਾਮਾ ਥਾਂ-ਥਾਂ ਤੋਂ ਭਿੱਜ ਗਿਆ ਪਰ ਅੰਦਰ ਚੜ੍ਹਦੀ ਕਲਾ ਸੀ ਕਿ ਆਖਿਆ, ਇਹ ਚਿੱਕੜ ਨਹੀਂ, ਕੇਸਰ ਹੈ!

ਇਕ ਵਾਰੀ ਸਿਆਲ ਦੀ ਰੁੱਤ, ਝੜੀ ਲੱਗੀ ਹੋਈ ਸੀ, ਅੱਧੀ ਕੁ ਰਾਤ ਬੀਤੀ ਤੇ ਗੁਰੂ ਜੀ ਦੇ ਡੇਰੇ ਦੀ ਇਕ ਕੰਧ ਦਾ ਕੁਝ ਹਿੱਸਾ ਡਿੱਗ ਪਿਆ। ਗੁਰੂ ਸਾਹਿਬ ਨੇ ਕਿਹਾ ਕਿ ਕੰਧ ਹੁਣੇ ਹੀ ਉਸਾਰੀ ਜਾਵੇ। ਪੁੱਤਰ ਕਹਿੰਦੇ, ਅੱਧੀ ਰਾਤ ਦਾ ਵੇਲਾ ਹੈ, ਹੱਥ ਪੈਰ ਸੁੰਨ ਹੁੰਦੇ ਜਾਂਦੇ ਹਨ, ਸਵੇਰੇ ਮਜ਼ਦੂਰਾਂ ਕੋਲੋਂ ਬਣਵਾ ਦੇਵਾਂਗੇ। ਗੁਰੂ ਸਾਹਿਬ ਨੇ ਕਿਹਾ, ਗੁਰੂ ਦਾ ਕੰਮ ਸਿੱਖਾਂ ਨੂੰ ਹੀ ਕਰਨਾ ਚਾਹੀਦਾ ਹੈ ਪਰ ਕਿਸੇ ਦਾ ਹੀਆ ਨਾ ਪਿਆ ਪਰ ਗੁਰੂ ਅੰਗਦ ਸਾਹਿਬ ਝੱਟ ਉੱਠੇ ਤੇ ਖੁਸ਼ੀ-ਖੁਸ਼ੀ ਕੰਧ ਬਣਾਉਣ ਲੱਗ ਪਏ।

ਇਕ ਵਾਰੀ ਗੁਰੂ ਨਾਨਕ ਸਾਹਿਬ ਨੇ ਆਪਣੇ ਪੁੱਤਰਾਂ ਨੂੰ ਕਿਹਾ, ਸਾਡੇ ਮੈਲੇ ਬਸਤਰ ਧੋ ਲਿਆਓ, (ਇਥੇ ਇਕ ਗੱਲ ਯਾਦ ਰੱਖਣੀ ਕਿ ਗੁਰੂ ਨੂੰ ਲੋੜ ਨਹੀਂ ਕਿ ਸਿੱਖ ਮੇਰਾ ਹੁਕਮ ਮੰਨਣ ਤੇ ਮੈਂ ਹਾਕਮ ਬਣ ਜਾਂਦਾਂ!, ਗੁਰੂ ਨੂੰ ਮਾਨਸ ਵੱਸ ਕਰਨ ਦਾ ਚਾਅ ਨਹੀਂ, ਗੁਰੂ ਕਿਸੇ ਨੂੰ ਆਪਣਾ ਗੁਲਾਮ ਬਣਾਉਣ ਲਈ ਨਹੀਂ ਬਲਕਿ ਸਿੱਖਾਂ ਦੀ ਮੈਲ ਕੱਢਣ ਲਈ, ਹਉਂ ਕੱਢਣ ਲਈ, ਕਸਰਾਂ ਨੂੰ ਕੱਢਣ ਲਈ, ਸੋਨੇ ਨੂੰ ਸੁੱਚਾ ਸੋਨਾ, ਕੁੰਦਨ ਬਣਾਉਣ ਲਈ ਕੌਤਕ ਰਚਦਾ ਹੈ। ਗੁਰੂ ਨੂੰ ਕੋਈ ਗਰਜ਼ ਨਹੀਂ ਕਿ ਮੈਂ ਸੇਵਾਦਾਰ ਲੱਭਾਂ! ਗੁਰੂ ਤੇ ਮੁਕੰਮਲ ਹੈ, ਬੇਲੋੜਾ ਤੇ ਬੇਪਰਵਾਹ ਹੈ ਪਰ ਤਾਉ ਦੇ ਕੇ, ਕੌਤਕ ਰਚ ਕੇ ਮੈਲ ਕੱਢਦਾ ਹੈ।) ਪੁੱਤਰਾਂ ਨੇ ਕਿਹਾ, ਸਵੇਰੇ ਧੋਬੀ ਨੂੰ ਸੱਦ ਕੇ ਧੁਆ ਦੇਵਾਂਗੇ।

ਪਰ ਜਦੋਂ ਭਾਈ ਲਹਿਣਾ ਜੀ ਨੂੰ ਕਿਹਾ, ਭਾਈ ਲਹਿਣਾ ਜੀ ਸਿੱਖੀ 'ਚ

ਪੂਰੇ ਨਿਕਲੇ। ਹਉਮੈ ਰਹਿਤ ਨਿਕਲੇ, ਪ੍ਰੇਮ 'ਚ ਪੂਰੇ ਨਿਕਲੇ। ਉਸੇ ਸਮੇਂ ਉੱਠੇ ਜਾ ਕੇ ਕੱਪੜੇ ਧੋ ਲਿਆਏ। ਜਿਸ ਅੰਦਰ ਚੜ੍ਹਦੀ ਕਲਾ ਹੋਵੇ, ਉਹ ਤਾਂ ਨਾ ਰਾਤ ਦੇਖਦਾ ਹੈ ਤੇ ਨਾ ਦਿਨ। ਉਹ ਤਾਂ ਇਹੀ ਜਾਣਦਾ ਹੈ ਕਿ ਗੁਰੂ ਦਾ ਹੁਕਮ ਵਜਾਉਣਾ ਹੈ। ਗੁਰੂ ਨਾਨਕ ਸਾਹਿਬ ਨੇ ਜੋ ਵੀ ਮੁਖੋਂ ਬਚਨ ਕਹਿਣਾ, ਭਾਈ ਲਹਿਣਾ ਜੀ ਨੇ ਉਸੇ ਵੇਲੇ ਤਿਆਰ ਰਹਿਣਾ ਤੇ ਸੇਵਾ ਕਰਨੀ। ਜੇ ਕਿਹਾ, ਚਿੱਕੜ ਵਿੱਚੋਂ ਕੌਲਾ ਕੱਢ ਲਿਆਓ ਤੇ ਉਹ ਵੀ ਕੱਢਿਆ, ਆਪਣੇ ਸੁਹਣੇ, ਚਿੱਟੇ ਕੱਪੜਿਆਂ ਦੀ ਵੀ ਪਰਵਾਹ ਨਹੀਂ ਕੀਤੀ। ਕਹਿਣ ਤੋਂ ਭਾਵ ਕਿ ਹੋਰ ਗੁਰੂ ਨਾਨਕ ਸਾਹਿਬ ਜੀ ਨੇ ਜੋ ਵੀ ਸੇਵਾ ਬਖਸ਼ੀ ਤੇ ਚੜ੍ਹਦੀ ਕਲਾ ਨਾਲ ਕੀਤੀ ਜਿਸ ਸਦਕਾ ਗੱਦੀ ਦੇ ਮਾਲਕ ਬਣ ਗਏ।

ਜੇ ਗੁਰੂ ਅਮਰਦਾਸ ਜੀ ਦੀ ਸੇਵਾ ਵੱਲ ਵੇਖੀਏ, ੭੨ ਸਾਲ ਦੀ ਉਮਰ, ਬਜ਼ੁਰਗ ਅਵਸਥਾ, ਪਰ ਗੋਇੰਦਵਾਲ ਸਾਹਿਬ ਤੋਂ ਗਾਗਰ ਜਲ ਦੀ ਭਰ ਕੇ ਖਡੂਰ ਸਾਹਿਬ ਲਿਆਉਣੀ ਤੇ ਗੁਰੂ ਅੰਗਦ ਸਾਹਿਬ ਨੂੰ ਇਸ਼ਨਾਨ ਕਰਵਾਉਣਾ। ਅੱਧੀ ਰਾਤ, ਸਰਦੀ ਹੋਵੇ ਭਾਵੇਂ ਗਰਮੀ ਹੋਵੇ, ਨੰਗੇ ਪੈਰੀਂ ਜਾਣਾ, ਤੇ ਤੁਰਨਾ ਵੀ ਕਿਸ ਤਰ੍ਹਾਂ? ਪੁੱਠੇ ਪੈਰੀਂ ਕਿ ਗੁਰੂ ਵੱਲ ਪਿੱਠ ਨਾ ਹੋਵੇ! ਅੱਗੇ ਜਾ ਕੇ ਇਕ ਮੋੜ ਆਉਂਦਾ ਸੀ, ਜਿੱਥੇ ਸਿੱਧਾ ਹੋਣਾ ਪੈਂਦਾ ਸੀ। ਉਥੇ ਪਹਿਲੇ ਅਰਦਾਸ ਕਰ ਕੇ ਮਾਫੀ ਮੰਗਣੀ ਕਿ ਸਤਿਗੁਰੂ ਪਿੱਠ ਹੋ ਰਹੀ ਹੈ। ਜਾ ਕੇ ਗਾਗਰ ਵੀ ਇਸ ਤਰੀਕੇ ਨਾਲ ਭਰਨੀ ਕਿ ਭਰਨ ਲੱਗਿਆਂ ਜਾਂ ਭਰਨ ਤੋਂ ਬਾਅਦ ਜ਼ਮੀਨ 'ਤੇ ਨਾ ਰੱਖਣੀ ਪਵੇ। ਗਾਗਰ ਸਿਰ 'ਤੇ ਰੱਖ ਕੇ ਹੀ ਦਰਿਆ ਵਿਚ ਉਤਰ ਜਾਣਾ। ਸਭ ਬਸਤਰ ਭਿੱਜ ਜਾਣੇ ਤੇ ਉਸੇ ਤਰ੍ਹਾਂ ਹੀ ਗਿੱਲੇ ਹੀ ਬਸਤਰਾਂ ਨਾਲ ਵਾਪਸ ਖਡੂਰ ਸਾਹਿਬ ਤੁਰ ਪੈਣਾ। ੧੨ ਸਾਲਾਂ 'ਚ ਕੋਈ ਨਾਗਾ ਨਹੀਂ ਪੈਣ ਦਿੱਤਾ। ਇਤਨੀ ਉਮਰ ਤੇ ਇਤਨੀ ਘੋਰ ਸੇਵਾ! ਇਹ ਕੀ ਸੀ- ਗੁਰੂ ਅਮਰਦਾਸ ਜੀ ਨੇ ਮਾਲਕ ਦੀ ਸੇਵਾ ਬੋਝ ਪਾ ਕੇ ਨਹੀਂ ਕੀਤੀ, ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕੀਤੀ। ਚੜ੍ਹਦੀ ਕਲਾ ਸੀ ਗੁਰੂ ਅਮਰਦਾਸ ਜੀ ਦੇ ਅੰਦਰ, ਉਹ ਤੋਰੀ ਜਾਂਦੀ ਸੀ। ੧੨ ਸਾਲ ਵਿਚ ਹਨੇਰੀ ਵੀ, ਮੀਂਹ ਵੀ, ਸਰਦੀ ਵੀ, ਗਰਮੀ ਵੀ, ਪਰ ਨਾਗਾ ਕੋਈ ਨਹੀਂ ਪੈਣ ਦਿੱਤਾ। ਚੜ੍ਹਦੀ ਕਲਾ ਸੀ ਗੁਰੂ ਅਮਰਦਾਸ ਜੀ ਦੇ ਅੰਦਰ। ਫੇਰ ਉਹ ਚੀਜ਼ ਲੈ ਜਾਂਦੀ ਹੈ ਅੱਗੇ!

ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਗੁਰੂ ਅਮਰਦਾਸ ਜੀ ਦੇ ਜਵਾਈ ਹਨ, ਪਰ ਹੋਰ ਸੇਵਕਾਂ ਵਾਂਗ ਟੋਕਰੀ ਚੁੱਕ ਕੇ ਮਿੱਟੀ ਢੋਂਦੇ ਹਨ। ਇਕ ਵਾਰੀ ਉਨ੍ਹਾਂ ਦੇ ਰਿਸ਼ਤੇਦਾਰ, ਉਨ੍ਹਾਂ ਨੂੰ ਇਸ ਤਰ੍ਹਾਂ ਟੋਕਰੀ ਢੋਂਦਿਆਂ ਵੇਖ ਕੇ ਬੜੇ ਗੁੱਸੇ 'ਚ ਆਏ ਤੇ ਗੁਰੂ ਅਮਰਦਾਸ ਜੀ ਨੂੰ ਉਲਾਂਭਾ ਦਿੱਤਾ ਕਿ ਤੁਸੀਂ ਇਹ ਚੰਗਾ ਨਹੀਂ ਕਰ ਰਹੇ ਜੋ ਜਵਾਈ ਕੋਲੋਂ ਮਜ਼ਦੂਰਾਂ ਵਾਲਾ ਕੰਮ ਕਰਵਾਉਂਦੇ ਹੋ, ਪਰ ਭਾਈ ਜੇਠਾ ਜੀ ਇਹ ਕੰਮ ਬੱਧਾ-ਚੱਟੀ ਤਾਂ ਨਹੀਂ ਸੀ ਕਰ ਰਹੇ, ਖੁਸ਼ੀ ਨਾਲ ਸੇਵਾ ਕਰ ਰਹੇ ਸਨ। ਗੁਰੂ ਸਾਹਿਬ ਨੂੰ ਕਹਿਣ ਲੱਗੇ, ਇਹ ਤਾਂ ਨਾਸਮਝ ਹਨ। ਗੁਰੂ ਦੀ ਸੇਵਾ ਦੇ ਅਨੰਦ ਨੂੰ ਨਹੀਂ ਜਾਣਦੇ।

ਜਦੋਂ ਭਾਈ ਜੇਠਾ ਜੀ ਤੇ ਭਾਈ ਰਾਮਾ ਜੀ ਨੂੰ ਥੜ੍ਹੇ ਬਣਾਉਣ ਲਈ ਕਿਹਾ ਗਿਆ, ਤੇ ੫-੬ ਦਿਨ ਜਦੋਂ ਗੁਰੂ ਅਮਰਦਾਸ ਜੀ, ਰੋਜ਼ ਥੜ੍ਹੇ ਬਣਵਾਉਂਦੇ ਰਹੇ ਤੇ ਵੇਖ ਕੇ ਨਾ ਪਸੰਦ ਕਰ ਕੇ ਢਾਹੁਣ ਦਾ ਹੁਕਮ ਦੇਂਦੇ ਰਹੇ। ਜਦੋਂ ੫-੬ ਦਿਨ ਇਹੀ ਖੇਡ ਜਾਰੀ ਰਹੀ ਤਾਂ ਕਿਸੇ ਸਿੱਖ ਨੇ ਰਾਮੇ ਨੂੰ ਕਿਹਾ, ਤੁਸੀਂ ਸਾਰਾ ਦਿਨ ਮਿਹਨਤ ਕਰ ਕੇ ਬਣਾਉਂਦੇ ਹੋ ਪਰ ਗੁਰੂ ਸਾਹਿਬ ਆ ਕੇ ਢੁਆ ਦੇਂਦੇ ਹਨ ਤਾਂ ਰਾਮੇ ਨੇ ਕੀ ਆਖਿਆ? ਉਨ੍ਹਾਂ ਦੀ ਅਵਸਥਾ ਵਡੇਰੀ ਹੋ ਗਈ ਹੈ, ਯਾਦ ਨਹੀਂ ਰਹਿੰਦਾ, ਜਿਵੇਂ ਕਹਿ ਕੇ ਜਾਂਦੇ ਹਨ, ਉਸੇ ਤਰ੍ਹਾਂ ਹੀ ਬਣਾਉਂਦਾ ਹਾਂ, ਪਰ ਅਗਲੇ ਦਿਨ ਹੋਰ ਕੁਝ ਦੱਸ ਕੇ ਢੁਆ ਦੇਂਦੇ ਹਨ। ਇਹ ਕੀ ਹੈ- ਗੁਰੂ ਦੀ ਸੇਵਾ ਖੁਸ਼ੀ ਨਾਲ ਨਹੀਂ, ਬੱਧਾ-ਚੱਟੀ ਨਾਲ ਹੋ ਰਹੀ ਹੈ। ਪਰ ਜਦੋਂ ਭਾਈ ਜੇਠਾ ਜੀ ਨੂੰ ਇਹੀ ਗੱਲ ਕਹੀ ਤੇ ਉਹ ਕਹਿੰਦੇ, ਮੈਂ ਅਲਪੱਗ ਹਾਂ, ਕੁਝ ਨਾ ਕੁਝ ਗੱਲ ਸਮਝਣ ਵਿਚ ਉੱਕ ਜਾਂਦਾ ਹਾਂ! ਗੁਰੂ ਸਾਹਿਬ ਦਿਆਲੂ ਹਨ, ਖਫਾ ਨਹੀਂ ਹੁੰਦੇ, ਨਵੇਂ ਸਿਰੇ ਤੋਂ ਜੁਗਤਾਂ ਸਮਝਾਉਂਦੇ ਹਨ। ਮੈਂ ਫਿਰ ਬਣਾਉਂਦਾ ਹਾਂ। ਜਦੋਂ ਉਹ ਬਣਾਉਣ ਦਾ ਹੁਕਮ ਕਰਦੇ ਹਨ ਤਾਂ ਮੈਨੂੰ ਚਾਅ ਚੜ੍ਹ ਜਾਂਦਾ ਹੈ ਪਰ ਜਦੋਂ ਹੁਕਮ ਹੁੰਦਾ ਹੈ ਢਾਹ ਦੇ, ਮੈਨੂੰ ਆਪਣੀ ਮੱਤ 'ਤੇ ਸ਼ੋਕ ਉਪਜਦਾ ਹੈ, ਪਰ ਜਦੋਂ ਗੁਰੂ ਸਾਹਿਬ ਮੈਨੂੰ ਢਾਹੁੰਦਿਆਂ ਨੂੰ ਵੇਖ ਕੇ ਖੁਸ਼ ਹੁੰਦੇ ਹਨ, ਮੈਂ ਫਿਰ ਖਿੜ ਜਾਂਦਾ ਹਾਂ। ਜੇ ਉਹ ਉਸਰਵਾ ਕੇ ਖੁਸ਼ ਹੁੰਦੇ ਹਨ ਤੇ ਉਨ੍ਹਾਂ ਦੀ ਖੁਸ਼ੀ ਮੈਨੂੰ ਖੁਸ਼ੀ ਦੇਂਦੀ ਹੈ। ਮੇਰੀ ਖੁਸ਼ੀ ਤਾਂ ਉਨ੍ਹਾਂ ਦੀ ਖੁਸ਼ੀ ਵਿਚ ਹੈ। ਜੇ ਗੁਰੂ ਦੇ ਲਾਡਲੇ ਸਿੱਖਾਂ ਦੇ ਇਤਿਹਾਸ ਵੱਲ ਝਾਤੀ ਮਾਰੀਏ, ਤਾਂ ਉਨ੍ਹਾਂ ਹੀ ਸਿੱਖਾਂ ਨੂੰ

ਗੁਰੂ ਦੀ ਪ੍ਰਸੰਨਤਾ ਮਿਲੀ, ਉਨ੍ਹਾਂ ਨੂੰ ਹੀ ਪ੍ਰਾਪਤੀਆਂ ਹੋਈਆਂ ਜਿਨ੍ਹਾਂ ਨੇ ਗੁਰੂ-ਘਰ ਦੀ ਸੇਵਾ ਨੂੰ ਚੜ੍ਹਦੀ ਕਲਾ ਨਾਲ ਨਿਭਾਇਆ।

ਗੁਰੂ ਤੇਗ ਬਹਾਦਰ ਜੀ ਦੇ ਵੇਲੇ ਇਕ ਭਾਈ 'ਮੀਂਹਾਂ' ਹੋਇਆ ਹੈ। ਉਹ ਜਲ ਦੀ ਸੇਵਾ ਕਰਦਾ ਸੀ। ਗਾਗਰ 'ਚ ਜਲ ਢੋਣਾ। ਉਸ ਦੀ ਇੰਨੀ ਸੇਵਾ ਸੀ, ਰੰਗਿਆ ਸੀ ਸੇਵਾ 'ਚ, ਜਲ ਦੀ ਗਾਗਰ ਲੈ ਕੇ ਜਲ ਢੋਣਾ, ਪ੍ਰੇਮ ਦੇ ਰੰਗ 'ਚ ਸੇਵਾ ਕਰਨੀ। ਇਕ ਹੁੰਦੀ ਹੈ ਸੇਵਾ-ਕਹਿ ਕੇ ਕੰਮ ਕਰਵਾਉਣਾ, ਇਕ ਹੈ- ਬੰਦਾ ਆਪਣੀ Duty ਸਮਝਦਾ ਹੈ ਕਿ ਮੇਰੀ Duty ਹੈ ਇਸ ਸੇਵਾ ਦੀ। ਉਸ ਦੀ ਸੇਵਾ 'ਚ ਇਹ ਗੁਣ ਵੀ ਸੀ ਕਿ ਆਪਣੀ Duty ਸਮਝਦਾ ਸੀ। ਜੇ ਲੰਗਰ 'ਚ ਜਲ ਦੀ ਲੋੜ ਹੈ ਤੇ ਆਪਣੀ Duty ਸਮਝਣੀ, ਇਸ਼ਨਾਨ ਲਈ ਜਲ ਦੀ ਲੋੜ ਹੈ, ਆਪਣੀ Duty ਸਮਝਦਾ ਸੀ।

ਗੁਰੂ ਸਾਹਿਬ ਨੇ ਇਕ ਵਾਰੀ ਇਸ ਨੂੰ ਕਿਹਾ ਵੀ ਸੀ ਕਿ ਤੂੰ ਐਸੀ ਜਲ ਦੀ Duty ਨਿਭਾਉਂਦਾ ਹੈਂ ਕਿ ਮੀਂਹ ਵਾਂਗੂ ਵਰਸਦਾ ਹੀ ਰਹਿੰਦਾ ਹੈਂ! ਤਾਂ ਹੀ ਇਸ ਦਾ ਨਾਂ ਭਾਈ 'ਮੀਂਹਾਂ' ਪੈ ਗਿਆ। ਇਸ ਦੀ ਸੇਵਾ 'ਚ ਪ੍ਰੇਮ ਸੀ, ਜ਼ਿੰਮੇਵਾਰੀ ਸੀ, ਰੰਗ ਸੀ, ਦਿਨੇ-ਰਾਤ ਲਗਨ ਨਾਲ ਸੇਵਾ ਕਰਨੀ। ਬੱਧਾ-ਚੱਟੀ ਤੋਂ ਉੱਤੇ ਉਠ ਚੁਕਾ ਸੀ। ਇਕ ਗੱਲ ਯਾਦ ਰੱਖਿਓ! ਸੇਵਾ ਦੀ ਥਕਾਵਟ ਉਦੋਂ ਹੀ ਹੁੰਦੀ ਹੈ ਜਦੋਂ ਤਕ ਬੱਧਾ-ਚੱਟੀ ਹੈ। ਪ੍ਰੇਮ ਦੇ ਨਸ਼ੇ 'ਚ ਆ ਜਾਵੋਗੇ, ਕੋਈ ਥਕਾਵਟ ਨਹੀਂ, ਕੋਈ ਸ਼ਰਮ ਨਹੀਂ। ਇਹ ਗੱਲਾਂ ਨਹੀਂ ਰਹਿੰਦੀਆਂ। ਪਿੱਤਲ ਦੀ ਗਾਗਰ ਜਲ ਦੀ ਭਰ ਕੇ, ਸਿਰ 'ਤੇ ਚੁੱਕ ਕੇ, ਜਿੱਥੇ ਵੀ ਜਲ ਦੀ ਲੋੜ ਹੋਣੀ ਉਥੇ ਪਹੁੰਚਾਉਣਾ। ਸੇਵਾ 'ਚ ਤਤਪਰ ਰਹਿਣਾ।

ਇਤਿਹਾਸ ਲਿਖਦਾ ਹੈ ਕਿ ਜਲ ਦੀ ਗਾਗਰ ਢੋਂਦਿਆਂ-ਢੋਂਦਿਆਂ ਸਿਰ 'ਚ ਜ਼ਖਮ ਹੋ ਗਿਆ, ਪਿੱਤਲ ਦੀ ਗਾਗਰ ਕਾਰਨ। ਰੁਕਾਵਟ ਪੈ ਗਈ। ਹੁਣ ਜੇ ਗਾਗਰ ਚੁੱਕਦਾ ਹੈ ਤੇ ਜ਼ਖਮ ਦਰਦ ਕਰਦਾ ਹੈ ਤੇ ਜੇ ਜ਼ਖਮ ਦੀ ਪਰਵਾਹ ਕਰਦਾ ਹੈ ਤੇ ਸੇਵਾ 'ਚ ਤ੍ਰੁਟੀ ਆਉਂਦੀ ਹੈ। ਸੋਚਿਆ, ਸੇਵਾ 'ਚ ਤ੍ਰੁਟੀ ਨਹੀਂ ਆਉਣੀ ਚਾਹੀਦੀ, Duty ਵਿਚ ਫਰਕ ਨਾ ਪਵੇ, ਜ਼ਖਮ ਦਰਦ ਹੁੰਦਾ ਹੈ ਤੇ ਹੋਣ ਦਿਓ, ਸੇਵਾ ਨਹੀਂ ਛੱਡਣੀ! ਜ਼ਖਮ ਦੀ ਪਰਵਾਹ ਨਾ ਕੀਤੀ। ਜ਼ਖਮ ਵਧਦਾ ਜਾ ਰਿਹਾ ਹੈ। ਸੋਚਿਆ, ਕੀ ਕਰਾਂ? ਮਨ 'ਚ ਵਿਚਾਰ ਬਣਾਈ

ਤੇ ਕੱਪੜੇ ਦਾ ਇਕ ਬਿੰਨੂ ਬਣਾ ਲਿਆ ਕਿ ਬਿੰਨੂ 'ਤੇ ਗਾਗਰ ਆਵੇਗੀ ਤੇ ਜ਼ਖਮ ਨੂੰ ਦਰਦ ਘੱਟ ਪਹੁੰਚੇਗੀ। ਹੁਣ ਬਿੰਨੂ ਉੱਤੇ ਗਾਗਰ ਰੱਖ ਕੇ ਦਿਨੇ-ਰਾਤ ਪ੍ਰੇਮ ਦੇ ਨਸ਼ੇ 'ਚ ਸੇਵਾ ਕਰਦਾ ਰਿਹਾ।

ਕਿੰਨੇ ਦਿਨ ਇਸੇ ਤਰ੍ਹਾਂ ਹੀ ਬੀਤ ਗਏ! ਦਵਾ-ਦਾਰੂ ਵੀ ਨਾ ਕੀਤਾ ਕਿ ਜੇ ਦਵਾ-ਦਾਰੂ ਕਰਾਂਗਾ ਤੇ ਸੇਵਾ 'ਚ ਤੋਟ ਆਵੇਗੀ। ਜਲ ਦੀ ਗਾਗਰ ਢੋਂਦੇ-ਢੋਂਦੇ ਇਕ ਸਮਾਂ ਐਸਾ ਵੀ ਆ ਗਿਆ ਕਿ ਜ਼ਖਮ 'ਚ ਕੀੜੇ ਚੱਲਣੇ ਸ਼ੁਰੂ ਹੋ ਗਏ।

ਇਕ ਦਿਨ ਬਿੰਨੂ ਕੱਸਣ ਲਈ ਬਿੰਨੂ ਸਿਰ ਤੋਂ ਲਾਹਿਆ ਤੇ ਮਾਤਾ ਗੁਜਰੀ ਜੀ ਦੀ ਨਜ਼ਰ ਪੈ ਗਈ। ਕੀ ਦੇਖਿਆ? ਮੀਂਹੇ ਦੇ ਸਿਰ 'ਚ ਜ਼ਖਮ ਹੈ ਤੇ ਜ਼ਖਮ 'ਚ ਕੀੜੇ ਪਏ ਚਲਦੇ ਹਨ। ਮਾਤਾ ਜੀ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ, ਤੁਹਾਡਾ ਸਿੱਖ ਮੀਂਹਾਂ, ਉਸ ਦੀ ਸੇਵਾ 'ਚ ਇੰਨਾ ਪਿਆਰ, ਇੰਨੀ ਘਾਲਣਾ ਹੈ, ਇੰਨੇ ਰੰਗ 'ਚ ਸੇਵਾ ਕਰ ਰਿਹਾ ਹੈ, ਕਿ ਜਿਹੜੀ ਸਿਰ 'ਤੇ ਗਾਗਰ ਚੁੱਕਦਾ ਹੈ, ਸਿਰ 'ਤੇ ਜ਼ਖਮ ਹੈ ਤੇ ਜ਼ਖਮ 'ਚ ਕੀੜੇ ਚਲ ਰਹੇ ਹਨ, ਕਿਰਪਾ ਕਰੋ, ਇਸ ਦੀ ਸੇਵਾ ਥਾਇਂ ਪਾ ਕੇ ਨਿਹਾਲ ਕਰੋ।

ਅਗਲੇ ਦਿਨ ਗੁਰੂ ਸਾਹਿਬ ਨੇ ਭਾਈ ਮੀਂਹੇ ਨੂੰ ਦੀਵਾਨ 'ਚ ਬੁਲਾਇਆ ਤੇ ਕਿਹਾ, ਤੇਰੀ ਸੇਵਾ ਤੋਂ ਪ੍ਰਸੰਨ ਹਾਂ, ਤੇਰੀ ਸੇਵਾ ਥਾਇਂ ਪਈ ਹੈ। ਇਥੋਂ ਬੜੀ ਅਗਾਂਹ ਜਾ ਕੇ ਡੇਰਾ ਬਣਾਓ ਤੇ ਸਿੱਖੀ ਦਾ ਪ੍ਰਚਾਰ ਕਰੋ। ਇਹ ਇਕ ਬਹੁਤ ਵੱਡੀ Duty ਹੁੰਦੀ ਸੀ, ਅਹੁਦਾ ਹੁੰਦਾ ਸੀ, ਜਿਸ ਨੂੰ ਗੁਰੂ ਸਾਹਿਬ ਆਪ ਬਖਸ਼ਿਸ਼ ਕਰ ਕੇ ਪ੍ਰਚਾਰ ਲਈ ਭੇਜ ਦੇਣ।

ਜੇ ਭਾਈ ਮੰਝ ਦਾ ਜ਼ਿਕਰ ਲਈਏ, ਉਸ ਨੂੰ ਵੀ ਸੇਵਾ 'ਚ ਰੰਗ ਲੱਗਾ ਸੀ। ਭਾਈ ਮੰਝ ਪਹਿਲੇ ਇਹ ਸਖੀ ਸਰਵਰ ਦੇ ਉਪਾਸ਼ਕ ਸੀ। ਜਦੋਂ ਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨ ਹੋਏ ਤਾਂ ਗੁਰੂ ਸਾਹਿਬ ਤੋਂ ਸਿੱਖੀ ਦੀ ਮੰਗ ਕੀਤੀ। ਉਨ੍ਹਾਂ ਨੇ ਜੰਗਲਾਂ ਤੋਂ ਸੁੱਕੀਆਂ ਲੱਕੜੀਆਂ ਲਿਆ ਕੇ ਲੰਗਰ 'ਚ ਪਾਉਣ ਦੀ ਸੇਵਾ ਲੈ ਲਈ। ਇਕ ਦਿਨ ਲੱਕੜਾਂ ਲੈ ਕੇ ਆ ਰਹੇ ਸੀ ਕਿ ਰਸਤੇ ਵਿਚ ਬਹੁਤ ਜ਼ੋਰ ਦੀ ਹਨੇਰੀ ਆ ਗਈ। ਹਨੇਰਾ ਵੀ ਬਹੁਤ ਸੀ। ਰਸਤੇ ਵਿਚ ਇਕ ਖੂਹ ਸੀ। ਹਨੇਰਾ ਹੋਣ ਕਾਰਨ ਖੂਹ ਨਜ਼ਰ ਨਾ ਆਇਆ ਤੇ ਉਹ ਖੂਹ ਵਿਚ

ਡਿੱਗ ਪਿਆ। ਖੂਹ 'ਚ ਪਾਣੀ ਥੋੜ੍ਹਾ ਹੀ ਸੀ। ਇਸ ਨੇ ਲੱਕੜਾਂ ਦੀ ਪੰਡ ਨੂੰ ਸਿਰ 'ਤੇ ਹੀ ਚੁੱਕੀ ਰੱਖਿਆ ਕਿ ਜੇ ਥੱਲੇ ਪਾਣੀ 'ਚ ਰੱਖੀਆਂ ਤੇ ਗਿੱਲੀਆਂ ਹੋ ਜਾਣਗੀਆਂ।

ਅੰਤਰਜਾਮੀ ਸਤਿਗੁਰੂ, ਭਾਈ ਮੰਝ ਦੀ ਗੁਰੂ-ਘਰ ਲਈ ਸੇਵਾ 'ਚ ਇੰਨੀ ਸ਼ਰਧਾ ਵੇਖ ਕੇ ਉਤਾਵਲੇ ਹੋ ਕੇ ਨੰਗੇ ਪੈਰੀਂ ਭੱਜ ਪਏ। ਗੁਰੂ ਸਾਹਿਬ ਨੇ ਸਿੱਖਾਂ ਨੂੰ ਕਿਹਾ, ਰੱਸੇ ਲਿਆਓ! ਜਦੋਂ ਖੂਹ 'ਤੇ ਪੁੱਜੇ ਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਰੱਸਾ ਲਟਕਾਓ ਤੇ ਭਾਈ ਮੰਝ ਨੂੰ ਬਾਹਰ ਕੱਢੋ! ਸਿੱਖਾਂ ਨੇ ਰੱਸਾ ਲਟਕਾਇਆ ਤੇ ਕਿਹਾ, ਰੱਸਾ ਫੜ ਕੇ ਉੱਪਰ ਆ ਜਾ। ਪਰ ਧੰਨ ਭਾਈ ਮੰਝ, ਗੁਰੂ-ਘਰ ਦੀ ਸੇਵਾ ਦਾ ਇੰਨਾ ਰੰਗ ਲੱਗ ਚੁੱਕਾ ਸੀ ਕਿ ਕਹਿਣ ਲੱਗੇ, ਪਹਿਲੇ ਇਸ ਰੱਸੇ ਨਾਲ ਲੱਕੜਾ ਬੰਨ੍ਹਾਂਗਾ ਉਨ੍ਹਾਂ ਨੂੰ ਬਾਹਰ ਖਿੱਚੋ ਤਾਂ ਕਿ ਲੰਗਰ 'ਚ ਲੱਕੜਾਂ ਦੀ ਤੋਟ ਨਾ ਆਵੇ! ਭਾਈ ਮੰਝ ਦੀ ਸੇਵਾ ਪ੍ਰਤੀ ਨਿਸ਼ਠਾ ਨੂੰ ਵੇਖ ਕੇ ਬੜੇ ਪ੍ਰਸੰਨ ਹੋਏ, ਗਲ ਨਾਲ ਲਾਇਆ ਤੇ ਵਰ ਦਿੱਤਾ:

'ਮੰਝ ਪਿਆਰਾ ਗੁਰੂ ਨੂੰ, ਗੁਰੂ ਮੰਝ ਪਿਆਰਾ।
ਮੰਝ ਗੁਰੂ ਕਾ ਬੋਹਿਥਾ, ਜੱਗ ਲੰਘਣਹਾਰਾ।

ਜਗਤ ਨੂੰ ਤਾਰਨ ਵਾਲਾ ਬਣਾ ਦਿੱਤਾ।

ਜੇ ਹਰਿਮੰਦਰ ਸਾਹਿਬ ਦੇ ਪੌੜਾਂ ਦਾ ਜ਼ਿਕਰ ਲਈਏ, ਮਸੰਦ ਗਲੋਂ ਗਲਾਵਾਂ ਲਾਹ ਕੇ ਪੌੜ ਬਣਾਉਂਦੇ ਸਨ, ਬੋਝ ਪਾ ਕੇ। ਇਧਰ ਇੱਟ ਰੱਖੀ, ਉਧਰ ਇੱਟ ਰੱਖੀ, ਵਿੱਚੋਂ ਕੰਮ ਘਟੀਆ ਕਰੀ ਜਾਣਾ। ਦੂਜੇ ਬੰਨੇ ਭਾਈ ਬਹਿਲੋ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਕਿਹਾ ਸੀ, ਇਹ ਬਾਹੀ ਤੂੰ ਪੂਰੀ ਕਰਨੀ ਹੈ। ਗਲੀਆਂ ਦਾ ਕੂੜਾ ਵੀ ਇਕੱਠਾ ਕਰਕੇ, ਪਾਇਆ ਭੱਠੇ ਵਿਚ ਤਾਂ ਕਿ ਇੱਟ ਲਾਲ ਨਿਕਲੇ! ਇਹੀ ਫਰਕ ਹੈ। ਭਾਈ ਬਹਿਲੋ ਨੇ ਸੇਵਾ ਚੜ੍ਹਦੀ ਕਲਾ ਨਾਲ ਕੀਤੀ ਤੇ ਬਚਨ ਮਿਲ ਗਿਆ, 'ਭਾਈ ਬਹਿਲੋ ਸਭ ਤੋਂ ਪਹਿਲੋਂ'। ਮਸੰਦਾਂ ਨੂੰ ੩ ਵਾਰੀ ਗੁਰੂ ਸਾਹਿਬ ਨੇ ਤਾੜਨਾ ਕੀਤੀ ਪਰ ਉਨ੍ਹਾਂ ਨੇ ਬਚਨ ਨਾ ਮੰਨਿਆ ਤੇ ਕੀ ਬਚਨ ਮਿਲ ਗਿਆ, ਇਹ ਪੌੜ 'ਫੇਰ ਢਹਿਣਗੇ-ਫੇਰ ਬਣਨਗੇ'।

ਜੇ ਬਾਬਾ ਕੁੰਦਨ ਸਿੰਘ ਜੀ ਦੇ ਜੀਵਨ ਵੱਲ ਝਾਤੀ ਮਾਰੀਏ, ਮੈਂ ਨਹੀਂ ਕੋਈ ਐਸਾ ਵੇਖਿਆ ਕਿ ਲੱਤਾਂ ਨਾ ਚੱਲਦੀਆਂ ਹੋਣ, ਸੇਵਾਦਾਰ ਫੜ ਕੇ ਖੜ੍ਹੇ

ਹੋਣ, ਪਰ ਅਰਦਾਸ ਹੋ ਰਹੀ ਹੈ। ਗਲਾ ਨਹੀਂ ਚੱਲਦਾ ਪਰ ਹੁਕਮਨਾਮਾ ਲੈਣਾ ਨਹੀਂ ਛੱਡਿਆ। ਸਰੀਰ ਨਹੀਂ ਚੱਲਦਾ। ਸੇਵਾਦਾਰ ਚੁੱਕ ਕੇ ਖੜ੍ਹਾ ਕਰਦੇ ਸਨ ਪਰ ਸੇਵਾ ਦਾ ਕੰਮ ਨਹੀਂ ਛੱਡਿਆ। ਬੋਝ ਪਾ ਕੇ ਨਹੀਂ, ਪਰਮਾਰਥ ਦਾ ਕੰਮ ਖੁਸ਼ੀ ਨਾਲ ਹੋ ਰਿਹਾ ਹੈ। ਪਰਮਾਰਥ ਦੇ ਜਿੰਨੇ ਵੀ ਕੰਮ ਹਨ ਬੋਝ ਪਾ ਕੇ ਨਾ ਕਰੇ! ਜੇ ਬੋਝ ਪਾ ਕੇ ਕਰੇਗਾ ਫਿਰ ਮੰਜ਼ਿਲ ਦੂਰ ਹੈ, ਪ੍ਰਾਪਤੀ ਨਹੀਂ, ਖੁਸ਼ੀ ਨਾਲ ਕਰੇ ਕਿ ਸ਼ੁਕਰ ਹੈ, ਸੇਵਾ ਲਈ ਹੈ!

ਕੋਈ ਬੀਬੀ ਬਾਬਾ ਦੀਪ ਸਿੰਘ ਜੀ ਦੇ ਦਰ 'ਤੇ ਝਾੜੂ ਦੇ ਰਹੀ ਸੀ। ਕੋਲੋਂ ਕੋਈ ਬੀਬੀ ਲੰਘੀ ਪੁੱਛਦੀ ਹੈ, ਭੈਣਾ! ਅੱਜ ਕਿੰਨੀ ਤਾਰੀਕ ਹੈ? ਤਾਰੀਕ ਦੱਸੀ, ਉਹ ਬੀਬੀ ਕਹਿੰਦੀ, ਸ਼ੁਕਰ ਹੈ, ਦੋ ਦਿਨ ਹੀ ਰਹਿ ਗਏ ਹਨ। ਦੂਜੀ ਬੀਬੀ ਨੇ ਪੁੱਛਿਆ, ਕਿਸ ਚੀਜ਼ ਦੇ ਦੋ ਦਿਨ ਰਹਿ ਗਏ ਹਨ? ਕਹਿੰਦੀ, ਗਈ ਸੀ ਮਹਾਂ ਪੁਰਸ਼ਾਂ ਕੋਲ। ਕੋਈ ਮੁਸ਼ਕਲ ਸੀ। ਉਨ੍ਹਾਂ ਨੇ ਕਿਹਾ ਸੀ, ਅੱਧਾ ਘੰਟਾ ਰੋਜ਼ ਸ਼ਹੀਦਾਂ ਸਾਹਿਬ ਝਾੜੂ ਦਿਆ ਕਰ! ੪੦ ਦਿਨ ਦੇਣਾ ਹੈ, ੩੮ ਦਿਨ ਲੰਘ ਗਏ ਹਨ, ਸ਼ੁਕਰ ਹੈ ਦੋ ਹੀ ਰਹਿ ਗਏ ਹਨ। ਇਹ ਕੀ ਹੈ? ਕੰਮ ਬੋਝ ਪਾ ਕੇ ਹੋ ਰਿਹਾ ਹੈ। ਜ਼ਰੂਰ ਝਾਤੀ ਪਾਇਓ! ਸਾਰੇ ਜਿੰਨੇ ਵੀ ਪ੍ਰਮਾਰਥ ਵਾਲੇ ਬੰਨੇ ਤੁਹਾਡੇ ਕਦਮ ਨੇ, ਕੋਈ ਨੇਮ ਹੈ, ਸਿਮਰਨ ਹੈ, ਸੇਵਾ ਹੈ, ਕਈ ਵਾਰੀ ਬੋਝ ਪਾ ਕੇ ਕਰਦੇ ਹਾਂ ਕਿ ਕਰਨਾ ਪੈਣਾ ਹੈ! ਕਿਸੇ ਵੀ ਪ੍ਰਮਾਰਥ ਦੇ ਕੰਮ ਨੂੰ ਬੋਝ ਪਾ ਕੇ ਨਹੀਂ, ਚੜ੍ਹਦੀ ਕਲਾ ਨਾਲ ਕਰੋ ਕਿ ਸ਼ੁਕਰ ਹੈ, ਕਿਸੇ ਬਹਾਨੇ ਸੇਵਾ ਹੋਈ ਹੈ! ਜੇ ਕੀਰਤਨ ਕਰੋ, ਜਾਂ ਕੀਰਤਨ ਸੁਣੋ ਤੇ ਉਹ ਵੀ ਰੰਗ ਵਿਚ, ਚੜ੍ਹਦੀ ਕਲਾ ਵਿਚ। ਕੀਰਤਨ ਸੁਣੋ, ਕੀਰਤਨ ਕਰੋ, ਕੀਰਤਨ ਦਾ ਰੂਪ ਹੋ ਜਾਵੋ! ਮਰਦਾਨਾ ਇੰਨੇ ਰੰਗ ਵਿਚ ਕੀਰਤਨ ਕਰਦਾ ਸੀ ਕਿ ਗੁਰੂ ਨਾਨਕ ਸਾਹਿਬ ਦੀ ੩-੩ ਦਿਨ ਸਮਾਧੀ ਲੱਗ ਜਾਂਦੀ ਸੀ।

ਮਾਤਾ ਰਾਧਿਕਾ ਜੀ ਹੋਏ ਨੇ। ਸਿੰਧੀ ਸਨ। ਜਦੋਂ ਕੀਰਤਨ ਸੁਣਦੇ ਸਨ ਉਨ੍ਹਾਂ ਦੀ ਐਸੀ ਸਮਾਧੀ ਲੱਗਦੀ ਸੀ ਕਿ ਸੁਰਤੀ ਨਾਲ ਹੀ ਗੁਰੂ ਰਾਮਦਾਸ ਜੀ ਦੇ ਦਰ 'ਤੇ ਪਹੁੰਚ ਜਾਂਦੇ ਸਨ। ਕੀਰਤਨ ਕਰੋ ਤੇ ਬੱਧਾ-ਚੱਟੀ ਨਾਲ ਨਹੀਂ, ਦੁਨੀਆਂ ਦੀ ਵਾਹ-ਵਾਹ ਲੈਣ ਲਈ ਨਹੀਂ, ਕੀਰਤਨ ਕਰੋ ਗੁਰੂ ਨੂੰ ਰੀਝਾਉਣ ਦੀ ਮਨਸਾ ਲੈ ਕੇ।

ਬਾਬਾ ਨੰਦ ਸਿੰਘ ਜੀ, ਸੰਤ ਸੁਜਾਨ ਸਿੰਘ ਜੀ ਨੂੰ ਬਚਨ ਕਰਦੇ ਹੁੰਦੇ ਸਨ, ਕੀ ਐਵੇਂ ਯਬਕਦਾ ਫਿਰਦਾ ਹੈਂ, ਕਦੇ ਇਥੇ ਕੀਰਤਨ, ਕਦੀ ਉਥੇ ਕੀਰਤਨ, ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਕੀਰਤਨ ਕਰ, ਲੋਕ ਤੇਰੇ ਘਰੇ ਕੀਰਤਨ ਸੁਣਨ ਆਇਆ ਕਰਨਗੇ ਜੋ ਸਭ ਸੱਚ ਹੋਇਆ। ਅਜੇ ਵੀ ਹੈ।

ਇਕ ਹੁੰਦਾ ਹੈ ਕੀਰਤਨ ਕਰਨਾ ਚੜ੍ਹਦੀ ਕਲਾ ਨਾਲ, ਇਕ ਹੈ ਟਾਈਮ ਬਿਤਾਉਣਾ, ਢਿੱਲਾ-ਮੱਠਾ ਜਿਹਾ। ਆਪਣੇ ਮੁੰਡੇ ਵੀ ਕਈ ਵਾਰੀ ਟਾਈਮ ਟਪਾਉਂਦੇ ਹਨ। ਫਿਰ ਕਹਿ ਦੇਈਦਾ ਹੈ। ਫੇਰ ਉਹ ਪਤਾ ਨਹੀਂ ਬਹਾਨਾ ਲਗਾਉਂਦੇ ਹਨ ਜਾਂ ਸਹੀ ਕਹਿੰਦੇ ਨੇ, ਕਹਿਣਗੇ, ਗਲਾ ਖਰਾਬ ਸੀ, ਬੀਮਾਰ ਸੀ, ਤਬੀਅਤ ਢਿੱਲੀ ਸੀ। ਇਹ ਕੀ ਹੈ? ਕੰਮ ਬੋਝ ਪੈ ਕੇ ਹੋ ਰਿਹਾ ਹੈ।

ਨਗਰੋਟਾ ਸ਼ਹਿਰ ਦਾ ਇਕ ਜ਼ਿਕਰ ਹੈ। ਬਾਬਾ ਨੰਦ ਸਿੰਘ ਜੀ ਕੁਝ ਸਮਾਂ ਉਥੋਂ ਦੀਆਂ ਪਹਾੜੀਆਂ 'ਤੇ ਰਹੇ। ਇਕ ਵਾਰੀ ਰਾਗੀ ਸਿੰਘਾਂ ਨੇ ਕੀਰਤਨ ਆਰੰਭ ਕੀਤਾ। ਜਿਹੜੇ ਰਾਗੀ ਸੀ ਉਹ ਬੋਝ ਪਾ ਕੇ ਕੀਰਤਨ ਕਰ ਰਹੇ ਸੀ ਕਿ ਕਦੋਂ Duty ਖਤਮ ਹੋਵੇ! ਬਾਬਾ ਜੀ ਨੇ ਉਨ੍ਹਾਂ ਰਾਗੀ ਸਿੰਘਾਂ ਨੂੰ ਬਾਹਰ ਕੱਢ ਦਿੱਤਾ। ਕਹਿੰਦੇ, ਕੀਰਤਨ ਕਰਦੇ ਨੇ ਬੋਝ ਪਾ ਕੇ।

ਅੱਜਕਲ੍ਹ ਤੇ ਟੇਪ ਰਿਕਾਰਡ ਨੇ, ਉਸ ਸਮੇਂ Record Player ਹੁੰਦੇ ਸੀ। ਕੋਲ ਹੀ ਬਾਬਾ ਜੀ ਦਾ ਡਰਾਈਵਰ ਹਰੀ ਸਿੰਘ ਖੜ੍ਹਾ ਸੀ। ਉਸ ਨੂੰ ਕਹਿਣ ਲੱਗੇ, ਬੋਝ ਪਾ ਕੇ ਕੀਰਤਨ ਕਰਦੇ ਨੇ, ਸਭ ਨੂੰ ਬਾਹਰ ਕੱਢ ਦਿੱਤਾ ਹੈ, ਜਾਹ ਅੰਦਰੋਂ ਜਾ ਕੇ ਰਿਕਾਰਡਾਂ ਵਾਲੀ ਮਸ਼ੀਨ ਲਿਆ, ਉਹ ਲਗਾ ਕੇ ਸੁਣਦੇ ਹਾਂ ਕੀਰਤਨ! ਹਰੀ ਸਿੰਘ ਨੂੰ ਇੰਨੀ ਖੁਸ਼ੀ ਚੜ੍ਹ ਗਈ ਕਿ ਬਾਬਾ ਜੀ ਨੇ ਮੈਨੂੰ ਕੋਈ ਕੰਮ ਕਹਿ ਦਿੱਤਾ ਹੈ। ਬਾਬਾ ਜੀ ਜਿਸ ਨੂੰ ਅਵਾਜ਼ ਦੇ ਕੇ ਕੋਈ ਕੰਮ ਕਹਿ ਦੇਣ, ਉਹ ਖੁਸ਼ੀ 'ਚ ਕੱਪੜਿਓਂ ਬਾਹਰ ਹੋ ਜਾਂਦਾ ਸੀ। ਹਰੀ ਸਿੰਘ ਨੂੰ ਵੀ ਇੰਨੀ ਖੁਸ਼ੀ ਚੜ੍ਹ ਗਈ ਕਿ ਮੈਨੂੰ ਕੋਈ ਕੰਮ ਕਿਹਾ ਹੈ। ਉਸ ਨੇ ਸਮਝਿਆ ਕਿ ਮਿਸ਼ਰੀ ਦਾ ਪ੍ਰਸ਼ਾਦ ਲਿਆਉਣ ਲਈ ਕਿਹਾ ਹੈ। ਅੰਦਰ ਜਾਂ ਕੇ ਕਹਿਣ ਲੱਗਾ, ਬਾਬਾ ਜੀ ਨੇ ਮਿਸ਼ਰੀ ਦਾ ਪ੍ਰਸ਼ਾਦ ਮੰਗਵਾਇਆ ਹੈ।

ਬਾਬਾ ਈਸ਼ਰ ਸਿੰਘ ਜੀ (ਜੋ ਉਸ ਸਮੇਂ ਸੇਵਕ ਸਨ), ਕਹਿਣ ਲੱਗੇ, ਇਸ ਵੇਲੇ, ਇਸ ਟਾਈਮ 'ਤੇ ਨਹੀਂ ਲੋੜ ਮਿਸ਼ਰੀ ਦੀ! ਕੀ ਕੋਈ ਪਹਾੜੀਏ

ਆਏ ਹਨ, ਉਨ੍ਹਾਂ ਨੂੰ ਦੇਣਾ ਹੈ ਪ੍ਰਸ਼ਾਦ? ਉਹ ਕਹਿਣ ਲੱਗਾ, ਪਹਾੜੀਏ ਤੇ ਨਹੀਂ ਆਏ, ਸਰੀਰ ਤੇ ੩-੪ ਹੀ ਹਨ। ਬਾਬਾ ਈਸ਼ਰ ਸਿੰਘ ਜੀ ਸਮਝ ਗਏ ਕਿ ਇਹ ਖੁਸ਼ੀ 'ਚ ਇੰਨਾ ਕੱਪੜਿਓਂ ਬਾਹਰ ਹੋ ਗਿਆ ਹੈ ਕਿ ਮੈਨੂੰ ਕੋਈ ਕੰਮ ਕਿਹਾ ਹੈ, ਮੇਰੀ ਸੇਵਾ ਲੱਗੀ ਹੈ, ਇਹ ਤਾਂ ਸਮਝ ਹੀ ਨਹੀਂ ਪਾਇਆ, ਸਹੀ ਤਰੀਕੇ ਸੁਣ ਹੀ ਨਹੀਂ ਪਾਇਆ ਕਿ ਉਨ੍ਹਾਂ ਨੇ ਕੀ ਮੰਗਵਾਇਆ ਹੈ!

ਬਾਬਾ ਈਸ਼ਰ ਸਿੰਘ ਜੀ, ਬਾਬਾ ਨੰਦ ਸਿੰਘ ਜੀ ਕੋਲ ਗਏ ਤੇ ਜਾ ਕੇ 'ਸਤਿਨਾਮ' ਦਾ ਅਵਾਜਾ ਦੇ ਕੇ ਪੁੱਛਿਆ, ਮਿਸ਼ਰੀ ਦਾ ਪ੍ਰਸ਼ਾਦ ਮੰਗਵਾਇਆ ਹੈ? ਬਾਬਾ ਜੀ ਕਹਿੰਦੇ, ਭੱਜਾ ਗਿਆ ਹੈ ਕਿ ਮੇਰੀ ਸੇਵਾ ਲੱਗ ਗਈ ਹੈ, ਗੱਲ ਵੀ ਨਹੀਂ ਸੁ ਪੂਰੀ ਸੁਣੀ ਕਿ ਰਿਕਾਰਡਾਂ ਵਾਲੀ ਮਸ਼ੀਨ ਮੰਗਵਾਈ ਹੈ। ਬਾਬਾ ਈਸ਼ਰ ਸਿੰਘ ਜੀ ਕਹਿਣ ਲੱਗੇ, ਉਸ ਦੀ ਕੀ ਲੋੜ ਪੈ ਗਈ? ਰਾਗੀ ਸਿੰਘ ਜੋ ਹਨ! ਬਾਬਾ ਜੀ ਕਹਿੰਦੇ, ਚੜ੍ਹਦੀ ਕਲਾ ਨਾਲ ਨਹੀਂ ਕੀਰਤਨ ਕਰਦੇ, ਬੋਝ ਪਾ ਕੇ ਕਰਦੇ ਹਨ, ਸਭ ਨੂੰ ਬਾਹਰ ਕੱਢ ਦਿੱਤਾ ਹੈ! ਕੀ ਸਿਖਾਉਣਾ ਸੀ? ਕਿ ਜੋ ਵੀ ਕੋਈ ਪਰਮਾਰਥ ਦੇ ਕੰਮ ਨੇ, ਬੋਝ ਪਾ ਕੇ ਨਹੀਂ ਕਰਨੇ! ਉਨ੍ਹਾਂ ਨੂੰ ਸਜ਼ਾ ਮਿਲੇ ਤਾਂ ਕਿ ਕੱਲ੍ਹ ਨੂੰ ਅੰਦਰ ਆਉਣਗੇ ਤੇ ਕੋਈ ਗੁਣ ਲੈ ਕੇ ਆਉਣਗੇ ਕਿਉਂਕਿ ਕਰੰਟ ਲਾਉਣਾ ਪੈਂਦਾ ਹੈ! ਬੱਚੇ ਸਕੂਲ 'ਚ ਪੜ੍ਹਦੇ ਨੇ, ਜੇ ਮਾਸਟਰ ਉਨ੍ਹਾਂ ਨੂੰ ਕੁਝ ਕਹੇ ਹੀ ਨਾ, ਤਾਂ ਉਹ ਕਿਵੇਂ ਸਿੱਖਣਗੇ? ਮਾਸਟਰ ਜੇ ਕੁਝ ਕਹਿੰਦਾ ਹੈ ਤਾਂ ਭਲੇ ਲਈ। 'ਤਾੜਨਾ ਤਾਰਨਾ ਹੈ।' ਬਾਬਾ ਈਸ਼ਰ ਸਿੰਘ ਜੀ ਅੰਦਰੋਂ ਜਾ ਕੇ ਰਿਕਾਰਡਾਂ ਵਾਲੀ ਮਸ਼ੀਨ ਲਿਆਏ। ਬਾਬਾ ਨੰਦ ਸਿੰਘ ਜੀ ਉਹ ਲਾ ਕੇ ਸਮਾਧੀ ਸਥਿਤ ਹੋ ਗਏ ਤਾਂ ਕਿ ਉਨ੍ਹਾਂ ਨੂੰ ਸਜ਼ਾ ਮਿਲੇ ਤੇ ਸਬਕ ਮਿਲ ਸਕੇ।

ਇਹ ਅਠਵਾਂ ਗੁਣ ਹੈ ਕਿ ਪਰਮਾਰਥ ਵਾਲੇ ਬੰਨੇ ਜਿੰਨੇ ਵੀ ਕੰਮ ਕਰੇ, ਨੇਮ ਕਰੇ, ਸੇਵਾ ਕਰੇ, ਖੁਸ਼ੀ ਤੇ ਚੜ੍ਹਦੀ ਕਲਾ ਨਾਲ ਕਰੇ, ਬੋਝ ਪਾ ਕੇ ਨਾ ਕਰੇ। ਪ੍ਰਾਪਤੀ ਤਾਂ ਹੀ ਹੈ ਜੇ ਸਾਰੇ ਕੰਮ ਚੜ੍ਹਦੀ ਕਲਾ ਨਾਲ ਕਰੀਏ। ਪਰ ਹੁਣ ਸਵਾਲ ਇਹ ਉਠਦਾ ਹੈ ਕਿ ਚੜ੍ਹਦੀ ਕਲਾ ਆਵੇ ਕਿਵੇਂ? ਸਭ ਤੋਂ ਪਹਿਲੀ ਗੱਲ, ਆਪਣੇ ਅੰਦਰ ਇਹ ਗੱਲ ਵਸਾ ਲਵੋ ਕਿ ਮਨੁੱਖਾ ਜਨਮ ਮਿਲਿਆ ਹੀ ਭਗਤੀ ਕਰਨ ਲਈ ਹੈ। ਨੰਦ ਲਾਲ ਵਰਗੇ ਖਿਆਲ ਅੰਦਰ ਭਰੋ ਕਿ ਨਿਰੇ

ਮਕਾਨ ਬਣਾਉਣ ਲਈ, ਮਾਇਆ ਇਕੱਠੀ ਕਰਨ ਲਈ ਨਹੀਂ ਆਏ ਧਰਤੀ 'ਤੇ। ਨੰਦ ਲਾਲ ਜੀ ਲਿਖਦੇ ਹਨ:

'ਭਗਤੀ ਤੇਰੀ ਦੀ ਤਾਂਘ ਅਸਾਂ ਨੂੰ
ਏਸ ਸਰੀਰੇ ਲਿਆਈ।
ਨਹੀਂ ਤਾਂ ਕੀ ਸੀ ਲੋੜ ਆਵਣ ਦੀ
ਜਿਸ ਪਿੱਛੇ ਉਠ ਧਾਹੀ? ਮੇਰੇ ਮਾਹੀ!'

ਜਦੋਂ ਅੰਦਰ ਇਹ ਗੱਲ ਵੱਸ ਜਾਵੇਗੀ ਕਿ ਮੈਂ ਤੇ ਸਿਰਫ ਭਗਤੀ ਕਰਨ, ਪ੍ਰਮੇਸ਼ਰ ਦੀ ਬੰਦਗੀ ਕਰਨ ਆਇਆ ਹਾਂ, ਬਾਕੀ ਤੇ ਆਲਾ-ਦੁਆਲਾ ਗੁਜ਼ਾਰੇ ਲਈ ਚਾਹੀਦਾ ਹੈ, ਫਿਰ ਚੜ੍ਹਦੀ ਕਲਾ ਹੈ, ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੀ ਬਚਨ ਹਨ:

ਪੁੱਤਰ-ਨਿਸ਼ਾਨ, ਔਰਤ-ਈਮਾਨ ਤੇ ਦੌਲਤ-ਗੁਜ਼ਰਾਨ।

ਕਈ ਵਾਰੀ ਐਸਾ ਵੀ ਹੁੰਦਾ ਹੈ, ਕਈਆਂ ਵਿਚ ਸ਼ੌਕ ਜਾਗਦਾ ਹੈ ਗੁਰੂ-ਘਰ ਜਾਣ ਦਾ, ਸੇਵਾ ਦਾ, ਬਾਣੀ ਪੜ੍ਹਨ ਦਾ ਪਰ ਕੁਝ ਸਮੇਂ ਬਾਅਦ ਕਿਸੇ ਮਨਮੁਖ ਦਾ ਸੰਗ ਤੋੜ ਦੇਂਦਾ ਹੈ ਕਿ ਕੀ ਕਰਨਾ ਹੈ ਇਸ ਪਾਸੇ ਲੱਗ ਕੇ? ਇਸ ਲਈ ਕੁਸੰਗ ਤੋਂ ਬਚ ਕੇ ਰਹਿਣਾ ਹੈ! ਯਤਨ ਕਰਨਾ ਹੈ ਦੂਜੇ ਨੂੰ ਵੀ ਸਹੀ ਬੰਨੇ ਲਗਾਉਣ ਦਾ। ਕਿਧਰੇ ਐਸਾ ਨਾ ਹੋਵੇ ਕਿ ਸਾਨੂੰ ਮਨਮੁਖ ਦਾ ਸੰਗ ਰੋੜ੍ਹ ਕੇ ਲੈ ਜਾਵੇ! ਗੁਰੂ-ਘਰ ਵੱਲ ਲੱਗਾ ਹੋਇਆ ਬੰਦਾ ਜਦੋਂ ਵੀ ਡਿੱਗਦਾ ਹੈ, ਕੁਸੰਗ ਕਰਕੇ।

ਕਈ ਵਾਰੀ ਇਹੋ ਜਿਹੀਆਂ ਮਨ 'ਚ ਵਿਚਾਰਾਂ ਆਉਣ ਲੱਗ ਪੈਂਦੀਆਂ ਹਨ ਕਿ ਇੰਨਾ ਚਿਰ ਹੋ ਗਿਆ ਹੈ ਬਾਣੀ ਪੜ੍ਹਦਿਆਂ, ਨੇਮ ਕਰਦਿਆਂ, ਸੇਵਾ ਕਰਦਿਆਂ ਪਰ ਮੇਰੀ ਮੰਗ ਤੇ ਪੂਰੀ ਹੋਈ ਨਹੀਂ, ਮਸਲਾ ਤੇ ਹੱਲ ਹੋਇਆ ਨਹੀਂ! ਕੀ ਲਾਭ ਹੈ? ਛੱਡੋ ਪਰ੍ਹੇ! ਐਸੀਆਂ ਗੱਲਾਂ ਤੇ ਐਸੇ ਵਿਚਾਰ ਬੰਦੇ ਨੂੰ ਢਹਿੰਦੀ ਕਲਾ ਵੱਲ ਲੈ ਜਾਂਦੇ ਹਨ। ਕੋਈ ਪ੍ਰਾਪਤੀ ਜੇ ਨਹੀਂ ਹੋਈ, ਘਬਰਾਉਣਾ ਨਹੀਂ, ਆਪਣੇ ਵਿਚ ਕਮੀ ਵੇਖਣੀ ਹੈ ਕਿ ਜ਼ਰੂਰ ਮੇਰੇ ਜਪਣ ਵਿਚ ਜਾਂ ਮੇਰੀ ਸੇਵਾ ਵਿਚ ਕੋਈ ਕਮੀ ਰਹਿ ਗਈ ਹੋਵੇਗੀ। ਇਨ੍ਹਾਂ ਵਿਚਾਰਾਂ ਨਾਲ ਆਪਣੇ ਆਪ ਨੂੰ ਚੜ੍ਹਦੀ ਕਲਾ ਵਿਚ ਰੱਖਣਾ ਹੈ ਕਿ ਮੇਰਾ ਹੀ ਕੋਈ ਕਰਮ ਬਹੁਤ ਵੱਡਾ

ਹੋਵੇਗਾ, ਜਿਹੜਾ ਅਜੇ ਤਕ ਨਹੀਂ ਗੱਲ ਬਣੀ, ਕੀ ਪਤਾ ਗੁਰੂ ਨੇ ਕਿਰਪਾ ਕਰ ਕੇ ਮੇਰਾ ਕਿੰਨਾ ਕੁ ਦੁੱਖ ਘਟਾ ਦਿੱਤਾ ਹੈ ਜੋ ਮੈਨੂੰ ਨਜ਼ਰ ਨਹੀਂ ਆ ਰਿਹਾ!

ਕਈ ਵਾਰੀ ਅਸੀਂ ਦੁਨਿਆਵੀ ਮੰਗ ਲੈ ਕੇ ਇਸ ਰਸਤੇ 'ਤੇ ਤੁਰਦੇ ਹਾਂ ਬੜੀ ਖੁਸ਼ੀ ਨਾਲ, ਪਰ ਜਦੋਂ ਮੰਗ ਪੂਰੀ ਹੋ ਜਾਂਦੀ ਹੈ ਤੇ ਸੋਚਦੇ ਹਾਂ, ਹੁਣ ਕੀ ਲੋੜ ਹੈ ਮੈਨੂੰ ਸੇਵਾ ਕਰਨ ਦੀ, ਬਾਣੀ ਪੜ੍ਹਨ ਦੀ? ਕਈ ਤੇ ਛੱਡ ਹੀ ਦੇਂਦੇ ਹਨ ਤੇ ਕਈ ਜੇ ਕਰਦੇ ਵੀ ਹਨ ਤੇ ਬੱਧਾ-ਚੱਟੀ ਕਿ ਚਲੋ! ਰੱਬ ਦਾ ਉਲਾਂਭਾ ਲਾਹ ਦੇਈਏ। ਜੇ ਦੁਨਿਆਵੀ ਮੰਗਾਂ ਦੇ ਨਾਲ-ਨਾਲ ਕਿਧਰੇ ਗੁਰੂ ਨੂੰ ਮਿਲਣ ਦੀ, ਪ੍ਰਮੇਸ਼ਰ ਦੀ ਪ੍ਰਾਪਤੀ ਦੀ ਤਾਂਘ ਲੈ ਕੇ ਏਸ ਬੰਨੇ ਲੱਗਾਂਗੇ ਤਾਂ ਵੀ ਚੜ੍ਹਦੀ ਕਲਾ 'ਚ ਰਹਾਂਗੇ।

ਸੇਵਾ ਕਰਦੇ-ਕਰਦੇ ਕਈ ਵਾਰੀ ਸਰੀਰ ਥੱਕ ਜਾਂਦਾ ਹੈ। ਮਨ ਕਹਿੰਦਾ ਹੈ, ਬਸ ਕਰ, ਹੋਰ ਸੇਵਾ ਕਰ ਕੇ ਕੀ ਕਰਨਾ ਹੈ? ਕਈ ਵਾਰੀ ਗੁਟਕਾ ਲੈ ਕੇ ਪਾਠ ਕਰਦੇ ਹੋਈਏ, ਮਨ ਨੂੰ ਆਲਸ ਪੈ ਜਾਂਦਾ ਹੈ। ਮਨ ਕਹਿੰਦਾ ਹੈ, ਬਸ ਕਰ! ਐਸੇ ਸਮੇਂ ਜਾਂ ਤੇ ਅਸੀਂ ਜ਼ਿਆਦਾਤਰ ਪਾਠ ਜਾਂ ਸੇਵਾ ਛੱਡ ਦੇਂਦੇ ਹਾਂ ਤੇ ਜੇ ਕਰਦੇ ਵੀ ਹਾਂ ਤੇ ਬੱਧਾ-ਚੱਟੀ। ਐਹੋ ਜਿਹੇ ਸਮੇਂ ਐਹੋ ਜਿਹੇ ਖਿਆਲ ਬਣਾਇਆ ਕਰੋ ਕਿ ਮਨ! ਹੁਣ ਤੂੰ ਮੇਰਾ ਨਹੀਂ ਰਿਹਾ, ਮੈਂ ਹੁਣ ਤੈਨੂੰ ਗੁਰੂ ਦਾ ਬਣਾ ਦਿੱਤਾ ਹੈ, ਮੈਂ ਤੈਨੂੰ ਹੁਣ ਗੁਰੂ ਨੂੰ ਸੌਂਪ ਚੁਕਾ ਹਾਂ, ਤੂੰ ਹੁਣ ਗੁਰੂ ਦਾ ਹੋ ਚੁਕਾ ਹੈਂ! ਐਹੋ ਜਿਹੇ ਖਿਆਲ ਨਾਲ ਹੋ ਸਕਦਾ ਹੈ, ਫਿਰ ਤੁਹਾਡੇ ਅੰਦਰ ਚੜ੍ਹਦੀ ਕਲਾ ਆ ਜਾਵੇ।

ਜਿਸ ਤਰ੍ਹਾਂ ਗੱਡੀ ਖੜਾਕ ਵਗੈਰਾ ਕਰੇ ਜਾਂ ਕੋਈ ਹੋਰ ਨੁਕਸ ਪੈ ਜਾਵੇ ਤਾਂ ਉਸ ਨੂੰ ਸਰਵਿਸ ਦੀ ਲੋੜ ਹੁੰਦੀ ਹੈ, ਸਰਵਿਸ ਤੋਂ ਬਾਅਦ ਉਹ ਫਿਰ ਠੀਕ-ਠਾਕ ਚੱਲਣੀ ਸ਼ੁਰੂ ਹੋ ਜਾਂਦੀ ਹੈ ਇਸੇ ਤਰ੍ਹਾਂ ਸਾਡੇ ਮਨ ਦੀ ਸਰਵਿਸ ਸੰਗਤ ਵਿਚ ਜਾ ਕੇ ਹੁੰਦੀ ਹੈ। ਸਾਡਾ ਮਨ ਵੀ ਕਈ ਵਾਰੀ ਗੁਰੂ ਦੇ ਕੰਮਾਂ ਤੋਂ ਢਿੱਲਾ ਪੈ ਰਿਹਾ ਹੁੰਦਾ ਹੈ ਤੇ ਜਦੋਂ ਇਸ ਨੂੰ ਸੰਗਤ ਮਿਲੇ, ਸਤਿ ਪੁਰਸ਼ਾਂ ਦੀਆਂ ਵਿਚਾਰਾਂ ਮਿਲਣ, ਫਿਰ ਚੜ੍ਹਦੀ ਕਲਾ ਵਿਚ ਚਲਾ ਜਾਂਦਾ ਹੈ। ਇਸ ਲਈ ਭਲੇ ਪੁਰਸ਼ਾਂ ਦੀ, ਸਤਿ ਪੁਰਸ਼ਾਂ ਦੀ ਸੰਗਤ ਜ਼ਰੂਰ ਕਰਿਆ ਕਰੋ! ਗੁਰੂ ਸਾਹਿਬਾਂ ਦਾ ਜੀਵਨ, ਗੁਰੂ ਦੇ ਲਾਡਲੇ ਰੰਗੇ ਹੋਏ ਸਿੱਖਾਂ ਦਾ ਜੀਵਨ ਪੜ੍ਹ, ਸੁਣ ਕੇ ਬਾਣੀ

ਪੜ੍ਹਨ, ਸੇਵਾ ਕਰਨ ਦਾ ਉਤਸ਼ਾਹ ਢਹਿੰਦੀ ਕਲਾ ਵੱਲ ਜਾ ਰਿਹਾ ਹੋਵੇ ਤਾਂ ਉਨ੍ਹਾਂ ਦੀਆਂ ਵਿਚਾਰਾਂ ਮਨ 'ਚ ਆਉਣ ਨਾਲ ਫਿਰ ਤੋਂ ਸਾਡੇ ਮਨ ਵਿਚ ਉਤਸ਼ਾਹ ਆ ਜਾਂਦਾ ਹੈ।

ਇਕ ਵਾਰੀ ਅਸੀਂ ਸੰਗਤ ਨਾਲ ਗੋਇੰਦਵਾਲ ਸਾਹਿਬ ਜਾ ਰਹੇ ਸੀ, ਪੈਦਲ ਯਾਤਰਾ। ਤੁਰਦੇ-ਤੁਰਦੇ ਬੜਾ ਥੱਕ ਗਿਆ। ਇਕਦਮ ਜਿਵੇਂ ਸੁਰਤੀ ਨਾਲ ਗਿਆਨ ਮਿਲਦਾ ਹੈ, ਗੁਰੂ ਅਮਰਦਾਸ ਜੀ ਦੇ ਜੀਵਨ ਦੀ ਰੀਲ੍ਹ ਅੰਦਰ ਚੱਲ ਪਈ। ਗੁਰੂ ਅਮਰਦਾਸ ਜੀ ੧੨ ਸਾਲ ਲਗਾਤਾਰ ਰੋਜ਼ ਪੈਦਲ ਜਾਂਦੇ ਰਹੇ। ਤੂੰ ਤੇ ਕਿਧਰੇ ਇਕ ਵਾਰੀ ਜਾ ਰਿਹਾ ਹੈਂ! ਗੁਰੂ ਅਮਰਦਾਸ, ਤੇਰਾ ਪਿਤਾ 2½ ਮਣ ਦੀ ਗਾਗਰ ਸਿਰ 'ਤੇ ਚੁੱਕ ਕੇ ਜਾਂਦਾ ਸੀ ਤੇ ਤੂੰ ਤੇ ਖਾਲੀ ਸਰੀਰ ਲੈ ਕੇ ਜਾ ਰਿਹਾ ਹੈਂ (ਕਿਉਂਕਿ ਇਕ ਟਰਾਲੀ ਰੱਖੀ ਹੋਈ ਸੀ ਨਾਲ, ਬੈਗ ਜਾਂ ਹੋਰ ਜੋ ਵੀ ਕੋਈ ਸਾਮਾਨ ਵਗੈਰਾ ਸੀ ਸਭ ਉਸ ਵਿਚ ਸੀ।)! ਤੇਰੇ ਪਿਤਾ ਗੁਰੂ ਅਮਰਦਾਸ ਦੀ ਉਮਰ ੭੨ ਸਾਲ ਪਰ ਤੇਰੀ ਉਮਰ ਤੇ ੩੫-੩੬ ਸਾਲ ਹੈ! ਇਨ੍ਹਾਂ ਵਿਚਾਰਾਂ ਦੇ ਆਉਂਦਿਆਂ ਹੀ ਮਨ ਨੂੰ ਫਿਰ ਉਤਸ਼ਾਹ ਮਿਲ ਗਿਆ।

ਸਭ ਤੋਂ ਜ਼ਰੂਰੀ ਤੇ ਸਹੀ ਤੇ ਅਸਾਨ ਤਰੀਕਾ---- ਗੁਰੂ ਦੇ ਚਰਨਾਂ 'ਚ ਅਰਦਾਸ। ਢਹਿ ਪਿਆ ਕਰੋ ਗੁਰੂ ਦੇ ਚਰਨਾਂ ਵਿਚ! ਗੁਰੂ ਬਾਂਹ ਫੜਦਾ ਹੈ। ਉਸ ਕੋਲ ਕਈ ਤਰੀਕੇ ਹਨ ਸੇਵਕ ਨੂੰ ਰੱਖਣ ਦੇ। ਉਹ ਡਿੱਗਣ ਨਹੀਂ ਦੇਂਦਾ, ਉਹ ਡੋਲਣ ਤੋਂ ਬਚਾਉਂਦਾ ਹੈ। ਉਸ ਦੇ ਕੌਤਕ ਹੈਰਾਨ ਕਰਨ ਵਾਲੇ ਹੁੰਦੇ ਹਨ। ਉਹ ਸਰਬ ਕਲਾ ਸਮਰੱਥ ਹੈ ਤੇ ਆਪ ਆਪਣੀ ਕਿਰਪਾ ਕਰ ਕੇ, ਬਖਸ਼ਿਸ਼ ਕਰ ਕੇ ਚੜ੍ਹਦੀ ਕਲਾ ਬਖਸ਼ਦਾ ਹੈ।

ਜੀਵਨ ਦਾ ਸਹੀ ਅਨੰਦ ਪਰਮਾਤਮਾ ਦੇ ਮਿਲਾਪ ਵਿਚ ਹੈ। ਅਸੀਂ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਸਤਿ ਪੁਰਸ਼ਾਂ ਦੀਆਂ ਅਨਮੋਲ ਜੁਗਤੀਆਂ ਨੂੰ ਪੜ੍ਹ ਤਾਂ ਲਿਆ ਪਰ ਇਨ੍ਹਾਂ ਜੁਗਤੀਆਂ ਨੂੰ ਕੇਵਲ ਪੜ੍ਹ ਲੈਣ ਨਾਲ ਤਾਂ ਅਸੀਂ ਪ੍ਰਮੇਸ਼ਰ ਦਾ ਮਿਲਾਪ ਹਾਸਲ ਨਹੀਂ ਕਰ ਸਕਦੇ! ਇਸ ਦੇ ਲਈ ਜ਼ਰੂਰੀ ਹੈ, ਇਨ੍ਹਾਂ ਜੁਗਤੀਆਂ ਮੁਤਾਬਕ ਚੱਲਿਆ ਵੀ ਜਾਵੇ। ਪ੍ਰਮੇਸ਼ਰ ਦੀ ਪ੍ਰਾਪਤੀ ਕਰਨੀ- ਇਹ ਕੋਈ ਕਾਹਲ ਦਾ ਕੰਮ ਨਹੀਂ, ਇਹ ਕੋਈ ਦਿਨਾਂ, ਹਫਤਿਆਂ ਜਾਂ ਮਹੀਨਿਆਂ ਦੀ ਗੱਲ ਨਹੀਂ। ਹਠ ਯੋਗ ਨਾਲ ਨਹੀਂ ਬਲਕਿ ਸਹਜੇ-ਸਹਿਜੇ ਗੁਰੂ-ਕਿਰਪਾ

ਦੁਆਰਾ ਮੰਜ਼ਿਲਾਂ ਤਹਿ ਹੁੰਦੀਆਂ ਹਨ। ਅਸੀਂ ਕਿੰਨੀ ਵੀ ਬਾਣੀ ਪੜ੍ਹੀ ਜਾਈਏ, ਸੰਗਤ ਕਰੀ ਜਾਈਏ, ਸੰਤਾਂ-ਮਹਾਂ ਪੁਰਸ਼ਾਂ ਦੇ ਬਚਨ ਪੜ੍ਹੀ ਤੇ ਸੁਣੀ ਜਾਈਏ, ਜੇ ਅਸੀਂ ਉਨ੍ਹਾਂ ਉੱਤੇ ਚੱਲਦੇ ਨਹੀਂ, ਆਪਣੇ ਅੰਦਰ ਦੇ ਦੋਸ਼ਾਂ ਨੂੰ ਲੱਭ ਕੇ ਉਨ੍ਹਾਂ ਨੂੰ ਕੱਢਦੇ ਨਹੀਂ ਤਾਂ ਕਈ ਸਾਲਾਂ ਬਾਅਦ ਵੀ ਅਸੀਂ ਖਾਲੀ ਦੇ ਖਾਲੀ ਹੀ ਰਹਿ ਜਾਵਾਂਗੇ।

ਅਸੀਂ ਕਈ ਵਾਰੀ ਸੋਚਦੇ ਹਾਂ ਕਿ ਅਸੀਂ ਬਹੁਤ ਕੁਝ ਕਰ ਰਹੇ ਹਾਂ, ਪਰ ਅਕਸਰ ਅਸੀਂ ਦੇਖਦੇ ਹਾਂ, ਅਸੀਂ ਜਿੱਥੋਂ ਚਲੇ ਸੀ, ਉਥੇ ਦੇ ਉਥੇ ਹੀ ਖੜ੍ਹੇ ਹਾਂ, ਸਾਡੇ ਕਦਮ ਜ਼ਰਾ ਆਪਣੀ ਮੰਜ਼ਿਲ ਦੇ ਨੇੜੇ ਨਹੀਂ ਪਹੁੰਚੇ ਬਲਕਿ ਮੰਜ਼ਿਲ ਤੋਂ ਹੋਰ ਦੂਰ ਹੁੰਦੇ ਚਲੇ ਜਾ ਰਹੇ ਹਾਂ। ਸ਼ਾਂਤੀ, ਸਹਿਜ ਤੋਂ ਹੋਰ ਦੂਰ ਹੁੰਦੇ ਚਲੇ ਜਾ ਰਹੇ ਹਾਂ। ਭਾਈ ਵੀਰ ਸਿੰਘ ਜੀ- ਸਿਮਰਨ ਦੇ ਅਭਿਆਸ ਨਾਲ ਤੁਸੀਂ ਪਰਮਾਰਥ ਦੇ ਰਸਤੇ 'ਤੇ ਤਰੱਕੀ ਕਰ ਰਹੇ ਹੋ ਕਿ ਨਹੀਂ(?) ਇਸ ਦੀਆਂ ਕੁਝ ਨਿਸ਼ਾਨੀਆਂ ਦੱਸਦੇ ਹਨ- ਇਕ ਵਾਰੀ ਵਾਹਿਗੁਰੂ ਕਹਿ ਕੇ ਫੇਰ ਵਾਹਿਗੁਰੂ ਕਹਿਣ ਨੂੰ ਚਿੱਤ ਕਰੇ, ਨਾਮ ਵਿਚ ਦਿਨ ਪ੍ਰਤੀ ਦਿਨ ਭਰੋਸਾ ਵਧੇ, ਦਿਲ ਵਿਚ ਇਕ ਨੁਕਤੇ 'ਤੇ ਠੰਢ ਜਿਹੀ ਭਾਸੇ; ਵਿਕਾਰ, ਬੁਰਿਆਈਆਂ ਘਟਦੀਆਂ ਜਾਣ ਤਾਂ ਸਮਝ ਲੈਣਾ, ਸਾਡੇ ਕਦਮ ਇਸ ਰਸਤੇ 'ਤੇ ਅਗਾਂਹ ਦੀ ਤਰਫ ਵਧ ਰਹੇ ਹਨ। ਜ਼ਰੂਰ ਕਦੀ-ਕਦੀ ਬੈਠ ਕੇ ਆਪਣੇ ਮਨ ਨਾਲ ਵਿਚਾਰ ਕਰਿਆ ਕਰੋ ਕਿ ਅਸੀਂ ਕਿੰਨਾ ਕੁ ਅਗਾਂਹ ਵਧੇ ਹਾਂ, ਸਾਡਾ ਮਨ ਕਿੱਥੋਂ ਤਕ, ਪ੍ਰਭੂ-ਚਰਨਾਂ ਵਿਚ ਲੀਨ ਹੁੰਦਾ ਹੈ, ਸਾਡੇ ਅੰਦਰ ਉਸ ਦੇ ਨਾਮ ਦੀ ਕਿੰਨੀ ਕੁ ਮਸਤੀ ਆਉਂਦੀ ਹੈ? ਅਸੀਂ ਵਪਾਰ ਕਰਦੇ ਹਾਂ, ਸਾਲ ਪਿੱਛੋਂ ਪਤਾ ਲਗਾਉਂਦੇ ਹਾਂ ਕਿ ਕਿੰਨਾ ਨਫਾ ਹੋਇਆ ਹੈ, ਕਿੰਨਾ ਘਾਟਾ ਹੋਇਆ ਹੈ। ਕੀ ਕਦੀ ਇਹ ਵੀ ਸੋਚਿਆ ਹੈ ਕਿ ਜੀਵਨ ਦਾ ਵਪਾਰ ਕਿੰਨਾ ਵੱਡਾ ਵਪਾਰ ਹੈ? ਕਿਧਰੇ ਐਸਾ ਨਾ ਹੋਵੇ ਕਿ ਸਾਨੂੰ ਘਾਟਾ ਪੈ ਜਾਵੇ! ਇਸ ਤੱਤ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਹੈ ਕਿ ਅਸੀਂ ਸੰਸਾਰ ਵਿਚ ਕੀ ਕਰਨ ਆਏ ਹਾਂ, ਆਪਣੀ ਮੰਜ਼ਿਲ ਦਾ ਹਰ ਸਮੇਂ ਧਿਆਨ ਰੱਖਣਾ ਹੈ ਤੇ ਅਗਾਂਹ ਵਧਣਾ ਹੈ।

ਜਿਸ ਨੇ ਮਹਾਂ ਪੁਰਸ਼ਾਂ, ਜਿਨ੍ਹਾਂ ਨੇ ਮੰਜ਼ਿਲ ਨੂੰ ਪ੍ਰਾਪਤ ਕੀਤਾ ਹੈ, ਉਨ੍ਹਾਂ ਦੁਆਰਾ ਦੱਸੀਆਂ ਜੁਗਤੀਆਂ ਮੁਤਾਬਕ ਚੱਲਣਾ ਸ਼ੁਰੂ ਕਰ ਦਿੱਤਾ, ਆਪਣੇ

ਦੋਸ਼ਾਂ, ਆਪਣੀਆਂ ਕਮੀਆਂ ਦਾ ਧਿਆਨ ਰੱਖਣਾ ਸ਼ੁਰੂ ਕਰ ਦਿੱਤਾ, ਸਮਝੋ ਕਿ ਉਸ ਨੇ ਆਪਣਾ ਮਾਰਗ ਲੱਭ ਕੇ ਉਸ ਉੱਤੇ ਚੱਲਣਾ ਸ਼ੁਰੂ ਕਰ ਦਿੱਤਾ! ਜਦੋਂ ਅਸੀਂ ਆਪਣੇ ਔਗੁਣਾਂ ਨੂੰ ਤੱਕ ਲੈਂਦੇ ਹਾਂ, ਆਪਣੀਆਂ ਕਮੀਆਂ ਨੂੰ ਸਮਝ ਜਾਂਦੇ ਹਾਂ ਤੇ ਫਿਰ ਉਨ੍ਹਾਂ ਔਗੁਣਾਂ ਨੂੰ ਆਪਣੀ ਜ਼ਿੰਦਗੀ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰਦੇ ਹਾਂ, ਆਪਣੀਆਂ ਕਮੀਆਂ ਨੂੰ ਦੂਰ ਕਰਨ ਦਾ ਯਤਨ ਕਰਦੇ ਹਾਂ ਚਾਹੇ ਹੌਲੀ-ਹੌਲੀ ਹੀ ਸਹੀ, ਫਿਰ ਜ਼ਰੂਰ ਅਗਾਂਹ ਵਧਦੇ ਜਾਵਾਂਗੇ। ਅਗਾਂਹ ਵਧਦੇ-ਵਧਦੇ ਹੋ ਸਕਦਾ ਹੈ, ਅਸੀਂ ਕਈ ਵਾਰੀ ਡਿੱਗ ਵੀ ਪਈਏ। ਮਹਾਂ ਪੁਰਸ਼ਾਂ ਦੇ ਬਚਨ ਹਨ--- ਡਿੱਗਣਾ ਮਾੜਾ ਨਹੀਂ, ਡਿੱਗ ਕੇ ਫਿਰ ਨਾ ਚੱਲਣਾ ਬੜੀ ਵੱਡੀ ਭੁੱਲ ਹੈ।

ਪਰਮਾਰਥ ਦੇ ਰਸਤੇ 'ਤੇ ਚੱਲਦੇ ਸੁਰਤ ਵਿਚ ਉਤਾਰ-ਚੜ੍ਹਾਅ ਆਉਂਦਾ ਹੀ ਰਹਿੰਦਾ ਹੈ ਜੋ ਕਿ ਆਤਮਕ ਜ਼ਿੰਦਗੀ ਵਾਸਤੇ ਜ਼ਰੂਰੀ ਵੀ ਹੈ। ਇਸ ਤੋਂ ਘਬਰਾਉਣਾ ਨਹੀਂ ਚਾਹੀਦਾ। ਨਾਮ ਜਪਣ ਵਾਲੇ, ਪ੍ਰਮੇਸ਼ਰ ਦੇ ਰਾਹ 'ਤੇ ਤੁਰਨ ਵਾਲੇ ਕਈ ਵਾਰੀ ਆਪਣੇ ਪਹਿਲੇ ਬਣ ਗਏ ਸੁਭਾਅ ਕਾਰਨ ਭੁੱਲਾਂ ਕਰ ਬੈਠਦੇ ਹਨ। ਆਪਣੇ ਅੰਦਰ ਝਾਤੀ ਮਾਰਦੇ ਰਿਹਾ ਕਰੋ ਤੇ ਜੋ ਮਾੜੇਪਣ ਦੇ ਬੀਜ ਦਿੱਸਣ ਉਨ੍ਹਾਂ ਨੂੰ ਕੱਢਦੇ ਰਿਹਾ ਕਰੋ! ਜੇ ਅਸੀਂ ਆਪਣੇ ਦੋਸ਼ਾਂ ਨੂੰ ਦੇਖਣ ਲੱਗ ਪਵਾਂਗੇ ਤਾਂ ਸਾਡੇ ਦੋਸ਼ਾਂ ਦਾ ਸੁਧਾਰ ਹੋ ਜਾਵੇਗਾ। ਜਿੰਨਾ ਚਿਰ ਦੋਸ਼ਾਂ ਦੀ ਸੋਝੀ ਨਹੀਂ ਹੁੰਦੀ ਉਨਾ ਚਿਰ ਸਾਡੇ ਅੰਦਰ ਆਪਣੇ ਦੋਸ਼ਾਂ ਨੂੰ ਦੂਰ ਕਰਨ ਦਾ ਖਿਆਲ ਵੀ ਪੈਦਾ ਨਹੀਂ ਹੋ ਸਕਦਾ।

ਜਿਸ ਇਨਸਾਨ ਨੂੰ ਗਲਤੀ ਕਰਨ ਪਿੱਛੋਂ ਆਪਣੇ ਦੋਸ਼ਾਂ ਦਾ ਗਿਆਨ ਹੀ ਨਹੀਂ ਹੁੰਦਾ, ਉਹ ਕਦੀ ਵੀ ਅਗਾਂਹ ਨਹੀਂ ਵਧ ਸਕਦਾ। ਭਾਵੇਂ ਅਸੀਂ ਸਾਰਾ ਜਨਮ ਹੀ ਸੰਗਤ ਕਰਦੇ ਰਹੀਏ, ਮਹਾਂ ਪੁਰਸ਼ਾਂ ਦੇ ਬਚਨ ਪੜ੍ਹਦੇ-ਸੁਣਦੇ ਰਹੀਏ ਪਰ ਜੇ ਉਨ੍ਹਾਂ ਨੂੰ ਹਿਰਦੇ ਵਿਚ ਨਹੀਂ ਵਸਾਉਂਦੇ, ਉਨ੍ਹਾਂ 'ਤੇ ਅਮਲ ਨਹੀਂ ਕਰਦੇ ਤਾਂ ਸਾਡਾ ਜਨਮ ਵਿਅਰਥ ਚਲਾ ਜਾਵੇਗਾ, ਅਸੀਂ ਆਪਣੀ ਮੰਜ਼ਿਲ ਨੂੰ ਨਹੀਂ ਪਾ ਸਕਾਂਗੇ। ਸਾਨੂੰ ਜੋ ਇਹ ਮਨੁੱਖੀ ਜਾਮਾ ਮਿਲਿਆ ਹੈ, ਇਸ ਦਾ ਪੂਰਾ ਲਾਭ ਲੈਣ ਲਈ, ਮੰਜ਼ਿਲ ਵੱਲ ਵਧਣ ਦੀ ਕੋਸ਼ਿਸ਼ ਕਰਨੀ ਹੈ।

ਜਿਸ ਤਰ੍ਹਾਂ ਸਾਈਕਲ ਵਿਚ ਹਵਾ ਭਰੋ, ਹਵਾ ਟਿਊਬ ਵਿਚ ਕਾਇਮ

ਨਾ ਰਹੇ, ਤਾਂ ਅਸੀਂ ਸਮਝ ਜਾਂਦੇ ਹਾਂ ਕਿ ਇਸ ਦੇ ਅੰਦਰ ਪੰਚਰ (ਛੇਕ) ਹੈ--- ਕੀ ਕਦੀ ਅਸੀਂ ਬੈਠ ਕੇ ਆਪਣੇ ਮਨ ਨਾਲ ਇਹ ਸੋਚਿਆ ਹੈ ਕਿ ਕਈ ਸਾਲ ਹੋ ਗਏ ਸਤਿਸੰਗ ਕਰਦੇ, ਕਈ ਸਾਲ ਹੋ ਗਏ ਨਾਮ ਦੀ ਹਵਾ ਭਰਦੇ, ਕੀ ਸਾਡੇ ਅੰਦਰ ਪ੍ਰਭੂ ਦਾ ਵਾਸਾ ਹੋਇਆ ਹੈ ਕਿ ਨਹੀਂ, ਅਨੇਕਾਂ ਸਾਲ ਹੋ ਗਏ ਬਾਣੀ ਪੜ੍ਹਦੇ, ਨਾਮ ਜਪਦੇ, ਕੀ ਸਾਡੇ ਅੰਦਰ ਨਾਮ ਠਹਿਰਿਆ ਵੀ ਹੈ ਕਿ ਨਹੀਂ, ਅਨੇਕਾਂ ਸਾਲ ਹੋ ਗਏ ਗੁਰੂ-ਗੁਰੂ ਕਰਦੇ ਪਰ ਕੀ ਸਾਡੇ ਹਿਰਦੇ ਵਿਚ ਗੁਰੂ ਵੱਸਿਆ ਵੀ ਹੈ ਕਿ ਨਹੀਂ? ਜੇ ਜਵਾਬ 'ਨਹੀਂ' ਹੈ ਤਾਂ ਸਮਝ ਲੈਣਾ ਕਿ ਸਾਡੇ ਹਿਰਦੇ ਅੰਦਰ ਵੀ ਕੋਈ ਪੰਚਰ ਜ਼ਰੂਰ ਹੈ! ਇਕ ਮਾਮੂਲੀ ਜਿਹਾ ਵੀ ਛੇਕ ਰਹਿ ਜਾਵੇ ਤਾਂ ਸਾਰੀ ਦੀ ਸਾਰੀ ਹਵਾ ਬਾਹਰ ਨਿਕਲ ਜਾਂਦੀ ਹੈ। ਨਾ ਜਾਣੇ ਸਾਡੇ ਹਿਰਦੇ ਅੰਦਰ ਦੋਸ਼ਾਂ ਦੇ ਕਿੰਨੇ ਕੁ ਛੇਕ ਹਨ! ਫਿਰ ਇਸ ਦੇ ਅੰਦਰ ਨਾਮ ਕਿੱਥੋਂ ਠਹਿਰੇ? ਜਦ ਤਕ ਇਨ੍ਹਾਂ ਛੇਕਾਂ ਨੂੰ ਬੰਦ ਨਹੀਂ ਕਰੋਗੇ, ਅੰਦਰ ਨਾਮ ਨਹੀਂ ਠਹਿਰੇਗਾ; ਸ਼ਾਂਤੀ, ਸਹਿਜ, ਅਨੰਦ ਦੀ ਪ੍ਰਾਪਤੀ ਨਹੀਂ ਹੋਵੇਗੀ। ਘੜੇ ਅੰਦਰ ਛੇਕ ਹੋਵੇ ਤਾਂ ਜਿਤਨਾ ਮਰਜ਼ੀ ਸਾਫ ਪਾਣੀ, ਦੁੱਧ, ਚਾਹੇ ਅੰਮ੍ਰਿਤ ਉਸ ਵਿਚ ਪਾਈ ਜਾਵੋਂ, ਉਹ ਠਹਿਰੇਗਾ ਨਹੀਂ, ਕੁਝ ਸਮੇਂ 'ਚ ਹੀ ਘੜਾ ਖਾਲੀ ਹੋ ਜਾਵੇਗਾ। ਚਾਹੀਦਾ ਤਾਂ ਇਹ ਹੈ ਕਿ ਪੰਧ ਉੱਤੇ ਚੱਲਦੇ-ਚੱਲਦੇ ਮੰਜ਼ਿਲ ਦੇ ਨਜ਼ਦੀਕ ਹੁੰਦੇ ਜਾਈਏ।

ਪਰ ਕਈ ਵਾਰੀ ਐਸਾ ਹੁੰਦਾ ਹੈ ਕਿ ਜਦੋਂ ਅਸੀਂ ਆਪਣੇ ਅੰਦਰ ਝਾਤੀ ਮਾਰੀਏ ਤਾਂ ਮਹਿਸੂਸ ਹੁੰਦਾ ਹੈ ਕਿ ਅਨੇਕਾਂ ਸਾਲ ਹੋ ਗਏ ਕਰਮ ਕਰਦੇ-ਕਰਦੇ, ਪਰ ਅਸੀਂ ਉਥੇ ਦੇ ਉਥੇ ਹੀ ਖੜ੍ਹੇ ਹਾਂ। ਨਾਮ ਜਪਣਾ ਤੇ ਆਪਣੇ ਔਗੁਣਾਂ ਨੂੰ ਦੂਰ ਕਰਨਾ- ਇਹ ਦੋਵੇਂ ਹੀ ਗੱਲਾਂ ਹਨ ਤਾਂ ਬਹੁਤ ਕਠਿਨ, ਪਰ ਗੁਰੂ ਦੀ ਟੇਕ ਧਾਰ ਕੇ ਲੱਗੇ ਰਹਿਣ ਨਾਲ ਗੁਰੂ ਸਹਾਇਤਾ ਕਰਦਾ ਹੈ। ਜੇ ਗੁਰੂ ਵਾਲੇ ਬੰਨੇ ਤੁਰੇ ਹੋ, ਫਿਰ ਪਿੱਛੇ ਨਹੀਂ ਹਟਣਾ, ਆਪਣੀ ਮੰਜ਼ਿਲ ਦਾ ਹਰ ਸਮੇਂ ਧਿਆਨ ਰੱਖਣਾ ਹੈ ਤੇ ਅਗਾਂਹ ਵਧਣ ਦਾ ਯਤਨ ਕਰਨਾ ਹੈ।

ਮਨ ਬੜਾ ਚੰਚਲ ਹੈ। ਜਗਤ ਦੀਆਂ ਮਨਮੋਹਕ ਖਿੱਚਾਂ ਵੱਲ ਉੱਡ ਕੇ ਇਹ ਆਪਣੀ ਮੰਜ਼ਿਲ ਨੂੰ ਭੁੱਲ ਜਾਂਦਾ ਹੈ। ਉਨ੍ਹਾਂ ਦੇ ਵੱਸ ਪੈ ਕੇ ਡਿੱਗਦਾ-ਢਹਿੰਦਾ ਰਹਿੰਦਾ ਹੈ। ਮਨ ਨੂੰ ਸਮਝਾਉਣਾ ਹੈ ਕਿ ਇਸ ਸੰਸਾਰ ਨਾਲ ਕੀ

ਪਿਆਰ ਪਾਉਣਾ (?), ਇਹ ਤੇ ਝੂਠਾ ਹੈ! ਗੁਰੂ ਨਾਲ ਪ੍ਰੀਤ ਕਰ ਕੇ ਲੋਕ-ਪਰਲੋਕ ਸੁਖੀ ਸੁਹੇਲਾ ਕਰੀਏ! ਆਪਣੇ ਵੱਸ ਨਹੀਂ, ਗੁਰੂ ਸਾਹਿਬ ਦੇ ਚਰਨਾਂ 'ਚ ਅਰਦਾਸ ਕਰੀਏ, ਗੁਰੂ ਸਾਹਿਬ ਆਪ ਹੀ ਕਿਰਪਾ ਕਰਨ, ਬਖਸ਼ਿਸ਼ ਕਰਨ, ਰਹਿਮਤ ਕਰਨ ਤਾਂ ਕਿ ਅਸੀਂ ਮੰਜ਼ਿਲ ਦੀ ਪ੍ਰਾਪਤੀ ਕਰ ਸਕੀਏ, ਪਰਮ ਸ਼ੁੱਧ ਨੂੰ ਪ੍ਰਾਪਤ ਕਰ ਸਕੀਏ। ਗੁਰੂ ਨਾਲ ਪ੍ਰੇਮ ਕਰ ਕੇ, ਬੇਨਤੀਆਂ ਕਰ ਕੇ ਸਤਿਗੁਰੂ ਦੀ ਕਿਰਪਾ ਦੇ ਪਾਤਰ ਬਣੀਦਾ ਹੈ। ਨਾਮ ਵਿਚ ਲੱਗੇ ਰਹੋ, ਸਹਿਜੇ-ਸਹਿਜੇ ਸਭ ਕੁਝ ਹੋ ਜਾਵੇਗਾ। ਨਾਮ ਪ੍ਰੇਮ-ਭਾਵਨਾ ਨਾਲ ਜਪਣਾ ਹੈ। ਥੋੜ੍ਹੀ ਦੇਰ ਕਮਾਈ ਕਰਨ ਤੋਂ ਬਾਅਦ ਘਬਰਾ ਨਹੀਂ ਜਾਣਾ ਕਿ ਕੁਝ ਪੱਲੇ ਨਹੀਂ ਪੈਂਦਾ! ਸਬਰ-ਸੰਤੋਖ ਦਾ ਰਾਹ ਫੜਨਾ ਹੈ। ਸਿਦਕ-ਭਰੋਸਾ ਰੱਖਣਾ ਹੈ। ਭਗਤੀ ਦਾ ਕੋਈ ਅੰਤ ਨਹੀਂ, ਇਹ ਤਾਂ ਸਮੁੱਚੇ ਜੀਵਨ ਦਾ ਹੀ ਕੰਮ ਹੈ। ਅਗਲੀ ਅਵਸਥਾ ਤਕ ਪਹੁੰਚਣ ਲਈ ਘਬਰਾਉਣਾ ਨਹੀਂ ਚਾਹੀਦਾ। ਜੇ ਅਗਲੀ ਅਵਸਥਾ ਦੀ ਪ੍ਰਾਪਤੀ ਨਹੀਂ ਹੋਈ ਤੇ ਘਬਰਾਉਣਾ ਨਹੀਂ ਕਿ ਬਹੁਤ ਸਮਾਂ ਹੋ ਗਿਆ ਹੈ, ਇੱਕੋ ਅਵਸਥਾ ਵਿਚ ਵਿਚਰਦਿਆਂ, ਅਗਲੀ ਅਵਸਥਾ ਨਹੀਂ ਮਿਲੀ ਤਾਂ ਸਬਰ-ਸੰਤੋਖ ਨਾਲ ਬਖਸ਼ਿਸ਼ ਦੀ ਉਡੀਕ ਕਰਨੀ ਹੈ। ਗੁਰੂ ਸਾਹਿਬ ਦੇ ਚਰਨਾਂ 'ਚ ਹਮੇਸ਼ਾਂ ਅਰਦਾਸ ਕਰਨੀ ਹੈ ਕਿ ਸਤਿਗੁਰੂ! ਕਿਰਪਾ ਕਰੋ ਸਾਡੇ ਹਿਰਦੇ ਵਿਚ ਵੱਸੋ, ਆਪਣੇ ਨਾਮ ਦੀ ਦਾਤ ਬਖਸ਼ੋ, ਆਪਣੇ ਚਰਨਾਂ ਨਾਲ ਜੋੜੋ, ਆਪਣੀ ਪ੍ਰੀਤ ਬਖਸ਼ੋ, ਪ੍ਰੇਮ ਬਖਸ਼ੋ! ਬਹੁਤ ਜਨਮ ਤੋਂ ਤੁਹਾਡੇ ਤੋਂ ਵਿੱਛੜੇ ਹਾਂ, ਕਿਰਪਾ ਕਰੋ ਇਸ ਜਨਮ ਵਿਚ ਤਾਂ ਮਿਲ ਪਵੋ! ਦੁਨਿਆਵੀ ਪੜ੍ਹਾਈ ਲਈ, ਡਿਗਰੀਆਂ ਪ੍ਰਾਪਤ ਕਰਨ ਲਈ ਅਸੀਂ ਕਿੰਨੀ ਮਿਹਨਤ ਕਰਦੇ ਹਾਂ! ਕਿਵੇਂ ਆਪਣਾ ਪੂਰਾ ਜ਼ੋਰ ਲਾਉਂਦੇ ਹਾਂ, ਕਿਵੇਂ ਦਿਨ-ਰਾਤ ਇੱਕ ਕਰ ਛੱਡਦੇ ਹਾਂ! ਨਾ ਸੌਣ ਦੀ ਫਿਕਰ ਹੁੰਦੀ ਹੈ ਤੇ ਨਾ ਖਾਣ ਦੀ ਤੇ ਫਿਰ ਜੋ ਸਾਡੀ ਜ਼ਿੰਦਗੀ ਦਾ ਅਸਲੀ ਮੰਤਵ ਹੈ "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ", ਉਸ ਦੀ ਪ੍ਰਾਪਤੀ ਲਈ ਵੀ ਤਾਂ ਯਤਨਸ਼ੀਲ ਹੋਣਾ ਚਾਹੀਦਾ ਹੈ! ਉਸ ਦੀ ਪ੍ਰਾਪਤੀ ਲਈ **ਇਹ ਅਠਵੀਂ ਜੁਗਤੀ ਹੈ ਜਗਿਆਸੂ ਲਈ ਕਿ ਪਰਮਾਰਥ ਦੇ ਕਿਸੇ ਵੀ ਕੰਮ ਨੂੰ ਬੋਝ ਪਾ ਕੇ ਨਾ ਕਰੇ, ਖੁਸ਼ੀ ਅਤੇ ਚੜ੍ਹਦੀ ਕਲਾ ਨਾਲ ਕਰੇ। ਆਸ ਹੈ ਇਹ ਜੁਗਤੀ ਆਪਣੇ**

ਪਰਮਾਰਥ ਦੇ ਰਸਤੇ ਦੀ ਮੰਜ਼ਿਲ ਤਕ ਪਹੁੰਚਣ ਲਈ ਸਹਾਈ ਹੋਵੇਗੀ।

ਨੋਟ:- ਇਹ ਅੱਠ ਜੁਗਤੀਆਂ ਜੋ ਵੇਰਵੇ ਸਹਿਤ ਛਾਪ ਕੇ ਆਪ ਤੱਕ ਪਹੁੰਚਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਦਾਸ ਦੀ ਸੰਗਤ ਨੂੰ ਬੇਨਤੀ ਹੈ ਕਿ ਹਰ ਜੁਗਤੀ ਬਾਰ-ਬਾਰ ਪੜ੍ਹ ਕੇ ਜ਼ਰੂਰ ਅਮਲ ਵਿੱਚ ਲਿਆ ਕੇ ਨਾਮ ਦੀ ਕਮਾਈ ਕਰੋ ਤੇ ਨਾਮ ਦੀ ਕਮਾਈ ਸੰਭਾਲੋ ਤੇ ਆਪ ਮੰਜ਼ਿਲ ਤੱਕ ਪਹੁੰਚੋ, ਦਾਸ ਦੀ ਵੀ ਅਰਦਾਸ ਕਰਨਾ ਤੁਸੀਂ ਆਪਣੀ ਵੀ ਅਰਦਾਸ ਕਰਨਾ, ਕਿ ਮੰਜ਼ਿਲ ਦੀ ਪ੍ਰਾਪਤੀ ਹੋਵੇ।

ਦਾਸਨ ਦਾਸ: ਭਾਈ ਗੁਰਇਕਬਾਲ ਸਿੰਘ

ਮਾਤਾ ਕੌਲਾਂ ਜੀ ਭਲਾਈ ਕੇਂਦਰ (ਟਰੱਸਟ) ਵੱਲੋਂ ਵਿਧਵਾ ਬੀਬੀਆਂ ਦੀ ਮਦਦ ਲਈ ਅਤੇ ਹੋਰ ਭਲੇ ਦੇ ਧਾਰਮਿਕ ਕਾਰਜਾਂ ਲਈ ਹੇਠ ਲਿਖੇ ਪ੍ਰੇਰਨਾ ਯੂਨਿਟ ਗੁਰੂ ਮਹਾਰਾਜ ਦੀ ਕਿਰਪਾ ਨਾਲ ਚੱਲ ਰਹੇ ਹਨ।

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ (ਸ੍ਰੀ ਅੰਮ੍ਰਿਤਸਰ, ਹੁਸ਼ਿਆਰਪੁਰ, ਲੁਧਿਆਣਾ, ਦਿੱਲੀ, ਸ਼ਾਹਬਾਦ ਮਾਰਕੰਡਾ, ਕੁਰਾਲੀ, ਮੁੱਛਲ ਪਿੰਡ, ਪੱਟੀ, ਤਰਨ ਤਾਰਨ ਸਾਹਿਬ ਆਦਿ ਹੋਰ ਸ਼ਹਿਰਾਂ ਵਿਚ।
2. ਮਾਤਾ ਕੌਲਾਂ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।
3. ਮਾਤਾ ਕੌਲਾਂ ਜੀ ਸਿਲਾਈ ਸਿਖਲਾਈ ਕੇਂਦਰ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।
4. ਮਾਤਾ ਕੌਲਾਂ ਜੀ ਕੰਪਿਊਟਰ ਸਿਖਲਾਈ ਕੇਂਦਰ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।
5. ਮਾਤਾ ਕੌਲਾਂ ਜੀ ਬੰਦੀ ਛੋੜ ਚੈਰੀਟੇਬਲ ਹਸਪਤਾਲ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।
6. ਮਾਤਾ ਕੌਲਾਂ ਜੀ ਪਬਲਿਕ ਸਕੂਲ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।
7. ਮਾਤਾ ਕੌਲਾਂ ਜੀ ਯਾਤਰੀ ਨਿਵਾਸ, ਨੇੜੇ ਗੁ: ਬਾਬਾ ਅਟੱਲ ਰਾਏ ਸਾਹਿਬ ਜੀ, ਸ੍ਰੀ ਅੰਮ੍ਰਿਤਸਰ।
8. ਮਾਤਾ ਕੌਲਾਂ ਜੀ ਸਿੱਖ ਚੇਤਨਾ ਮਲਟੀ ਮੀਡੀਆ।
9. ਗੁਰਧਾਮ ਦਰਸ਼ਨ ਇਸ਼ਨਾਨ (ਨਿਸ਼ਕਾਮ ਯਾਤਰਾ ਬੱਸ)
10. ਦੋਮਾਹੀ ਧਾਰਮਿਕ ਰਸਾਲਾ (ਪੱਤ੍ਰਿਕਾ) ਸਿਫਤਿ ਸਾਲਾਹ।
11. ਮਾਤਾ ਕੌਲਾਂ ਜੀ ਭਲਾਈ ਮਿਸ਼ਨ ਸ੍ਰੀ ਅੰਮ੍ਰਿਤਸਰ, ਨਿਸ਼ਕਾਮ ਆਨੰਦ ਕਾਰਜ।
12. ਬਾਬਾ ਦੀਪ ਸਿੰਘ ਜੀ ਚੈਰੀਟੇਬਲ ਹਸਪਤਾਲ, ਹਰਨਾਮ ਨਗਰ, ਮਾਡਲ ਟਾਊਨ, ਲੁਧਿਆਣਾ।

13. ਬੀਬੀ ਭਾਨੀ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਹਰਨਾਮ ਨਗਰ, ਮਾਡਲ ਟਾਊਨ, ਲੁਧਿਆਣਾ।

14. ਮਾਤਾ ਸਦਾ ਕੌਰ ਜੀ ਸਿਖਲਾਈ ਕੇਂਦਰ, ਸਰਾਂ ਰੋਡ, ਜੰਡਿਆਲਾ ਗੁਰੂ।

15. ਮਾਤਾ ਕੌਲਾਂ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਸਰਾਂ ਰੋਡ, ਜੰਡਿਆਲਾ ਗੁਰੂ।

16. ਬਾਬਾ ਨੰਦ ਸਿੰਘ ਜੀ ਚੈਰੀਟੇਬਲ ਹਸਪਤਾਲ IN DOOR, ਜੰਡਿਆਲਾ ਗੁਰੂ।

17. ਮਾਤਾ ਕੌਲਾਂ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਮੇਰਠ।

18. ਮਾਤਾ ਕੌਲਾਂ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਅਹਿਮਦਾਬਾਦ।

19. ਮਾਤਾ ਕੌਲਾਂ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਨਾਸਿਕ।

20. ਮਾਤਾ ਕੌਲਾਂ ਜੀ ਵਿਧਵਾ ਬਹਨ ਭਲਾਈ ਕੇਂਦਰ, ਸੂਰਤ।

21. ਸ੍ਰੀ ਗੁਰੂ ਰਾਮਦਾਸ ਜੀ ਭਲਾਈ ਕੇਂਦਰ, ਪਟਿਆਲਾ।

22. ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਯਮਨਾ ਪਾਰ, ਦਿੱਲੀ।

23. ਮਾਈ ਭਾਗੋ ਜੀ ਵਿਧਵਾ ਬਹਨ ਭਲਾਈ ਕੇਂਦਰ, ਤਿਲਕ ਨਗਰ, ਦਿੱਲੀ।

24. ਮਾਤਾ ਨਾਨਕੀ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਸੈਦਾ ਗੇਟ, ਜਲੰਧਰ।

25. ਮਾਤਾ ਸਾਹਿਬ ਕੌਰ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਚੰਡੀਗੜ੍ਹ।

26. ਬਾਬਾ ਜਵਾਹਰ ਸਿੰਘ ਜੀ ਭਲਾਈ ਕੇਂਦਰ (ਬੇਵਾ ਔਰਤਾਂ) ਹੁਸ਼ਿਆਰਪੁਰ।

27. ਭਾਈ ਘਨੱਈਆ ਜੀ ਚੈਰੀਟੇਬਲ ਹਸਪਤਾਲ, ਦੇਹਰਾਦੂਨ।

28. ਮਦਰ ਕੌਲਾਂ ਜੀ ਵੈਲਫੇਅਰ ਸੈਂਟਰ, ਅਮਰੀਕਾ।